Punjabi-English English-Punjabi Dictionary



Compiled by
Dr. K.K. Goswami

Punjabi-English English-Punjabi Dictionary

This compact but comprehensive dictionary has been compiled with the objectives of

1. facilitating communication in both English and Punjabi and
2. increasing one's vocabulary in both languages.

This dictionary is different in that it adopts a truly linguistic approach to Punjabi lexicography. The entries number around 25,000 and cover a wide range of words along with their nuances and subtleties. Idiomatic usages and colloquial expressions have also been included.

A great deal of painstaking effort and research have gone into the publication of this dictionary. Students, teachers and lay persons will find this dictionary not only useful but also practical.

$ 24.95

ਪੰਜਾਬੀ-ਅੰਗਰੇਜ਼ੀ : ਅੰਗਰੇਜ਼ੀ-ਪੰਜਾਬੀ ਕੋਸ਼

PUNJABI-ENGLISH

ENGLISH-PUNJABI

DICTIONARY

Compiled by

Dr. K.K. Goswami



Hippocrene Books, Inc.

New York



Hippocrene Books, Inc.
171 Madison Avenue
New York, NY 10016

Compilation & Arrangement

First Published 2000

Published in arrangement with :

UBS Publishers' Distributors Ltd.
5 Ansari Road, New Delhi-110 002 (India)

Printed in India.

Dedicated to

The Punjabi Speakers

as well as

the lovers of

Punjabi Language and Culture

in

India and abroad.

PREFACE

Punjabi is one of the national languages of multilingual India. It has a long tradition and cultural identity. The vital characteristic of language needs constant change and modification in its vocabulary repository. Therefore, dictionary work is necessary for the development of the language. The present Punjabi-English and English-Punjabi dictionary has been developed on this point of view.

This is a dictionary with a difference in that it makes a truly linguistic approach to Punjabi lexicography. This is a medium sized dictionary having two parts — one from Punjabi to English and second from English to Punjabi. It comprises well over 25,000 entries (round about 11,000 entries from Punjabi and 14,000 entries from English), which one comes across most frequently during contact with people or in literature today. These are explained firstly in main meaning and then in various nuances and their modern renderings are set out in all accuracy. Efforts have also been made to add idioms or idiomatic usages. Meanings of a word have been arranged on the basis of their frequencies. Some words have quite a large number of meanings but some have given exhaustive signification.

This dictionary is meant for a foreign learner but will it also be of immense use to the general reader as well as the students who are called upon to translate in both languages; i.e., English and Punjabi. Hence, this dictionary has a special purpose, that it teaches both Punjabi and English. Rather, it teaches Punjabi to English speakers and English to Punjabi speakers.

There is a lack of standardization in the Punjabi writing system; therefore, we do not find homogeneity in Punjabi spellings. However, the pronunciation of English words has been transcribed in Gurmukhi letters

of Punjabi in the common script, not in the International Phonetic Alphabets System because this dictionary is mainly meant for the common reader and not for the linguists or the language experts and scholars.

The transliteration system adopted for indicating the pronunciation of Punjabi words in the dictionary is based on principles which are, by an large, accepted by modern scholars and Orientalists. Even then, efforts have been made to standardize the spellings and meanings of Punjabi words as prevalent in the standard books. The significant feature of the sound patterns of Punjabi is the existence of the tone. Therefore, Punjabi is also called as a tonal language. The tones are phonetic realizations of pitch and duration which roughly correspond to the gh, jh, ḍh, dh, bh (the aspirated voiced sounds) series of consonants of Hindu and other North Indian languages.

It gives me great pleasure to acknowledge the assistance I have received from a number of Punjabi scholars and speakers. I owe a debt of gratitude to my friends Dr. Thakur Dass and Dr. R.C. Garg who gave fruitful suggestions for this work. I express my love and affections to my children Namrata, Gaurav and Mudita who are always prepared to help me a lot in my academic works.

I express my sincere thanks to Sardar Jaswant Singh 'Ajit' who has not only read the proofs efficiently but has also given valuable suggestions in the finalization of the dictionary.

I am also thankful to M/s Rachna Enterprises, especially Smt. Manorama Aggarwal, who took lot of pain to ensure the correct composing of the dictionary.

Every effort has been made to make the dictionary useful to the learners and translators of Punjabi and English languages.

Dr. K.K. Goswami

Points to be Noted on Transcription of English and Punjabi Pronunciation

1. All main or primary entries have the phonetic transcription but the derived words begining with swing dash (~) are not transcribed because of the economy.

2. Nasalized vowel has mostly been taken as Gurmukhi ਟਿੱਪੀ / ̃/ and ਬਿੰਦੀ / ̇/, as ਚੰਗਾ, ਨੀਂਦਰ. English word 'fund' and 'banned' have been transcribed as ਫੰਡ and ਬੈਂਡ respectively.

3. The addak / ̆/ sign has been used in the germinated or over stressed syllables *e.g.* ਸੱਚ, ਪੱਕਾ.

4. English words ending with 'r' in spelling but pronounced when followed by a vowel sound have been represented as /ਅ*/ *e.g.* brother /ਬਰਅਦਅ*/, here /ਹਿਅ*/. In the middle of the word, 'r' is mostly represented as /:/ *e.g.* pierce /'ਪਿਅ:ਸ/.

5. When a consonant occurs initially in the second syllable as 'measure', it is transcribed as /'ਮੈਜ਼ਅ*/ whereas in 'yes , it is transcribed as /ਯੈੱਸ/. Here, in meas**ure**, ਜ਼ is fricative and in **y**es, ਯ is semivowel.

6. In the word 'Singh' /ਸਿਙ/, **ng** word final combination has been represented by Gurmukhi velar nasal consonant /ਙ/.

7. When an entry is used on different parts of speech with differing pronunciations, the transcriptions are provided after the entry in the order of parts of speech as shown after the transcription, such as Conflict /ਕੋਨਫ਼ਲਿਕਟ, ਕਅਨ'ਫ਼ਲਿਕਟ/. Here /ਕੋਨਫ਼ਲਿਕਟ/ is noun and /ਕਅਨ'ਫ਼ਲਿਕਟ/ is a verb.

8. If a given sound in the transcription is put in the bracket, this sound is often omitted in pronunciation, such as maladjustment /'ਮੈਲਅ'ਜਅੱਸ(ਟ)ਮਅੰਟ/.

9. English distinguishes between the initial consonantal sounds in

the pair 'vent' and 'went' which are transcribed as ਵ਼ and ਵ. A dot under ਵ has been put to make the sound of English fricative V effective possibly.

10. The tone bearing consonants of Punjabi have been transcribed in the traditional style with a diacritic mark upon them, such as gh́, jh́, ḍh́, dh́, bh́ for the common reader, although these can be transcribed as k+tone, ch+tone, ṭ+tone, t+tone and p+tone sounds (such as ḱora, ćhagg, ṭ́ol, t́aan and ṕaajjee respectively) for the linguists, language experts and language teachers. In the final position, they indicate high tone on the preceding vowels and aspiration form is not given, such as ਮਾਘ (maag), ਦੁਧ (dud), ਲਾਭ (laab).

11. Subscript of ਰ /r/ in the clusters of sounds has been used by adding to the bottom of the letters, such as /ਪ੍ਰ/ in ਪ੍ਰੇਮ (prem).

12. Similarly, subscript of ਹ /h/ is added to the letters ਨ੍ਹ, ਲ੍ਹ, ੜ੍ਹ to denote the high tone, such as ਚਿੰਨ੍ਹ (chinnh) sign, ਕਿਲ੍ਹਾ (kilhaa) fort, ਦ੍ਰਿੜ੍ਹਤਾ (driṛhtaa) determination.

13. Subscript of ਵ (w) has also been added to the letter ਸ in some of the Sanskrit borrowings to denote the semivowel's sound, such as ਸ੍ਵਰ, ਸ੍ਵਦੇਸ਼ੀ.

14. The variations found in the vocabulary of Punjabi has also been given in one entry *e.g.* ਉਸਤਾਦਗੀ~ਉਸਤਾਦੀ, ਦੋਸ਼ੀ~ਦੋਖੀ, ਨਾਲਸ਼~ਨਾਲਿਸ਼.

15. The grammatical categories have also been provided after the transcribed phonetic form. But the derived forms have not been provided with the grammatical categories as a measure of economy.

ਸੰਖੇਪ (ਪੰਜਾਬੀ ਵਿਚ)
Abbreviations in Punjabi

ਅਪ੍ਰ	ਅਪ੍ਰਚਲਤ
ਇਤਿ	ਇਤਿਹਾਸਕ
ਸਿਖਿ	ਸਿਖਿਆ-ਸ਼ਾਸਤਰ
ਸੰਗੀ	ਸੰਗੀਤ
ਕਾ	ਕਾਨੂੰਨ
ਕਾਵਿ	ਕਾਵਿਕ, ਕਾਵਿ-ਸ਼ਾਸਤਰ
ਗਣਿ	ਗਣਿਤ
ਚਿਕਿ	ਚਿਕਿਤਸਾ
ਜੀਵ	ਜੀਵ-ਵਿਗਿਆਨ
ਜੋ	ਜੋਤਸ਼
ਤਰਕ	ਤਰਕ-ਸ਼ਾਸਤਰ
ਦਰਸ਼	ਦਰਸ਼ਨ-ਸ਼ਾਸਤਰ
ਧੁਨੀ	ਧੁਨੀ-ਵਿਗਿਆਨ
ਬਹੁ	ਬਹੁਵਚਨ
ਪ੍ਰਾ	ਪ੍ਰਾਚੀਨ
ਬਾਈ	ਬਾਈਬਲ
ਬੋਲ	ਬੋਲ-ਚਾਲ
ਭਾਸ਼ਾ	ਭਾਸ਼ਾ-ਵਿਗਿਆਨ
ਭੂ	ਭੂਗੋਲ
ਭੌ	ਭੌਤਕ-ਵਿਗਿਆਨ
ਮਨੋ	ਮਨੋ-ਵਿਗਿਆਨ
ਰਸਾ	ਰਸਾਇਨ-ਵਿਗਿਆਨ
ਲਾਖ	ਲਾਖਣਕ
ਵਿਆ	ਵਿਆਕਰਣ

Phonetic Transcription of Punjabi words in Roman Script

Vowel (ਸਵਰ)

Punjabi shape	English sign	Matra	Word	
ਅ	a	∅	ਅਮੀਰ (ameer)	ਰਸ (ras)
ਆ	aa	ਾ	ਆਸ (aas)	ਰਾਸ (raas)
ਇ	i	ਿ	ਇਕ (ik)	ਸਿਰ (sir)
ਈ	ee	ੀ	ਈਸਾ (eesaa)	ਰੀਸ (rees)
ਏ	e	ੇ	ਏਲਚੀ(elchee)	ਕੇਸ (kes)
ਐ	ae	ੈ	ਐਸ਼ (aesh)	ਖ਼ੈਰ (khair)
ਉ	u	ੁ	ਉਮਰ (umar)	ਸੁਰ (sur)
ਊ	oo	ੂ	ਊਤ (oot)	ਸੂਮ (soom)
ਓ	o	ੋ	ਓਸ (os)	ਮੋਰ (mor)
ਔ	au	ੌ	ਔਖ (aukh)	ਖ਼ੌਫ਼ (khauf)

Consonant (ਵਿਅੰਜਨ)

Punjabi shape	English sign	Word	
ਸ	s	ਸਸ	(sas)
ਹ	h	ਹਰਮ	(haram)
ਕ	k	ਕਾਰ	(kaar)
ਖ	kh	ਖੀਰ	(kheer)
ਗ	g	ਗਰਮ	(garam)
ਘ	gh'	ਘਰ	(gh'ar)
ਙ	–		–
ਚ	ch	ਚਾਬੀ	(chaabee)
ਛ	chh	ਛੇਤੀ	(chhetee)
ਜ	j	ਜਾਪ	(jaap)
ਝ	jh'	ਝੂਠ	(jh'ooṭ)
ਞ	nj	–	

ਟ	ṭ	ਟਮਾਟਰ	(ṭmaaṭar)
ਠ	ṭh	ਠਾਠ	(ṭhaaṭ)
ਡ	ḍ	ਡਾਕ	(ḍaak)
ਢ	ḍh'	ਢਾਬਾ	(ḍh'aabaa)
ਣ	ṇ	ਲੂਣ	(looṇ)
ਤ	t	ਤੀਰ	(teer)
ਥ	th	ਥਣ	(thaṇ)
ਦ	d	ਦੂਰ	(door)
ਧ	dh'	ਧਰਮ	(dh'aram)
ਨ	n	ਨਰਮ	(naram)
ਪ	p	ਪੁੱਤ	(putt)
ਫ	ph	ਫਾਟਕ	(phaaṭak)
ਬ	b	ਬੀਬਾ	(beebaa)
ਭ	bh'	ਭੋਗ	(bh'og)
ਮ	m	ਮਸ	(mas)
ਯ	y	ਯਾਰੀ	(yaaree)
ਰ	r	ਰਸਮ	(rasam)
ਲ	l	ਲਾਲਾ	(laalaa)
ਵ	v (w)	ਵੈਰ	(vair)
ੜ	ṛ	ਮਾੜਾ	(maaṛaa)

ਪੰਜਾਬੀ-ਅੰਗਰੇਜ਼ੀ ਕੋਸ਼

ੳ

ੳ First letter of Gurmukhi alphabets, pronounced as 'uṛa'; a vowel.

ਉਸਤਤ, ਉਸਤਤਿ, ਉਸਤਤੀ (ustat, ustati, ustatee) *n f* Praise, appreciation, eulogy; ~ਗੀਤ Psalm.

ਉਸਤਰਾ (ustra) *n m* Razor, blade; ~ਫ਼ੇਰਨਾ To shave, to swindle.

ਉਸਤਾਦ (ustaad) *n a* Teacher, instructor, tutor, master; Expert; Clever, cunning, tricky.

ਉਸਤਾਦਗੀ (ustaadgee) *n f* Teachership, tutorship, guidance, mastery, artfulness; Tact, cleverness, prudence. Also ਉਸਤਾਦੀ

ਉਸ਼ਨਾਕ (ushnaak) *a* Wise, intelligent, sharp, witty, active, clever, prudent.

ਉਸ਼ਨਾਕੀ (ushnaakeė) *n f* Wisdom, intelligence, cleverness, prudence.

ਉਸਰਨ (usaran) *n f* Growth, growing.

ਉਸਰਨਾ (usarnaa) *v* To grow, to develop, to be built up.

ਉਸ਼ਾ (ushaa) *n f* Dawn.

ਉਸਾਸ (usaas) *n* Breath, expiration; Sigh.

ਉਸਾਰਨਾ (usaarnaa) *v* To construct, to build.

ਉਸਾਰਾ (usaaraa) *n m* Porch, vestibule, room built on top floor.

ਉਸਾਰੀ (usaaree) *n* Construction, structure, act of building.

ਉਹ (oh) *pron* He, she, it, they.

ਉਹ-ਹੋ (o'ho) *interj.* Oh!

ਉਹਨਾਂ (o'nā) *pron* They.

ਉਹਲਾ (ohlaa) *n* Aside, secret, curtain.

ਉਹਲੇ (ohle) *n* Out of side, aside, concealed, behind the scene.

ਉਹੀ, ਓਹੀ (uhi, ohi) *a* The same, ibid. Also ਉਹੋ

ਉਕਸਣਾ (ukasṇaa) *v* To be excited, to be agitated, to be kindled.

ਉਕਸਾਉਣਾ (udksaauṇaa) *v* To instigate, to stimulate, to excite, to kindle.

ਉਕਸਾਹਟ (uksaahaṭ) *n f* Excitement, instigation, stimulation, temptation.

ਉਕਤਾਉਣਾ (uktaauṇaa) *v* To bore, to feel melancholy, to be dejected, to be tired of, to be weary.

ਉਕਤੀ (uktee) *n f* Maxim, aphorism; Speech.

ਉੱਕਰ (ukkar) *adv* Similar, like the same, in the same way;

Engrave, inscribe.

ਉਕਰਨਾ (ukarnaa) *v* To engrave, to inscribe, to etch, to pendown.

ਉਕਰਾਈ (ukraaee) *n f* Carving, inscription or embossing, act of engraving; Wages for carving.

ਉਕੜ-ਦੁਕੜ (ukaṛ-dukaṛ) *a adv* Haphazard; Haphazardly.

ਉਕੜੂ (ukaṛoo) *a* Posture of sitting on hams with soles of feet on the ground, bent or tilted forward. Also **ਉਕੜ**

ਉੱਕਾ (ukkaa) *a* Wholly, Quite, at all; ~**ਹੀ** Out and out; ~**ਪੁਕਾ** The whole, complete, the only, in lumpsum.

ਉਕਾਉਣਾ (ukkaunaa) *v* To cause, to miss, to omit.

ਉਕਾਈ (ukaaee) *n f* Error, mistake, default, blunder, lapse, omission.

ਉਖੱਲ (ukkhal) *n m* Lubber, large wooden morter for pounding grains.

ਉਖਲੀ (ukhalee) *n f* Small wooden or stone mortar for pounding grains.

ਉਖੜਨਾ (ukhaṛnaa) *v* To be uprooted, to be dislocated, to be dislodged, to be unhinged.

ਉਖਾੜਨਾ (ukhaaṛnaa) *v* To uproot, to dislocate, to disjoin, to tear up.

ਉੱਗਣਾ (uggṇaa) *v* To grow, to crop up, to germinate.

ਉਗਰ (ugar) *a* Austere; Fierce, wrathful; Intense; ~**ਤਾ** Fierceness, intensity, tersocity, terror, wrathfulness; ~**ਵਾਦ** Terrorism; ~**ਵਾਦੀ** Militant, terrorist, extremist.

ਉਗਰਾਹੀ (ugraahee) *n f* Collection (of donation or subscription), realization.

ਉਗਰਾਹੁਣਾ (ugraauṇaa) *v* To collect, to realize, to encash.

ਉੱਗਲਨਾ (uggalnaa) *v* To disclose, to reveal (a secret or misappropriated property).

ਉਗਲੱਛਣਾ (ugḷacchṇaa) *v* To vomit, disgorge, throw out; To disclose, to reveal (secret or misappropriated property).

ਉਂਗਲ (ungal) *n f* Finger; ~**ਕਰਨੀ** To hint, to blot, to defame.

ਉਂਗਲੀ (unglee) *n f* Finger; ~**ਕਰਨੀ** To hint, to point out, to censure; ~**ਧਰਨੀ** To select, to choose; ~**ਫੜਨੀ** To give or receive support or helping hand; ~**ਮੂੰਹ ਵਿਚ ਪਾਉਣੀ** To wonder, to be astonished, to be amazed.

ਉਗਾਉਣਾ (ugaauṇaa) *v* To grow, to cause, to raise.

ਉਗਾਹ (ugaah) *n m* Witness. Also **ਗਵਾਹ**

ਉਗਾਲ (ugaal) *n* Vomit, spit; ~ਦਾਨ Spittoon, cuspidor.

ਉਗਾਲਣਾ (ugaalṇaa) *v* To chew the cud.

ਉਗਾਲੀ (ugaaḷee) *n f* Cud; Cud-chewing, ruminating, mastication.

ਉਘਰਨਾ (ughaṛnaa) *v* To intimidate, to bully by showing a fist, to blow a fist in anger.

ਉਘਲਾਉਣਾ (ughlaauṇaa) *v* To doze, to slumber.

ਉਘਲਨਾ (ughalnaa) *v* To become clear, to be exposed, to be uncovered, to be disclosed, to be revealed.

ਉਂਘਾ (unghaa) *a* Famous, reputed, well-known, eminent, prominent, popular.

ਉਘਾੜ (ughaaṛ) *n m* Disclosure, exposure, divulgence, manifestation. Also ਉਘਾੜਾ

ਉਘਾੜਨਾ (Ughaaṛnaa) *v* To disclose, to expose, to lay bear, to uncover, to divulge (secret).

ਉਘੇੜਨਾ (ugheṛnaa) *v* To open (eyes or door), to uncover (deceit, conspiracy); To separate maize from cob.

ਉੱਚ (uchch) *a* Exalted, high, superior, grand; ~ਝਿਕ Up and down, rise and fall.

ਉਚਕਣਾ (uchakṇaa) *v* To jump, to bounce, to startle.

ਉਚੱਕਾ (uchakkaa) *n m* Robber, thief, pickpocket.

ਉਚਕਾਉਣਾ (uchkaauṇaa) *v* To cause, to startle.

ਉਚਟਣਾ (uchaṭṇaa) *v* To be displeased, to grow tired, to be fed up.

ਉਚਤਮ (uchatam) *a* Superb, supreme, highest, maximum, super, excellent.

ਉੱਚਤਾ (uchchtaa) *n f* Superiority, transcendence, transcedency; ~ਭਾਵ Superiority complex.

ਉੱਚਰ (uchchar) *v* To Speak out, to utter, to spell-out.

ਉਚਰਨਾ (ucharnaa) *v* To say, to speak, to utter, to pronounce, to sermonize.

ਉਚੜਨਾ (ucharṇaa) *v* To be separated, to be bruised.

ਉਚੜਵਾਂ (Ucharvaan) *a* Movable; Portable.

ਉੱਚਾ (uchchaa) *a* Tall, high, lofty, noble, loud, elevated, eminent; ~ਸੁਣਨਾ To be hard of hearing, ~ਹਥ ਹੋਣਾ To have an upper hand, to be winning; ~ਚੜ੍ਹਨਾ To rise, to climb, ~ਨੀਵਾਂ Uneven;

~ਹੋਣਾ To pick up a quarrel, ~ਬੋਲ Tall talk. Also ਉੱਚੀ

ਉਚਾਈ (uchaaee) *n f* Height, altitude, rise, elevation, loudness.

ਉਚਾਟ (uchaaṭ) *n m* Indifference, dejection, restlessness; ~ਹੋਣਾ To lose interest, to be indifferent, to grow tired.

ਉਚਾਰ (uchaar) *n m* Speech, utterance.

ਉਚਾਰਨ (uchaaran) *n m* Pronunciation, articulation.

ਉਚਾਲਾ (uchaalaa) *n m* Instigation.

ਉਚਾਵਾਂ (uchaavaan) *a* Portable; ~ਚੁੱਲਾ Portable oven, fickle minded.

ਉਚਾਵੀਂ (uchaaveen) *a* Movable.

ਉਚਿਤ (uchit) *a* Reasonable, proper, appropriate, fit, legitimate; ~ਤਾ Legitimacy, appropriateness, justification.

ਉਚੇਚ (uchech) *n m* Formality.

ਉਚੇਚਾ (uchechaa) *a adv* Special, particular, exclusive; Specially, particularly.

ਉਚੇੜਨਾ (Ucheṛnaa) *v* To separate forcibly, to strip off, to pluck, to disunite.

ਉਛਲਣਾ (uchhalṇaa) *v* To jump, to leap, to hop, to spring up.

ਉਛਾਹ (uchhaah) *n m* Enthusiasm, zeal, zest. Also ਉਤਸਾਹ

ਉਛਾਲ (Uchhaal) *n f* Buoyancy, upthrust.

ਉਛਾਲਨਾ (Uchhaalnaa) *v* To throw up, to toss up, to hurl; ਪਗੜੀ~To disgrace, to defame.

ਉਛਾਲਾ (uchhaalaa) *n m* Jump, upward, thrust.

ਉਛਾੜ (uchhaaṛ) *n m* Cover, casing, covering, covor (for a pillow or quilt).

ਉੱਜਡ (Ujjaḍ) *a* Rustic, unrefined, foolish, rash, clownish, inconsiderate.

ਉਜ਼ਰ (Uzar) *n f* Objection, excuse, plea; ~ਦਾਰੀ Objection filed in court.

ਉਜਰਤ (Ujarat) *n f* Remuneration, wages, emoluments, pay, fee.

ਉਜਰਤੀ (Ujaratee) *a* Paid, on wages, remunerative.

ਉਜਲ (Ujal) *a* Clear, sparking, shining, bright, radiant, brilliant, elegant; ~ਦੀਦਾਰ Good-looking, handsome, well-dressed, smart; ~ਤਾ Elegance, serenity, purity.

ਉਜਲਾ (Ujlaa) *a* Pure, clean, shining, bright, luminous, radiant.

ਉਜੜਨਾ (Ujaṛnaa) *v* To be destroyed or ruined, to perish, to be laid waste.

ਉਜੜ-ਪੁਜੜ (Ujaṛ-Pujaṛ) *n m* Vandalism.

ਉਜੜਿਆ (Ujaṛiaa) a Destroyed, laid

waste, uprooted; ~ਉਜੜਿਆ ਨਗਰ Ghost town.

ਉਜਾਗਰ (Ujaagar) *a* Famous, popular, well-known, renowned, bright.

ਉਜਾਲਾ (Ujaalaa) *n m* Light, daybreak, dawn, splendour; ~ਹੋਣਾ To dawn.

ਉਜਾੜ (Ujaaṛ) *n f a* Desert, lonely place, solitude; Desolate, ruined, deserted.

ਉਜਾੜਨਾ (Ujaaṛnaa) *v* To ruin, to wreck, to destroy, to ravage, to devastate.

ਉਜਾੜਾ (ujaaṛaa) *n m* Destruction, ruination, devastation; ~ਕਰਨਾ To destroy, to lay waste, to ruin.

ਉਜਾੜੂ (ujaaṛoo) *a* Wastrel, spendthrift, extravagant, squanderer.

ਉਜੇਹਾ (Ujebaa) *a* Like that, such as, that, similar. Also ਉਂਵੇਂ

ਉਂਝ (Unjh) *adv* Otherwise.

ਉਟੇਕਣਾ (Uṭekṇaa) *v* To quarrel, to strike, to hit query, question.

ਉਟਕਣਾ (Uṭakṇaa) *v* To go astray.

ਉਠ (Uth) *v* Rise, stand up; ~ਖੜੋਣਾ/ਖਲੋਣਾ To stand up, to rise, to get up, to wake up, to become alert; ~ਜਾਣਾ To go away, to run away, to die; ~ਬੈਠਣਾ To wake up, to sit up in bed, to be well.

ਉਠਕ-ਬੈਠਕ (Uṭhak-baeṭhak) *n* Company, close acquaintance.

ਉਠਣਾ (Uṭhaṇaa) *v* To rise, to get up, to wake up, to stand up, to grow.

ਉਠਵਾਉਣਾ (Uṭhwaauṇaa) *v* To help or cause, to carry.

ਉਠਵਾਈ (Uṭhwaaee) *n f* Wages for carrying.

ਉਠਾ (Uṭhhaa) *n m* Swelling, sore, boil, rise. Also ਉਠਾਅ

ਉਠਾਉਣਾ (Uṭhaauṇaa) *v* To awaken, to carry, to remove, to suffer, to bear, to loft, to raise, to elevate. Also ਉਠਾਲਣਾ

ਉਠਾਉ (Uṭhaau) *n v* Move from the spot; Take it away.

ਉਠਾਈਗੀਰ (Uṭhaaeegeer) *n m* Petty thief. Also ਉਠਾਈਗੀਰਾ

ਉਡਣਾ (udṇaa) *v a* To fly, to soar, to disappear, to vanish, to explode, to volatilize, to difuse in air, flying fast.

ਉਡਦੀ ਖਬਰ (Uḍdee khabar) *n f* Hearsay, rumour, uncertified report, doubtful news.

ਉਡਦੇ ਫਿਰਨਾ (Uḍde phirnaa) *v* To roam about in delight, to reel lost in delight.

ਉਡਕੇ ਲਿਆਉਣਾ (Uḍke liaauṇaa) *v* To

do or bring instantly or enthusiastically.

ਉੱਡਰ (uḍḍar) *n m* Otter.

ਉਡਵਾਉਣਾ (uḍvaauṇaa) *v* To let fly; to cause to fly, to waste, to squander, to dissipate, to diffuse in air, to entice, to blow up, to destroy; **ਗੁੱਡੀ** ~ To fly the kite. Also **ਉਡਾਉਣਾ**

ਉਡਾਊ (uḍaaoo) *a* Spendthrift, lavish; Squanderer, extravagant.

ਉਡਾਣ (uḍaan) *n f* Flight.

ਉਡਾਰ (uḍaar) *a* Capable for flying.

ਉਡਾਰੀ (uḍaree) *n f* Flight, act of flying, sortie; ~**ਮਾਰਨੀ** To fly away, to take to flight, to disappear, to vanish.

ਉਡਾਰੂ (uḍaaroo) *n a* Flier, pilot, aeronaut, aviator, airman; Wilful; ~**ਹੋ ਜਾਣਾ** To slip away, to disappear.

ਉਡੀਕ (uḍeek) *n f* Wait, waiting expectation.

ਉਡੀਕਣਾ (Udeekṇaa) *v* To wait, to say, to expect.

ਉਣ (uṇ) *v* Weave, knit.

ਉਣੰਜੁਵਾਂ (uṇajva) *a m* Forty-nine.

ਉਣੰਜਾ (uṇaja) *a* Forty-nine.

ਉਣਤਾਲ਼ੀ (uṇtalee) *a* Thrity-nine.

ਉਣਤਾਲ਼ੀਵਾਂ (uṇtaliva) *a* Thrity-ninth.

ਉਣਤੀ (uṇtee) *n f* Process, design or pattern of knitting, texture.

ਉਣੱਤੀ (uṇattee) *a* Twenty-nine.

ਉਣਨਾ (uṇnaa) *v* To knit, to weave.

ਉਣਵਾਈ (uṇavaaee) *n f* Knitting, weaving, wages for knitting or weaving. Also **ਉਣਾਈ**

ਉਣਾਸੀ (uṇaasee) *a* Seventy-nine.

ਉਣਾਹਠ (uṇaaṭh) *a* Fifty-nine.

ਉਣਾਨਵੇਂ (uṇaanve) *a* Eighty-nine.

ਉਤਸਵ (uttasav) *n m* Festival, function, festivity, fete, rejoicing; Occasion, opportunity.

ਉਤਸਾਹ (utsaah) *n m* Zeal, zest, incentive, enthusiasm, eagerness; ~**ਜਨਕ** Encouraging, inspiring, inspirational; ~**ਦੇਣਾ/ਵਧਾਉਣਾ** To inspire, to enthuse, to encourage; ~**ਭੰਗ** Discouraging, demoralising, demoralisation.

ਉਤਸੁਕ (utasuk) *a* Keen, eager, curious.

ਉਤਸੁਕਤਾ (utasuktaa) *n f* Curiosity, eagerness, yearning, keeness.

ਉਤਕੰਠਾ (utakanthaa) *n f* Longing, craving, passion, solitude.

ਉਤਪਤੀ (utpatee) *n f* Birth, production, reproduction, origin, growth, derivation.

ਉਤਪੰਨ (utpann) *a* Created, born, produced; ~**ਹੋਣਾ** To grow, to comeforth, to take berth.

ਉਤਪਾਤ (utpaat) *n m* Cicisbeo.

ਉਤਪਾਦਕ (utpaadak) *n a m* Producer;

Productive, generative.

ਉਤਪਾਦਨ (utpaadan) *n m* Production, output.

ਉੱਤਮ (uttam) *a* Good, of good quality, best, highest, top, perfect, supreme, superior, excellent, superb; ~ਪੁਰਖ (gr.) First person.

ਉੱਤਰ (uṭtar) *v m n* Get down; Answer, reply; ਮੋੜਵੇਂ~ Replication, retort.

ਉੱਤਰ (uṭtar) *n m* North.

ਉਤਰ-ਅਧਿਕਾਰੀ (uttar-adhikaree) *n m* Descendant, successor, inheritor.

ਉਤਰਦਾਇਕ (uttardaayik) *a* Answerable, accountable, responsible. Also ਉਤਰਾਦਾਈ

ਉਤਰਨਾ (utarnaa) *v* To descend, to dismount, to disembark, to come down, to diminish, to decrease, to fall in value, to decay, to fade, to be copied, to subside.

ਉਤਰਵਰਤੀ (utarvartee) *a* Subsequent, latter; successor.

ਉਤਰਵਾਈ (utarvaaee) *n f* Wages or act of bringing down or unloading, unloading.

ਉਤਰਾਉ (utraau) *n f* Inclination, slope, descent.

ਉਤਰਾਅ-ਚੜ੍ਹਾਅ (utraa-charaa) *n m* Fluctuation, rise and fall.

ਉਤਰਾਈ (utraaee) *n f* Decline, declination, regress, descent, slope.

ਉਤਰਾਧਿਕਾਰ (utraadhikaar) *n m* Inheritence.

ਉਤਰਾਧਿਕਾਰੀ (utraadhikaaree) *n m* Successor.

ਉਤਰਾਧੀ (utraadhee) *a* Belonging to the north.

ਉਤਰਾਰਧ (utraaradh) *a m* Latter-half.

ਓਤਰੀ (utree) a Northern, northly.

ਉੱਤਰੋਤਰ (utrottar) *a adv* Successive, successively.

ਉਤਲਾ (utlaa) *a* Upper, over and above the income, additional; External, outward; ~ਦਿਲੋਂ Superficially, insincerely, in a light manner. Also ਉਤਲੇ

ਉਤਾਂਣਾ (utaaṇaa) *v* To lie facing downward or upside down.

ਉਤਾਰ (utaar) *n m* Fall, slope, decline, descent, decrease, reduction; ~ਚੜ੍ਹਾਓ Ups and downs, ascent and descent, rise and fall.

ਉਤਾਰਨਾ (utaarnaa) *v* To copy, to help in descending, to cast off, to take off, to degrade, to lower, to bring down, to unload, to dismount, to dethrone, to remove, to dislocate, to cause, to disembark.

ਉਤਾਰਾ (utaaraa) *n m a* Copy, halting place, stage (Journey), a bent

upon, determined, intent, dead set, ready for; ~ਕਰਨਾ To stay, to sojourn, to prepare a copy; ~ਕਰਾਉਣਾ To lodge, to accommodate, to get a copy made.

ਉਤਾਰੂ (utaroo) *n a* Hurry, haste, hastiness, impatience; Impatient, anxious, rash, speedy, quick, hasty, swift, one who can do things quickly.

ਉਤਾੜ (utaaṛ) *n m* Upstream, upland, highland, elevated region.

ਉੱਤੇ (utte) *prep* Upon, on, over, above, upward, on the top.

ਉਤੇਜਕ (utejak) *a* Stimulant, stimulating, exciting, provocating, provocative, inspiring.

ਉਤੇਜਨਾ (utejnaa) *n f* Excitement, provocation, stimulation, inspiration.

ਉਤੇੜਨਾ (uteṛnaa) *v* To dilate.

ਉੱਤੋਂ (utton) *prep* From above.

ਉਥਲ-ਪੁਥਲ (uthal-puthal) *n f* Upheaval, turmoil.

ਉਥਲਣਾ (uthalṇaa) *v* To turn over.

ਉਥਾਈਂ (uthaaeen) *a* Exactly there, there, at that very place.

ਉਥਾਨ (uthaan) *n m* Pitch, rise; ~ਪਤਨ Fluctuation, rise and fall.

ਉਥਾਨਕਾ (uthaankaa) *n m* Preface, foreword, introduction, prelude.

ਉਥਾਪਣ (uthaapaṇ) *n m* Dissolution.

ਉਥਾਪਣਾ (uthaapaṇaa) *v* To transplant.

ਉਥੇ(uthe) *adv* At that place, there, over there.

ਉਥੋਂ (uthon) *adv* From there, from that place.

ਉਦਕ (udak) *n m* Water.

ਉਦਕਰਥ (udkarath) *n* Creation.

ਉਦਗਮ (udgam) *n m* Origin, rising, upcoming.

ਉਦਗਾਰ (udgaar) *n m* Inner feelings, sentiments.

ਉਦਘਾਟਨ (udghaaṭan) *n m* Inauguration, opening, ceremony; ~ਕਰਤਾ Inaugurator, release, uncovering; ~ਕਰਨਾ To inaugurate, to declare open, to expose, to exhibit, to bring to view.

ਉੱਦਘਾਟਨੀ (udghaatanee) *a* Inauguratory, inaugural; ~ਭਾਸ਼ਨ Inaugural speech.

ਉਦਮ (udaṁ) *n m* Effort, exertion, endeavour, industry, diligence.

ਉਦਮੀ (udamee) *a* Industrious, enterprising, diligent.

ਉਦਯੋਗ (udyog) *n m* Industry, enterprise.

ਉਦਯੋਗਿਕ (udyogik) *a* Industrial.

ਉਦਯੋਗੀ (udyogee) *n m* Industrialist.

ਉਦਰ (udar) *n m* Abdomen, belly, womb, stomach, livelihood.

ਉਦਰੇਵਾਂ (udarevaan) *n m* Home-sickness; Longing, yearning.

ਉਦਾਸ (udaas) *a* Sad, dejected, sorrowful, disconsolate, sullen, dull, rueful.

ਉਦਾਸੀ (udaasee) *n f* Sadness, cheerlessness, sorrow, depression, dejection, melancholy.

ਉਦਾਸੀਨ (udaaseen) *a* Neutral, apathetic.

ਉਦਾਸੀਨਤਾ (udaaseentaa) *n f* Apathy, depression, dejection etc.

ਉਦਾਹਰਣ (udaaharaṇ) *n m* Example, illustration, instance.

ਉਦਾਤ (udaat) *a n* Sublime.

ਉਦਾਤੀਕਰਣ (udaateekaraṇ) *n m* Sublimation; ~ਕਰਨਾ To sublimate.

ਉਦਾਰ (udaar) *a* Liberal, generous, large hearted, open minded, bounteous, bountiful, benevolent, humane; ~ਤਾ Magnaminity, catholicity, liberality, bounty; ~ਵਾਦ Liberalism; ~ਵਾਦੀ Liberal, Liberalist.

ਉਦਾਲਾ (udaalaa) *n m* Environment, neighbourhood, surroundings.

ਉਦਿਆਨ (udiyaan) *n m* Garden, orchard, forest; Solitude, deserted place.

ਉਦੇ (ude) *n m* Rising, dawn; ~ਹੋਣਾ To rise.

ਉਦੇਸ਼ (udesh) *n m* Aim, purpose.

ਉਦੇਸ਼ਾਤਮਕ (udeshaatmak) *a* Purposive, purfroseful, teteological.

ਉਦੋਂ (udon) *adv* Then, at that time; ~ਕਲਾ Since then, from that time.

ਉਧਰ (udhar) *adv* There, on that side, in that direction, yonder ; ~ਤੋਂ From that side.

ਉਧਰਣ (udharaṇ) *n m* Deliverance, redemption, salvation.

ਉਧਰਨਾ (udharnaa) *v* To be redeemed, to be rescued, to attain salvation, to be liberated.

ਉਧਰਿਤ (udharit) *a* Based, on the basis of.

ਉਧਰੋਂ (udhron) *adv* From that side, from there.

ਉਧਲਣਾ (udhalṇaa) *v* To run away with some one to elope.

ਉਧੜਨਾ (udhaṛnaa) *v* To be unsewn, to be encorded, to be unstitched, to be unravelled, to be unstrung, to be ripped.

ਉਧੜਵਾਉਣਾ (udhaṛvaauṇaa) *v* To get unstitched, to get uncorded.

ਉਧੜਾਈ (udhaṛaaee) *n f* Wages for

unstitching or uncording, act of unstitching or uncording.

ਉਧਾਰ (udhaar) *n a m* Loan, credit; ~**ਦੇਣਾ** To give on credit; To loan; ~**ਲੈਣਾ** To take on credit, to borrow; ~**ਪੱਟਾ** Debenture.

ਉਧਾਰਾ (udhaaraa) *a* On loan, borrowed.

ਉੱਧਾਰ (uddhaar) *n m* Salvation, redemption, deliverance; Reformation, uplift; ~**ਕਰਨਾ** To redeem, to uplift; ~**ਨਾ** To liberate, to redeem, to discharge, to save.

ਉਧਾਲਣਾ (udhaalṇaa) *v* To abduct, to kidnap, to seduce.

ਉਧਾਲਾ (udhaalaa) *n m* Elopement, abduction, act of running away with someone.

ਉਧੇੜਬੁਣ (udherbuṇ) *n m* Indecision, planning indecisively, perplexity.

ਉਧੇੜਨਾ (udheṛnaa) *v* To unsew, to remove the seams, to unravel, to rip, to unweave, to undo.

ਉੱਨ (un) *n f* Wool; ~**ਵਰਗਾ** Woolly.

ਉਨਸ (unas) *n f* Attachment, love, sociability.

ਉਨਸਰੀ (unasaree) *n f* A fruit of blackberry, *Rubus flavus*; A fruit of yellow berry, *Rubus fructicosa*.

ਉੱਨਤ (unnat) *a* Developed, thriving, ameliorated, improved, advanced.

ਉਨਤੀ (unati) *n m* Uplift, progress, advancement, evolution, improvement, development, amelioration; ~**ਸ਼ੀਲ** Progressive, growing, developing; ~**ਕਰਨੀ** To progress, to improve, to develop, to rise, to thrive, to advance.

ਉਨੱਤੀ (unattee) *a* Twenty-nine.

ਉਨਮੱਤ (unmatt) *a* Intoxicated, frenzied, insane.

ਉਨਮਨਾ (unmanaa) *a* Absent-minded, agitated; ~**ਅਵਸਥਾ** A stage of mind (according to yoga).

ਉਨਮਾਦ (unmaad) *n m* Insanity, frenzy intoxication.

ਉਨਾਬੀ (unnabi) *a* Maroon.

ਉੱਨੀ (unni) *a* Nineteen.

ਉਨੀਂਦਾ (uneendaa) *n m* Sleeplessness, insomnia.

ਉਨ੍ਹੀਵਾਂ (univān) *a* Nineteenth. Also **ਉਨ੍ਹੀਆਂ**

ਉਨ੍ਹਾਂ (unaan) *pr* Them, those.

ਉਨ੍ਹਾਲਾ (unhaalaa) *n m* Summer, hot weather.

ਉਪ (upa) *a* (*Prefix for*) Deputy, Vice, Sub-, *Pre;* ~**ਅੰਗ** Appendage; ~**ਸਰਗ** Prefix; ~**ਕਲਪਣਾ** Hypothesis.

ਉਪਸੰਹਾਰ (upsanhaar) *n m* Denouement, end.

ਉਪਸਥਿਤ (upasthit) *a* Present.

ਉਪਸਥਿਤਿ (upasthiti) *n f* Presence, attendance.

ਉਪਹਾਸ (uphaas) *n m* Joke, jest, ridicule, satire.

ਉਪਹਾਸੀ (uphaasee) *a* Satirical, ridiculous, jovial.

ਉਪਹਾਰ (uphaar) *n m* Present, gift.

ਉਪਕਰਣ (upkaraṇ) *n m* Instrument, apparatus.

ਉਪਕਾਰ (upkaar) *a* Beneficence, kindness, help, assistance; Benefactor, philanthrope, benevolent.

ਉਪਖੇਤਰ (upkhetar) *n m* Sub-area.

ਉਪਗ੍ਰਹਿ (upgreh) *n m* Satellite, moon.

ਉਪਚਾਰ (upchaar) *n m* Treatment remedy.

ਉਪਚਾਰੀ (upchaaree) *a n* Remedial; Fellow who treats or administers treatment.

ਉਪਚੇਤਨ (upchetan) *a* Subconscious.

ਉਪਜ (upaj) *n f* Produce, crop, yield, result, product, out-turn, out-put, growth, original idea.

ਉਪਜਣਾ (upajṇaa) *v* To grow, to be born, to shoot forth, to originate.

ਉਪਜਾਉਣਾ (upjaauṇaa) *v* To produce, to cultivate.

ਉਪਜਾਊ (upjaaoo) *a* Fertile, rich, productive, vegetative, fecund; ~ਪਣ Producer, cultivator.

ਉਪਜੀਵਕਾ (upjeevakaa) *n f* Vocation, profession, livelihood, subsistence.

ਉਪੱਦਰ (upaddar) *n m* Tyranny, oppression, turbulence, crime, persecution, outrage, rowdyism.

ਉਪੱਦਰੀ (upaddaree) *a n* Rowdy, mischievous; Rioter.

ਉਪਦੇਸ਼ (updesh) *n m* Precept, teaching, preaching, advice, counsel, lecture, sermon; ~ਦੇਣਾ To sermonise, to teach, to lecture, to preach, to advise; ~ਵਾਦ Didacticism; ~ਕ Lecturer, sermonizer, preceptor, preacher; ~ਣ (fem) Lecturer.

ਉਪਧਾਰਾ (updhaaraa) *n* Sub-clause.

ਉਪਨਗਰ (upnagar) *n m* Suburb; suburban.

ਉਪਨਾਮ (upnaam) *n m* Nick name, alias, surname.

ਉਪਨਿਆਸ (Upaniyaas) *n m* Novel, fiction; ~ਕਾਰ Novelist, fiction writer; ~ਕਾਰੀ Fiction-writing.

ਉਪਨਿਯਮ (upniyam) *n m* Subrule.

ਉਪਨਿਵੇਸ਼ (upnivesh) *n m* Colony; ~ਵਾਦ Colonialism.

ਉਪਭੋਗ (upbhog) *n m* Consumption; ~ਕਰਨਾ To consume; ~ਤਾ Consumer.

ਉਪਮਾ (upmaa) *n f* Comparison,

simile, analogy; Praise, eulogy.

ਉਪਮਾਉਣਾ (upmaauṇaa) *v* To compare; To praise, to eulogize.

ਉਪਮਾਨ (upmaan) *n m* (poetics) That with which comparison is made.

ਉਪਜੋਗ (upyog) *n m* Use, utilisation.

ਉਪਜੋਗਤਾ (upyogtaa) *n f* Utility service, usefulness; ~**ਵਾਦ** Utilitarianism; ~**ਵਾਦੀ** Utilitarian.

ਉਪਜੋਗੀ (upyogee) *adv* Useful, serviceable.

ਉਪਰ (upar) *adv* Above, up, upon, on, over, on the top; ~**ਸੁੱਟਣਾ** To toss, to throw up; ~**ਚੜ੍ਹਨਾ** To climb, to ascend, to rise; ~**ਤੋਂ** From above; Successively, continuously, one after the other; ~**ਥਲੇ ਕਰਨਾ** To scatter things, to disarrange; ~**ਵਲ** Upwards.

ਉਪਰੰਤ (uprant) *adv* After, next, since, afterwards.

ਉਪਰਲਾ (uparlaa) *a* Upper, extra; External, superficial, outward; ~**ਖਰਚਾ** Overhead cost or expenses. Also **ਉਪਰਲੀ**

ਉਪਰੀ ਆਮਦਨ (upree aamdan) *n f* Tips, income through unfair means, income in addition to salary.

ਉਪਰਲੇ(uparle) *a* Extra, overhead (charges), seniors.

ਉਪਰਾਉ (Upraau) *n m* Aloofness, estrangement.

ਉਪਰਾਉਣਾ (upraauṇaa) *v* To estrange, to make oneself appear, a stranger, to stand aloof.

ਉਪਰਾਮ (upraam) *a* Despondent, sick, disgusted, dejected, disconsolate; ~**ਹੋਣਾ** To become sad, to be distracted, to turn one's, mind from the material objects; ~**ਤਾ** Sadness, despondency, distraction, act of turning one's mind from the world despair.

ਉਪਰਾਲਾ (upraalaa) *n m* Effort; Suggestion, means, method.

ਉਪਰੋਂ (upron) *adv* From above; ~**ਉਪਰੋਂ** Formally, as a formality; ~ **ਲੰਘ ਜਾਣਾ** To run over; To supersede.

ਉਪਲਾ (uplaa) *n m* Dried cake of cow-dung. Also **ਪਾਥੀ**

ਉਪੜਨਾ (upaṛnaa) *v* To reach, to arrive.

ਉਪਾਉ (upaau) *n m* Remedy; Step; Means, measures, contrivance, plan.

ਉਪਾਸ਼ਕ (upaashak) *n m* Worshipper, adorer, devotee

ਉਪਾਸ਼ਨਾ (upaashnaa) *n f* Worship, devotion, adoration.

ਉਪਖਿਆਨ (upakhiaan) *n m* Legend, anecdote, episode.

ਉਪਾਧ (upaadh) *n* Trouble, riots, upheaval.

ਉਪਾਧਿਆਇ (upaadhiai) *n m* Spiritual, preceptor, teacher.

ਉਪਾਧੀ (upaadhee) *n f* Degree, epithet, nick-name, title, designation; ~**ਦਾ** Root of the trouble, basis of the upheaval.

ਉਪਾਰਜਿਤ (upaarjit) *a* Acquired.

ਉਪਾਰਨਾ (upaarnaa) *v* To break (fast).

ਉਪਾਵਣਹਾਰ (upaavaṇhaar) *n* Creator, maker.

ਉਪੇਖਿਆ (upekhiaa) *n f* Neglect, negligence, ingoring, disregard.

ਉਫ਼ (uf) *int* oh! alas!

ਉਫਰਾਉ (ufraau) *a* Swellings, rising.

ਉਫਲਣਾ (ufalṇaa) *v* To rebound, to spring.

ਉਬਸਣਾ (ubasṇaa) *v* To putrefy, to become mouldy

ਉਬਸਾਉਣਾ (ubasaauṇaa) *v* To cause to putrefy.

ਉਬਕ (ubak) *n m* Vomit.

ਉਬਾਕੀ (ubaakee) *n f* Vomit, vomiting.

ਉਬਕਾਈ (ubkaaee) *n f* Retching, nausea.

ਉਬਲਣਾ (ubalṇaa) *n a* To boil, to be boiled, to simmer, to bubble, to be enraged.

ਉਬਲਦਾ (ubaldaa) *a v* Ebullient, boiling, very hot; To cause to boil.

ਉਬਾਸੀ (ubaasee) *n f* Yawn, gape.

ਉਬਾਕ (ubaak) *n f a* Retching, vomitting sensation; Spasm; Nausea.

ਉਬਾਕਣਾ (ubaakaṇaa) *v* To retch; To vomit, to regurgitate.

ਉਬਾਰ (ubaar) *v m* Deliverance, liberation, upward projection.

ਉਬਾਰਨਾ (ubaarnaa) *v* To deliver, to liberate, to lift or project upward, to salvage, to redeem.

ਉਬਾਲ (ubaal) *n m* Ebullition, boiling simmering, spurt, Passion; ~**ਉਠਣਾ/ਆਉਣਾ** To boil, rising of passions or sentiments.

ਉਬਾਲਣਾ (ubaalṇaa) To boil, boiling.

ਉਭਾਰਨਾ (ubh'arnaa) *v* To swell, to rase; To boil over; To excite; To bounce; To bulge; To heave, to protrude; To make prominent.

ਉਭਰਵਾਂ (ubharvaã) *a* Protruding, bulging, swollen, embossed.

ਉਭਰਿਆ (ubhariaa) *v a* Risen, protructed, boiled over; ~**ਪੈਂਦਾ** Flanged bottom.

ਉਭੜਵਾਹੇ (ubhaṛvaahe) *adv* With a start; Spontaneously.

ਉਭਾ (ubhaa) *n a* East, short (breath); ~**ਸਾਹ** Groan, sigh.

ਉਭਾਸਰਨਾ (ubhaasarnaa) *v* To speak out, to speak up, to spell out ones

trouble moaringly.

ਉਭਾਨ (ubhaan) *n* Tree *Populus eupharatica.*

ਉਭਾਰ (ubhaar) *n m* Prominence, swelling, profuberance, bulge, rise, boil; Bossing.

ਉਭਾਰਨਾ (ubhaarnaa) *v* To excite, to swell, to raise, to arouse, to rouse, to incite, to instigate.

ਉਮਸ (umas) *n f* Sultriness, mugginess.

ਉਮੰਗ (umang) *n f* Ambition, hope, passion, longing, desire, exultation.

ਉਮਡਣਾ (umaḍṇaa) *v* To overflow, to overwhelm, to swell, to gush out, to gather quickly.

ਉਮਤ (umat) *n m* Followers, people of the same belief, off spring, pupils.

ਉਮਦਾ (umdaa) *a* Better, good, nice.

ਉਮਰ (umar) *n f* Age, lifetime, life; ~**ਢਲਣੀ** To age; ~**ਕੈਦ** Life sentence; ~**ਕੈਦੀ** Life convict; ~**ਪਟਾ** Lease for life; ~**ਭਰ** (**ਸਾਰੀ ਉਮਰ**) For life, through out life.

ਉਮਰਾ (**ਉਮਰਾਊ**) (umraa) *n* Courtiers, nobes.

ਉੱਮੁਲਣਾ (ummalṇaa) *v* To gush out, to spring forth.

ਉਮਾਹ (umaah) *n m* Ambition, excessive joy, exuberance.

ਉਮੀ (umee) *a* Illiterate, uneducated.

ਉਮੀਆ (umeeaa) *n m* Wheat or barley roasted in the ear.

ਉਮੀਦ (umeed) *n f* Hope, confidence, expectation, reliance; ~(**ਉਮੀਦਾਂ**) **ਤੇ ਪਾਣੀ ਫਿਰਨਾ** All hopes to be dashed to the ground. Also **ਉਮੇਦ**

ਉਮੀਦਵਾਰ (Umeedvaar) *n m* Candidate, applicant, expectant, hopeful.

ਉਮੀਦਵਾਰੀ (Umeedvaaree) *n f* Hopefulness, pregnancy, expectancy.

ਉਰ (ur) *n m* Heart, breast, bosom.

ਉਰਸਾ (ursaa) *n m* A stone on which a brahmin grinds sandalwood.

ਉਰਲ-ਪਰਲ (ural-paral) *n m* (articles) Superfluous, meaningless, additional; ~**ਕੰਮ** Superfluous work.

ਉਰਲਾ (urlaa) *a* Belonging to this side, on the nearer side. Also **ਉਰਲੀ**

ਉਰਵਾਰ (urvaar) *prep* On this side; ~**ਪਾਰ** Through to the other side, across.

ਉਰ੍ਹਾਂ (uraan) *a* On this side, here, higher, nearer.

ਉਰੇ (ure) *adv* Here, near, on this side; ~**ਪਰੇ** Out of the way, hidden; ~**ਪਰੇ ਹੋਣਾ** To elope, to be somewhere nearby, to go or be out of sight, to hide, to go underground.

ਉਰਾਰ (uraar) *n m* On this bank or nearer side of a river or canal or pitch or tank etc.

ਉਰਿਓਂ (uriōn) *adv* From a nearer place.

ਉਰੇਰੇ (urere) *adv* A little on this side, a little nearer.

ਉਲਕਾ (ulkaa) *n* Meteor. Also **ਉਲਕਾਪਾਤ**

ਉਲੰਘਨਾ (ulanghnaa) *n f* Violation, contravention; Transgression, intringement, contravention; **~ਕਰਨੀ** To violate, to transgress, to intringe, to contravene.

ਉਲਝਣ (uljhaṇ) *n f* Tangle, complication, confusion, fix, intricacy, entanglement, dilemma, perplexity.

ਉਲਝਣਾ (uljhṇaa) *v* To be involved or entangled, to be confused or puzzled, to dispute, to enter into a dispute.

ਉਲਝਾਉ (uljhaau) *n m* Entanglement, involvement, involution, confusion, perplexity.

ਉਲਝਾਉਣਾ (uljhaauṇaa) *v* To entangle to complicate, to involve, to confuse, to perplex.

ਉਲਟ (ulaṭ) *n a m* Inverse, reverse, change inversion, Opposite, reversed, contrary; **~ਜਾਣਾ** To be turned over, to capsize; **~ਤੌਰ ਤੇ** Conversely; **~ਪੁਲਟ** Upside down, topsy turvy, in disorderly manner; **~ਪੈਠੀ ਪਰਤ** To return without a pause; **~(ਉਲਟੇ) ਬਾਂਸ ਬਰੇਲੀ ਨੂੰ** To carry coal to new castle.

ਉਲਟਣਾ (ulatṇaa) *v* To upset, to invert, to reverse, to turn upside down, to be upset, to be inverted.

ਉਲਟਵਾਂ (ulaṭvaan) *a* Inversive. Also **ਉਲਟਵੀਂ**

ਉਲਟਾ (ulṭaa) *a adv* Opposite, converse reversed, overturned, inverse, inverted; On the contrary; **~ਸਮਝਣਾ** To misunderstand; **~ਚਲਾਉਣਾ** To drive backward; **~ਚੋਰ ਕੋਤਵਾਲ ਨੂੰ ਡਾਂਟੇ** The case of thief threatening a policeman; **~ਜ਼ਮਾਨਾ** Preposterous times; **~ਤਵਾ** Jet black, coal black.

ਉਲਟਾਉ (ultaau) *n m* Inversion, overturning.

ਉਲਟਾਉਣਾ (ultaaunaa) *v* To reverse, to invert, to upset, to overturn, to interchange; **~ਪੁਲਟਾਉਣਾ** Topsy turvy, disconnected.

ਉਲਟੀ (ulṭee) *n f a* Vomit; Contrary, capsized, overturned, inverted upside down, inverse, inside out; **~ਕਰਨੀ** To vomit; **~ਪੱਟੀ ਪੜ੍ਹਾਉਣੀ** To mislead, to misguide, to poison the mind; **~ਮਾਲਾ ਫੇਰਨੀ** To invoke a

curse; ~ਉਲਟੀ ਸਮਝ Perverted mind, perversion; ~ਸਿੱਧੀ Absurd, irrelevant; ~ ਸੁਣਾਉਣਾ To insult, to scold, to revile.

ਉਲਥਾ (ulthaa) *n m* Translation, rendering version; ~ਕਰਨਾ To translate, to interpret, to render; ~ਕਾਰ Translator.

ਉਲੱਦਣਾ (uladdṇaa) *v* To pour, to invert, to overturn, to reveal (the secrets).

ਉਲਫ਼ਤ (ulfat) *n f* Love.

ਉਲਰਨਾ (ularnaa) *a* To tilt, to sway, to lurch, to lean, to be off-balance, to bound.

ਉਲਰਵਾਂ (ularvaan) *a* Tipped, off-balance.

ਉਲਰਿਆ (ulariaa) *a* Tilted, off-balance.

ਉਲਾਹਮਾ (ulahmaa) *n m* Reproof, complaint, blame. Also ਉਲਾਂਭਾ

ਉਲਾਹੁਣਾ (ulaahuṇaa) *v* To mourn for the dead.

ਉਲਾਂਘ (ulaangh) *n f* Jump, pace, stride, long step.

ਉਲਾਰ (ulaar) *a n m* unbalanced, off balance, tilted, depressed by weight on oneside, lopsided, raised in a threatening manner; Tilt, inclination.

ਉਲਾਰਨਾ (ulaarnaa) *v* To tilt, to sway.

ਉੱਲੀ (ullee) *n f* Fungus, mould, mildew.

ਉਲੀਕਣਾ (uleekṇaa) *v* To draw, to outline, to sketch, to trace, to portray.

ਉੱਲੂ (ulloo) *n m* Owl; Foolish, simpleton; ~ਸਿੱਧਾ ਕਰਨਾ To grind one's own axe, to take some work; ~ਦਾ ਪੱਠਾ Idiot, dullard, an arrant fool, silly fellow, fool; ~ਬਣਨਾ To be fooled; ~ਬੋਲਣੇ To be deserted (place).

ਉਲੇਹੜਨਾ (uleharnaa) *v* To hem.

ਊਵੇਂ (ooven) *adv* Likewise, so, similarly, by the way, in that way.

ਉੜਦ (uṛad) *n f* Horse bean.

ਉੜਾਕ (oṛaak) *a* Haughty, insolent, disrespectful.

ਊਸ਼ਾ (ushaa) *n f* Early morning, redness of dawn.

ਊਗਲ (ugal) *n f* Buckwheat.

ਊਂਘ (oongh) *n f* Doze, slumber.

ਊਂਘਣਾ (oonghṇaa) *v* To doze, to feel sleepy, to slumber.

ਊਜ (ooj) *n f* Imputation, blame, aspersion, allegation.

ਊਜਣ (oojaṇ) *n f* Grain, *Hordeum caeleste*.

ਊਟ-ਪਟਾਂਗ (ooṭ-paṭaang) *n* Nonsense, irrelevant or absurd talk.

ਊਠ (ooṭh) *n m* Camel; ~ਦੇ ਮੂੰਹ ਜੀਰਾ A drop in the ocean; ~ਕਿਸ ਕਰਵਟ

ਬੈਠਦਾ ਹੈ- Wait and see how things turn out.

ਉਠਕ-ਬੈਠਕ (ooṭhak-baeṭhak) *n f* Sitting and standing, sit-ups.

ਉਠਣੀ (ooṭhṇee) *n f* Dromedary, she camel.

ਉਣ (ooṇ) *n f* Deficiency, shortage.

ਉਣਤਾਈ (ooṇtaaee) *n f* Flaw, defect, shortcoming lack.

ਉਣਾ (ooṇaa) *a* Deficient, defective, incomplete.

ਉਤ (oot) *a* Foolish, stupid, rude, childless; ~ਜਾਣਾ To die issueless; ~ਪੁਣਾ Foolishness, stupidity.

ਉਦ (ood) *n f* Aloe, Eaglewood.

ਉਦ-ਬਲਾਉ (ood-balaau) *n m* Otter, an aquatic cat.

ਉਦਾ (ooda) *a* Violet, of the colour of a brinjal.

ਉਧਮ (oodham) *n m* Uproar, agitation, noise, revolt, rebellion, disturbance, furore, riot, pandemonium, turmoil; ~ਮਚਾਉਣਾ To create disturbance, to make noise, to agitate.

ਉਂਧਾ (oondhaa) *a* Overturned, upside down.

ਉਰਜਾ (oorjaa) *n f* Energy, power.

ਉਰਾ (ooraa) *a n m* Incomplete, uneducated; Reel, bobbin, winder, windlass. Also ਉਰੀ

ਉਲ-ਜਲੂਲ (ool-jalool) *a* Senseless (talk), nonsense, absurd.

ਉੜਾ-ਐੜਾ (ooṛa-aeṛa) *n m* Alphabets; ~ਨਾ ਜਾਣਨਾ To be illiterate, to be unlettered, to be ignorant.

ਓਅੰਕਾਰ (ounkaar) *n m* God, Saviour of all.

ਓਹਦਾ (ōda) *pron* Same as ਓਸਦਾ

ਓਹਲਾ (ōla) *n m* cover, veil, screen, protection, support, refuge; Privacy, secrecy.

ਓਹਲਾ (ohlaa) *n m* Cover, secret, refuge, protection; ~ਕਰਨਾ To conceal, to keep secret; ~ਦੇਣਾ To give refuge, to keep secret.

ਓਹੜ-ਪੋਹੜ (ohaṛ-pohaṛ) *n m* First aid.

ਓਹੋ (oho) *pron* The same, the very fellow.

ਓਕ (ok) *n f* Cuplike shape of a hand to drink water.

ਓਕੜਾ (okṛaa) *a* Strong, headstrong.

ਓਗਰਾ (ograa) *n m* A type of coarse grain; Rice-water.

ਓਛਾ (ochhaa) *a* Mean, narrow-minded, undignified, shallow.

ਓਝਰੀ (ojhree) *n f* Stomach, intenstine.

ਓਝਲ (ojhal) *a* Behind the scene, out of sight, concealed; Retirement; ~ਹੋਣਾ To disappear, to be out of sight; ~ਕਰਨਾ To conceal.

ਓਝਾ (ojhaa) *n m* Occultist, necromanner, witch doctor.

ਓਟ (oṭ) *n f* Protection, shelter, refuge, shadow, screen, partition.

ਓਟਣਾ (otṇaa) *v* To shelter, to give refuge; To confess (to a crime), to accept responsibility (for a crime).

ਓਥੇ (othe) *adv* There, at the place.

ਓਥੋਂ (otheōn) *adv* From there.

ਓਦਣ (odaṇ) *adv* On that day.

ਓਦਰਨਾ (odarnaa) *v* To become sad in separation, to become eager, to meet, to long for, to yearn.

ਉਦਰੇਵਾਂ (udervaan) *n m* Longing for meeting depression as a result of separation from a dear relation, homesickness.

ਓਦਾਂ (odaan) *adv* Like that, in that way; otherwise.

ਓਦੋਂ (oden) *adv* Then, at that time.

ਓਪਰਲਾ (oparlaa) *adv* Belonging to the other side.

ਓਪਰਾ (opraa) *a* Stranger, unfamiliar, outsider, alien; **~ਪਣ** Otherness strangeness, unfamiliarity, alienation.

ਓਭੜ (ōbhaṛ) *a* Unknown, stranger.

ਓਲ਼ਾ (oḷa) *n m* Hail-stone.

ਓੜਨੀ (orṇee) *n f* Cover, headgear, veil, wrapper.

ਅ

ਅ Vowel, second letter of Gurmukhi letter pronounced as aiṛaa.

ਅਉਸਰ (ausar) *n m* Opportunity occasion, time.

ਅਉਗੁਣ (augun) *n m* Vice, fault, defect, shortcoming.

ਅਉਤ (aut) *a* Issueless, rude.

ਅਉਧ (audh) *n f* Term, tenure, age, life span.

ਅਇਆਣਾ (aiaanaa) *a m* Infant, child, ignorant, innocent.

ਅਇਆਲੀ (aiaalee) *n m* Shepherd.

ਅੰਸ਼ (ansh) *n m* Part, constituent, degree, numerator.

ਅੰਸ (ans) *n f* Progeny, lineal descendant, offspṛing, progeny.

ਅਸ਼ਕ (ashak) *n m* Tear.

ਅੰਸ਼ਕਾਲੀ (anshkaalee) *a* Part time.

ਅਸੰਖ (asankh) *a* Countless, infinite, innumerable.

ਅਸੰਗਤ (asangat) *a* Irrelevant, inconsistant, incoherant.

ਅਸ਼ੱਗਨ (ashaggan) *n m* Ill omen, inauspicious omen.

ਅਸਚਰਜ (ascharaj) *n a m* Wonder, astonishment; Wonderful, astonishing; ~ਜਨਕ Surprising, astonishing, marvellous.

ਅਸ਼ਟਾਮ (ashtaam) *n m* Stamp paper, stamp, bond.

ਅਸਤਬਲ (astabal) *n m* Stable.

ਅਸਤਬਾਜ਼ੀ (astabaazee) *n f* Fireworks.

ਅਸਤਰ (astar) *n m* Missile, weapon; Inner coating, lining of a garment.

ਅਸਤੀਫਾ (asteefaa) *n m* Resignation; ~ਦੇਣਾ To Resign.

ਅਸੰਤੁਸ਼ਟ (asantushṭ) *a* Dissatisfied, displeased, discontented.

ਅਸੰਤੋਖ (asantokh) *n m* Dissatisfaction, discontentment.

ਅਸਥਾਈ (asathai) *a* Temporary, impermanent, transitory.

ਅਸਥਾਨ (asthaan) *n m* Place, position room, residence, space.

ਅਸਥਾਪਤ (asthaapat) *a* Installed, established, appointed.

ਅਸਥਾਪਨ (asathapan) *n m* Installation.

ਅਸਥਾਪਨਾ (asathapana) *n f* Establishment, instalment.

ਅਸਪਸ਼ਟ (aspashṭ) *a* Ambigious, vague, obscure, dubious imperceptible, illegible, not clear; ~ਤਾ Lack of clarity, obscureness, vagueness, ambiguity.

ਅਸਪਾਤ (aspaat) *n m* Steel.

ਅਸਬਾਬ (asbaab) *n m* Luggage, baggage, reasons, causes.

ਅਸੰਭਵ (asambhav) *a* Impossible, impracticable, improbable.

ਅਸਮਤ (asmat) *n f* Modesty, chastity.

ਅਸਮਤਾ (asamtaa) *n f* Inequality, dissimilarity.

ਅਸਮਰਥ/ਅਸਮਰਥਕ (asmarath/ asmarathak) *a* Incapable, unable, incompetent, weak, Impotent.

ਅਸਮਾਨ (asmaan) *n m* Sky, heaven; ~**ਸਿਰ ਤੇ ਚੁਕਣਾ** To create havoc, to make exclusive noise; ~**ਟੁਟ ਪੈਣਾ** To be struck by calamity; ~**ਤੇ ਉਡਣਾ** To be proud; ~**ਤੇ ਚੜ੍ਹਨਾ** To be too proud, to be too vain; ~**ਤੋਂ ਡਿਗਣਾ** To fall from a great height; ~**ਨੂੰ ਟਾਕੀ ਲਾਉਣੀ** To be crafty.

ਅਸਮਾਨੀ (asmaanee) *a* Sky blue, azure, heavenly.

ਅਸਰ (asar) *n m* Effect, influence, impression; Result, consequence; ~**ਦਾਇਕ** Effective, impressive, forceful, influential.

ਅਸਲ (asal) *a* Real, true, pure de facto, capital, amount.

ਅਸਲਾ (aslaa) *n* (1) Arms, military weapons; (2) Root, source, origin.

ਅਸਲੀ (aslee) *a* Original, real, true, pure, unadulterated.

ਅਸਲੀਅਤ (asliyat) *n f* Reality, fact, actuality.

ਅਸ਼ਲੀਲ (ashleel) *a* Obscene, vulgar, indecent; ~**ਲਿਖਤ** Pornography.

ਅਸਵਾਰ (aswaar) *n m* Rider.

ਅਸ਼ਾਂਤੀ (ashaantee) *n f* Disorder, disquiet, dissatisfaction.

ਅਸਾਧ (asaadh) *a* Incurable, Incorrigible, desperate.

ਅਸਾਧਾਰਨ (asaadhaaran) *a* Uncommon, extraordinary, unusual, abnormal, a typical.

ਅਸਾਨ (asaan) *a* Easy, facile.

ਅਸਾਰ (asaar) *n a* (1) Traces, signs, characteristics; (2) Width; Meaningless, unreal.

ਅਸਾਵਧਾਨ (asaawdhaan) *a* Careless, inadvertent.

ਅਸਾਵਧਾਨੀ (asavdani) *n f* Inattention, inattentiveness, heedlessness, carelessness, inadvertence, inadvertency.

ਅਸਿੱਖ (asikkh) *a* Unteachable, untutored; Not sikh-like.

ਅਸੀਂ (aseen) *pron* We.

ਅੱਸੀ (assee) *a* eighty.

ਅਸੀਸ (asees) *n m* Blessing, benediction.

ਅਸ਼ੁਧ (ashudh) *a* Impure, adulterated; Wrong, incorrect.

ਅਸ਼ੁਧੀ (ashudhee) *n f* Mistake, error, inaccuracy, misprint; **~ਪਤਰ** Errata, erratum.

ਅਸੁਰ (asur) *n m* Demon, devil, satan.

ਅਸੂਝ (asoojh) *n* Indicretion.

ਅਸੂਲ (asool) *n m* Principal, rule, law, theory, doctrine, canon; **~ਨ** On principle, in principle.

ਅਸੂਲੀ (asuli) *a* Principled, morally correct or vaild, righteous.

ਅਹੰਕਾਰ (ahāankaar) *n m* Same as **ਅਹੰ**; Pride, arrogance, conceit.

ਅਹੰਕਾਰੀ (ahāankaari) *a* Proud, arrogant, conceited.

ਅਹਿਦ (ahed) *n m* Resolve, vow, determination, promise.

ਅਹਿਮ (ahem) *a* Important, essential, significant, momentous.

ਅਹਿੰਸਾ (ahinsaa) *n f* Non-violence.

ਅਹਿਮਕ (ahemak) *n m* Fool, stupid; **~ਪੁਣਾ** Foolishness stupidity.

ਅਹਿਮੀਅਤ (ahimeeyat) *n f* Importance, significance.

ਅਹਿੱਲ (ahill) *a* Immovable, employee, agent, public servant, petty official.

ਅਹਿਲਕਾਰ (ahilkaar) *n m* Official, clerk in a court of law.

ਅਹੁਦਾ (auhdaa) *n m* Rank, post.

ਅਹੂਤੀ (ahootee) *n f* Oblation, burnt offering, immolation.

ਅੰਕ (ank) *n m* (1) Numeral, number, mark, figure; (2) Letter of the alphabet; (3) Act (of a drama); (4) Issue (of a newspaper or magazine).

ਅਕਸ (aks) *n m* Reflection, reflected image.

ਅਕਸਰ (aksar) *adv* Often, frequently, mostly.

ਅਕਸਰੀਅਤ (aksareeat) *n f* Majority.

ਅੱਕਣਾ (akkaṇaa) *v* To be fed up, to be bored, tired (of), irritated.

ਅਕਦ/ਅਗਦ (akad/agad) *n* Marriage.

ਅਕਲ (akal) *n f* Wisdom, intelligence, sense, head, reason; **~ਟਿਕਾਣੇ ਲਾਉਣੀ** To set right, to bring sense, to cut to size; **~ਮੰਦ** Wise, sensible; **~ਤੇ ਪਥਰ ਪੈਣੇ** To be out of one's head, to be bereft of all intellect; **~ਤੇ ਪੜਦਾ ਪੈਣਾ** To be stupid; **~ਦਾ ਅੰਨ੍ਹਾ** Fool, block head, stupid; **~ਦਾ ਦੁਸ਼ਮਣ** Silly, stupid; **~ਦਾ ਪੂਰਾ** Foolish (sarcastically); **~ਦੁੜਾਉਣੀ** To think, to reason.

ਅਕਾ (akaa) *n* Boredom, tedium, iksomeness, wearisomeness, nuisance, annoyance, exasperation.

ਅਕਾਉਣਾ (akaauṇaa) *a* Boring, monotonous, tedious, dreary.

ਅਕਾਉ (akaaoo) *a* Boring, dreary.

ਅਕਾਰਥ (akaarath) *a* Useless, fruitless, unprofitable; **~ਜਾਣਾ** To go waste, to be wasted.

ਅਕਾਰਨ (akaaran) *a adv* Without cause, unprovoked, needless, groundless, unnecessary, unwarranted; Needlessly, unnecessarily.

ਅਕਾਲ (akaal) *a n m* Untimely, before time, immortal, timeless, god; **~ਪੁਰਖ** God, not affected by death or time; **~ਚਲਾਣਾ ਕਰਨਾ** To pass away, to die, to breathe one's last away.

ਅਕਾਲੀ (akaalee) *a m* Divine, a sect of the sikhs.

ਅਕੀਦਾ (akeedaa) *n* Faith, belief, doctrine, principle.

ਅਕੇਵਾਂ (akevaan) *n* Boredom, tendium, weariness, exasperation.

ਅੱਖ (akkh) *n f* Eye; **~ਆਉਣੀ** To have sore eye; **~ਨਾ ਚੁਕਣੀ** To be ashamed, not to look up; **~ਬਚਾਉਣੀ** To avoid notice, to slip away, to blink; **~ਮਚੋਲੀ** Hide and seek; **~ਲੜਨੀ** To fall in love.

ਅਖੰਡ (akhanḍ) *a* Indivisible, undivided; continuous, whole entire, uninterrupted; **~ਪਾਠ** Uninterrupted recitation, non-stop recital of Sikh or Hindu scripture.

ਅਖਤਿਆਰ (akhtiyaar) *n m* Authority, competency, right, discretion.

ਅਖ਼ਬਾਰ (akhbaar) *n m* Newspaper.

ਅੱਖਰ (akkhar) *n m* Letter, character (of alphabet); Syllable; **~ਕ੍ਰਮ** Alphabetical order.

ਅੱਖਰੀ (akkharee) *a* Pertainning to letters, literal.

ਅੱਖਰੋਟ (akhroṭ) *n m* Walnut.

ਅਖਵਾਉਣਾ (akhvaauṇaa) *v* Get communicated or recommended; To be called, to cause to say.

ਅਖੜ (akhaṛ) *a* Rude, haughty, quarrelsome, obstinate, wild, impolite, rough, uncivilized; **~ਪੁਣਾ** Brusqness, stubborness, arrogance.

ਅਖਾਣ (akhaaṇ) *n m* Proverb, saying, aphorism, adage.

ਅਖਾੜਾ (akhaaṛaa) *n m* Arena, wrestling place, plaestra, amphitheatre.

ਅਖੀਰ (akheer) *n adv f* End, extreme; Limit; Atlast.

ਅਖੁੱਟ (akhuṭṭ) *a* Boundless, inexhaustible.

ਅੱਗ (agg) *n a f* Fire, heat, flame, jealousy, passion; Burning, very

hot; ~ਤੇ ਤੇਲ ਪਾਉਣਾ To add fuel to the fire; ~ਤੇ ਪਾਣੀ ਪਾਉਣਾ To pacify, to calm down; ~ਤੇ ਲੇਟਣਾ To be uneasy, to be restless; ~ਦੇਣੀ To light the pyre, to perform funeral rites; ~ਪਾਣੀ ਦਾ ਵੈਰ Innate mutual hostility; ~ਬਗੋਲਾ ਹੋਣਾ To fly into rage; ~ਭੜਕਾਉਣੀ To excite.

ਅੰਗ (ang) *n m* Limb, part, portion, fraction, division; Member.

ਅਗਰ (agar) *n conj f* Front; If, in case; ~ਗਾਮੀ Forerunner, progressive, foremost, precedent.

ਅੰਗਰੇਜ਼ (angrez) *n m* Englishman, The English, Britisher.

ਅੰਗਰੇਜ਼ੀ (angrezee) *a n m* English, British; English language.

ਅਗਵਾ (agwaa) *n m* Abduction; ~ਕਰਨਾ To abduct, to hijack.

ਅਗਵਾਈ (agwaaee) *n f* Guidance, leadership; ~ਕਰਨਾ To lead, to guide, to provide leadership.

ਅਗਵਾਨੀ (agvaanee) *n f* Welcome, reception; ~ਕਰਨੀ To welcome, to receive, to usher.

ਅਗਵਾੜਾ (agvaaṛaa) *n m* Front side, front portion, foreground, front, facade.

ਅਗੜ-ਪਿਛੜ (aggaṛ-picchaṛ) *adv* One after the other, one behind the other, successively, in quick succession.

ਅਗੜਮ-ਬਗੜਮ (agaṛam-bagṛam) *a* Worthless, absurd, irrelevant.

ਅੰਗੜਾਈ (angṛaaee) *n f* Stretching of the limbs.

ਅਗਾਂਹ (agaanha) *a m* Forword, onward, future, more; ~ਚਲਣਾ To march forward.

ਅਗਾੜੀ (agaaṛee) *n f* Front position, forepart, future; Rope with which horse is tied; ~ ਪਿਛਾੜੀ One behind the other, forward and backward.

ਅੰਗੀ (angee) *n f* Brassiere, bodice.

ਅੰਗੀਠੀ (angeeṭhee) *n f* Furnace, fire pot, stove, heater.

ਅੰਗੂਠਾ (angooṭhaa) *n m* Thumb, the great toe; ~ਵਿਖਾਉਣਾ To defy, to challenge.

ਅਗੂੰਠੀ (angooṭhee) *n m* Finger ring, ring.

ਅੰਗੂਰ (angoor) *n m* Grapes, vines, scale.

ਅਗੇ (agge) *adv* Before, in front, onward; ~ਅਗੇ Ahead, forward, a course of time; ~ਕਰਨਾ To present, to put forward, to push forward; ~ਦੌੜ ਪਿਛੇ ਚੋੜ Haste makes waste; ~ਨਿਕਲਣਾ To surpass, to cross, to advance,

to overtake; ~ਵਧਣਾ To progress, to proceed, to improve.

ਅਗੇਤਰ (agetar) *n* Prefix, affix.

ਅੰਗੋਛਾ (angochhaa) *n m* Towel, any piece of cloth for wiping.

ਵਰਣ (varaṇ) *n m* (1) Colour, caste; (2) Speech sound, a letter of alphabet; ~**ਸੰਕਰ** Hybrid; ~**ਹੀਨ** Casteless.

ਵਰਣਨ (varṇan) *n m* Description, account, narration; ~**ਕਰਨਾ** To describe, to narrate, to relate.

ਵਰਤ (varat) *n m* Fast; ~**ਰਖਣਾ** To keep fast; ~**ਲੈਣਾ** To take a fast.

ਵਰਤਨ (vartaṇ) *n m* Treatment, dealings, use, business.

ਵਰਤਣਾ (vartaṇaa) *v* To use, to treat.

ਵਰਤਾਉਣਾ (vartaauṇaa) To distribute.

ਵਰਦੀ (vardee) *n f* Uniform, dress.

ਵਰਧਨ (vardhan) *n m* Enhancement, increase, propagation.

ਵਰਯਾਮ (varlyaam) *n m* Brave person, hero.

ਵਰ੍ਹਾ (varhaa) *n m* Year.

ਵਰੀ (varee) *n f* Dresses, ornaments presented to bride by her in-laws.

ਵਲ (val) *a n m* Hale and hearty; Method, tact; Twist, coil, turn; ~ਹੋ ਜਾਣਾ To recoup, to recover health; ~ਪਾਉਣਾ To spiral, to make a loop.

ਵੱਲ (vall) *adv* On the side of, in The direction of, towards, against.

ਵਲਵਲਾ (valvalaa) *n m* Excitement, passion, sentimentality.

ਵਲਾਉਣਾ (valaauṇaa) *v* To coil, to wrap round, to twist, to coax.

ਵਲਾਇਤ (valaait) *n f* Foreign country, alien country.

ਵਲਾਇਤੀ (vallaitee) *a* Foreign, European, Englishman. Also **ਵਲੈਤੀ**

ਵਲੀ (valee) *n m* Hermit, saint.

ਵਲੂੰਧਰ (valoondhar) *n m* Scratch.

ਵਲੂੰਧਰਨਾ (valoondharnaa) *v* To scratch, to claw.

ਵਲ੍ਹੇਟਣਾ (valhetṇaa) *v* To fold, to wrap, to gird.

ਵੱਲੋਂ (valon) *adv* From, on behalf of, from the side of.

ਵੜਨਾ (vaṛnaa) *v* To enter, to pierce, to step, to penetrate.

ਵਾਇਦਾ (vaaidaa) *n m* Promise; ~ਸ਼ਿਕਨ Promise breaker; ~ਖਿਲਾਫ਼ੀ Violation of commitment.

ਵਾਈ (vaaee) *n f* Flatulence.

ਵਾਸਕਟ (waaskaṭ) *n m* Waist coat.

ਵਾਸਤਾ (vaastaa) *n m* Concern, relation, connection.

ਵਾਸਨਾ (vaasnaa) *n f* Lust, sensuality, desire, smell; ~ਮਈ Sensual, lusty.

ਵਾਹਿਗੁਰੂ (vaheguru) *n m* God, Almighty.

ਵਾਹਿਯਾਤ (vahiyaat) *a* Absurd, worthless.

ਵਾਹੁਣਾ (vaahuṇaa) *v* To plough, to till, to drive, (car, tonga etc), to discharge.

ਵਾਕਫ਼ (vaakaf) *n m a* Acquaintance; Conversant, knowing, aware of; ਨਾ~ Ignorant, unknown.

ਵਾਕਫ਼ੀਅਤ (vaafiat) *n f* Acquaintance, knowledge. Also **ਵਾਕਫ਼ੀ**

ਵਾਕਿਆ (vaakiaa) *n m* Event, incident, happening, news.

ਵਾਗ (vaag) *n f* Rein; ~ਗੁੰਦਣੀ To braid.

ਵਾਚਣਾ (vaachṇaa) *v* To read, recite, study.

ਵਾਛੜ (vaachhaṛ) *n f* Shower, rain.

ਵਾਜਬ (vaajab) *a* Reasonable, proper, fit, suitable.

ਵਾਜਬੀ (vaajbee) *a* Reasonable.

ਵਾਜਾ (vaajaa) *n m* Harmonium, musical instrument, band.

ਵਾਂਜਾ (vaanjaa) *a* Without, devoid of, lacking.

ਵਾਜ਼ਿਆ (vaaziaa) *a* Evident, clear, manfest, lucid; Explained, described, elucidated.

ਵਾਂਝਾ (vaanjhaa) *a* Bereft, divested, without.

ਵਾਢਾ (vaaḍhaa) *n m* Cut, mark of cutting.

ਵਾਣ (vaaṇ) *n m* Coarse twine for cot.

ਵਾਤਾਵਰਣ (vaataavaraṇ) *n m* Atmosphere, surroundings, climate.

ਵਾਦੀ (vaadee) *n f* Valley, vale.

ਵਾਧਾ (vaadhaa) *n m* Increase, extension, promotion, increment.

ਵਾਧੂ (vaadhoo) *a* Superfluous, not needed, in excels.

ਵਾਪਸ (vaapas) *a* Returned, given back; ~**ਆਉਣਾ** To come back, to return; ~**ਦੇਣਾ** To take back, to withdraw.

ਵਾਪਸੀ (vaapsee) *n f* Return, reversion.

ਵਾਪਰਨਾ (vaaparnaa) *v* To happen, occur, to come to pass, to take place, to befall.

ਵਾਬਸਤਾ (vaabastaa) *a* Connected, attached, linked, conjoint, conjunct, associated.

ਵਾਯੂ (vayoo) *n f* Air, wind.

ਵਾਰ (vaar) *n m* (1) Blow, attack, stroke; (2) Day; (3) Turn; Layer; (4) Sacrificing; Ballad.

ਵਾਰਸ (vaaras) *n m* Heir, successor; ~**ਹੋਣਾ** To succeed, to inherit.

ਵਾਰਸੀ (vaarsee) *n f* Inheriance, succession.

ਵਾਰਸ਼ਿਕ (vaarshik) *a* Yearly, annual.

ਵਾਰਤਾ (vaartaa) *n f* Negotiation, narrative, news, report; ~**ਲਾਪ** Dialogue, conversation, discourse.

ਵਾਰਦਾਤ (vaardaat) *n f* Incident, happening, affray, skirmish.

ਵਾਰਨਾ (vaarnaa) *v* To sacrifice, to devote, to offer something to deity.

ਵਾਲ (vaal) *n m* Hair; ~**ਸੰਵਾਰਨਾ** To comb the hair; ~**ਵਾਲ ਬਚਣਾ** To have a narrow escape.

ਵਾਲੀ (vaalee) *n m* Master, owner, lord, ruler, protector, guardian.

ਵਾਵੇਲਾ (vaavelaa) *n m* Hue and cry, outcry, clamour, lamentation.

ਵਾੜਨਾ (vaaṛnaa) *v* To thrust into, to stuff, to penetrate.

ਵਿਅਕਤਿਤਵ (viyaktitv) *n m* Personality.

ਵਿਅਕਤੀ (viyaktee) *n m* Person, individual; ~**ਕਰਨ** Individualisation; ~**ਗਤ** Personal, individual.

ਵਿਅੰਗ (viang) *n m* Irony, sarcasm, joke.

ਵਿਅਰਥ (viyarth) *a adv* Useless, fruitless, null; In vain, to no effect.

ਵਿਆਹ (viaah) *n m* Marriage, wedding, matrimony; ~**ਕਰਨਾ** To marry.

ਵਿਆਂਹਦੜ (viaanhdaṛ) *n m* Bride, bridegroom, About to be married.

ਵਿਆਹੁਣਾ (viaahuṇaa) *v* To marry, to wed.

ਵਿਆਕਰਣ (viaakaaraṇ) *n m* Grammar, Science of language.

ਵਿਆਕੁਲ (viaakul) *a* Confounded, distempered, impatient, agitated.

ਵਿਆਖਿਆ (viaakhiyaa) *n f* Elucidation, description, explanation; ~**ਕਰਨੀ** To elucidate, to expound, to interpret, to describe; ~**ਪਰਕ** Interpretative; ~**ਤਮਕ** Explanatory, elucidatory; ~**ਨ** Speech, ration, discourse.

ਵਿਆਜ (viaaj) *n m* Interest; ~**ਖੋਰੀ** Usury.

ਵਿਆਪਤ (viaapat) *a* Diffused, pervading, spread.

ਵਿਸਤਾਰ (vistaar) *n m* Extersion, expansion, elaboration, detail; ~**ਕ** Amplifying, amplifier; ~**ਪੂਰਬਕ** Indetail; ~**ਵਾਦ** Expansionism.

ਵਿ ਸਥਾਪਿਤ(visthaapit) *a* Displaced.

ਵਿਸਫੋਟ (visphoṭ) *n m* Explosion, violent out burst.

ਵਿਸਰਜਨ (visarjan) *n m* Adjournment.

ਵਿਸਰਣ (visaraṇ) *n m* Forgetfulness, forgetting.

ਵਿਸਰਨਾ (visarnaa) *v* To forget, to be forgotten.

ਵਿਸ਼ਰਾਮ (vishraam) *n m* Rest, repose, relaxation, stop; ~**ਚਿੰਨ੍ਹ** Punctuation.

ਵਿਸ਼ਵ (vishw) *n m* World, universe, cosmos; ~**ਕੋਸ਼** Encyclopaedia; ~**ਵਿਦਿਆਲਾ** University.

ਵਿਸ਼ਵਾਸ (vishwass) *n m* Faith, belief, trust, reliance; ~**ਕਰਨਾ** To believe, to trust, to rely, to accredit; ~**ਘਾਤ** Betrayal, treason, deception, violation of trust; ~**ਪਤਰ** Credentials; ~**ਪਾਤਰ** Faithfully. Also **ਵਿਸਾਹ**

ਵਿਸਾਰਨਾ (visaarnaa) *v* To forget.

ਵਿਸ਼ੈਲਾ (vishailaa) *a* Poisonous, virose, toxic.

ਵਿਹਲੜ (vehlaṛ) *a* Idle, unoccupied, unemployed, indolent, lazy, slothful.

ਵਿਹਲਾ (vehlaa) *a* Leisured, unoccupied, idle, unemployed, unengaged, not busy, relaxing.

ਵਿਕਣਾ (vikṇaa) *v* To be sold, to sell.

ਵਿੱਕਰੀ (vikkree) *n f* Sale, quantity sold, sale proceeds.

ਵਿਕਲਪ (vikalap) *n m* Alternation; alternate.

ਵਿਕਾਸ (vikaas) *n m* Development, evolution; ~ਸ਼ੀਲ Developing; evolving; ~ਵਾਦ Evolution.

ਵਿਖਾਉਣਾ (vikhaauṇaa) *v* To show.

ਵਿਖਾਈ (vikjaaee) *n f* Showing, unveiling.

ਵਿਗੜਨਾ (vigaṛnaa) *v* To be spoiled, to be damaged, to be deteriorate.

ਵਿੰਗਾ (vingaa) *a* crooked, bent, not straight; ~ਤੜਿੰਗਾ Curved, wavy, uneven.

ਵਿਗਾੜ (vigaaṛ) *n m* Breach, discord rupture, damage, disorder, deformity, impairment.

ਵਿਗਾੜਨਾ (vigaaṛnaa) *v* To spoil, to demage, to destory, to bungle.

ਵਿਗਿਆਨ (vigiaan) *n m* Science; ਅਰਥ~ Economics; ਸਮਾਜ~ Sociology; ਭਾਸ਼ਾ~ Lingiustics; ਪ੍ਰਾਣੀ~ Zoology; ਮਨੋ~ Psychology; ਰਸਾਇਣ~ Chemistry.

ਵਿਗਿਆਨਿਕ (vigiaanik) *a* Scientific.

ਵਿਗਿਆਨੀ (vigiaanee) *n m* Scientist.

ਵਿਗਿਆਪਨ (vigiaapan) *n m* Advertisement.

ਵਿਘਟਨ (vighaṭan) *n m* Disintegration, disorganisation, dissociation.

ਵਿਘਨ (vighan) *n m* Hitch, interruption, obtacle, hindrance.

ਵਿਚ (vich) Prep Inside, in, into; ~ਕਾਰ Among, during, in between, intermediate.

ਵਿਚਰਨਾ (vicharnaa) *v* To wander, to stroll about, to go.

ਵਿਚਾਰ (vichaar) *n m* Notion, idea, feeling, consideration, opinion, view, judgement; ~ਸ਼ੀਲ Deliberative; ~ਕਰਨਾ To consider, to ponder, to calculate; ~ਮੂਲਕ Ideational; ~ਵਾਨ Thinker, philosopher.

ਵਿਚਾਰਾ (vichaaraa) *a* Helpless, poor, wretched.

ਵਿਚਾਰਲਾ (vichaarlaa) *a* Middle, intermediate. Also ਵਿਚਾਲਾ

ਵਿਚੋਲਾ (vicholaa) *n m* Mediator, middleman.

ਵਿਛਣਾ (vichhṇaa) *v* To be spread, to be stretched.

ਵਿਛੜਨਾ (vichhaṛnaa) *v* To be separate, to part.

ਵਿਛਾਉਣਾ (vichhaauṇaa) *v n m* To spread; Bedding.

ਵਿਛੋੜਾ (vichhoṛaa) *n m* Separation, parting, detachment.

ਵਿਜੈ (vijai) *n f* Conquest, victory.

ਵਿਜੋਗ (vijog) *n m* Separation, disunion, absence.

ਵਿੱਤ (vitt) *n m* Finance.

ਵਿਥ (vitth) *n f* Distance, difference, space.

ਵਿਦਰੋਹੀ (vidrohee) *a* Rebellious.

ਵਿਦਵਾਨ (vidwaan) *n m* Scholar, learned person.

ਵਿਦਾ (vidaa) *n f* Farewell, adieu, departure; **~ਈ** Parting, departure, send off.

ਵਿਦਿਆ (vidiyaa) *n f* Education, instruction, learning, knowledge, study; **~ਰਥੀ** Student, pupil; **~ਲਾ** School, educational institution.

ਵਿਦੂਸ਼ਕ (vidooshak) *n m* Buffon, clown.

ਵਿਦੇਸ਼ (videsh) *n m* Foreign country.

ਵਿਦੇਸ਼ੀ (videshee) *n m a* Foreigner; Foreign, aline.

ਵਿਧਾਤਾ (vidhaataa) *n m* Maker, God, providence.

ਵਿਧਾਨ (vidhaan) *n m* Legislation, constitution.

ਵਿਧੀ (vidhee) *n f* Method, manner.

ਵਿੰਨ੍ਹਣਾ (vinnhṇaa) *v* To pierce, to perforate.

ਵਿਨਾਸ਼ (vinaash) *n m* Destruction, ruin, annihilation, disaster.

ਵਿਪਖ (vipakh) *n m* Opposition.

ਵਿੱਪਖੀ (vipakhee) *a* Opponent, antagonist, antagonistic; Hostile, opposing.

ਵਿਫਲ (viphal) *a* Unsuccessful, fruitless, vain; **~ਤਾ** Failure, uselessness.

ਵਿਭਚਾਰ (vibhchaar) *n m* Adultery, fornication, prostitution.

ਵਿਭਾਗ (vibhaag) *n m* Department.

ਵਿਭਾਗੀ (vibhaagee) *a* Departmental.

ਵਿਭਾਜਨ (vibhaajan) *n m* Division.

ਵਿਮਾਨ (vimaan) *n m* Aeroplane; **~ਚਾਲਣ** Aerial navigation; **~ਚਾਲਕ** Pilot.

ਵਿਮੋਚਨ (vimochan) *n m* Release, acquittal.

ਵਿਰਲਾ (virlaa) *a* Rare.

ਵਿਰਾਸਤ (viraasat) *n f* Inheritance, heredity, legacy.

ਵਿਰਾਨਾ (viraanaa) *n m* Ruins, deserted place.

ਵਿਰਾਮ (viraam) *n m* Stoppage, respite, cessation, prorogation.

ਵਿਰੇਚਨ (virechan) *n m* Purgation.

ਵਿਰੋਧ (virodh) *n m* Hostility, resistance, discord, opposition, discrepancy contradiction, constrast.

ਵਿਰੋਧੀ (virodhee) *a n m* Opposing, antagonistic; Hostile.

ਵਿਲਕਣਾ (vilakṇaa) *v* To sob, to weep, to lament, to cry.

ਵਿਵਹਾਰ (vivhaar) *n m* Behaviour; Conduct

ਵਿਵਾਦ (vivaad) *n m* Controversy, dispute; **~ਗ੍ਰਸਤ** disputed, controversial.

ਵਿਵੇਕ (vivek) *n m* Discretion, reason; **~ਸ਼ੀਲ** Rational; **~ਹੀਣ** Irrational,

unreasonable.

ਵਿਵੇਕੀ (vivekee) *a* Discretionary.

ਵੀ (vee) *adv* As well as, even.

ਵੀਹ (veeh) *a* Twenty.

ਵੀਟਣਾ (veeṭṇaa) *v* To spill, to throw away.

ਵੀਰ (veer) *n m a* Brother; Brave, gallant, valiant.

ਵੀਰਾਨ (veeraan) *a* Deserted, desolate, uninhabitated; ~ਕਰਨਾ To lay waste, to devastate.

ਵੇਸਣ (vesaṇ) *n m* Gramflour.

ਵੇਖਣਾ (vekhṇaa) *v* To see, to look, to observe, to view.

ਵੇਚਣਾ (vechṇaa) *v* To sell, to dispose of, to vend.

ਵੇਦੀ (vedee) *n f* Altar.

ਵੇਰਵਾ (vervaa) *n m* Detail, particulars, description.

ਵੇਲਾ (velaa) *n m* Time, hour, occasion; ਵੱਡਾ~ Morning.

ਵੇੜਨਾ (veṛnaa) *v* To encircle, to enclose, to collect (scattered animals), to hem in fold.

ਵੇੜ੍ਹਾ (veṛhaa) *n m* Compound, courtyard; Patio.

ਵੈਣ (vaiṇ) *n m* Dirge, funeral song, threnody.

ਵੈਰ (vair) *n m* Enmity, ill will, hostility; ਜੱਦੀ~ Vendetta; ~ਕਢਣਾ To take revenge, to retaliate; ~ਮੁੱਲ ਲੈਣਾ To create bad bood.

ਵੈਰੀ (varee) *n m* Enemy, foe, hostile person.

ਵੈਰਾਗ (vairaag) *n m* Renunciation, alienation, dejection, disconsolation.

ੜ

ੜ Thirtyfifth letter of Gurmukhi alphabets, pronounced as 'ṛaaṛaa'.

ੜਾੜ (ṛaaṛ) *n f* Quarrel, dispute, wrangle, fight.

ENGLISH-PUNJABI DICTIONARY

A

A, a (ਏਇ) *n* ਰੋਮਨ ਵਰਣਮਾਲਾ ਦਾ ਪਹਿਲਾ ਅੱਖਰ, ਪਹਿਲੀ ਗੱਲ

a, an (ਅ, ਅਨ) *a* ਇਕ, ਕੋਈ ਇਕ, ਕੋਈ; ਫ਼ੀ, ਪ੍ਰਤੀ

A 1, A one (ਏਇ'ਵਅੱਨ) *a* ਉੱਤਮ, ਸ੍ਰੇਸ਼ਠ

aback (ਅ'ਬੈਕ) adv ਪਿੱਛੇ, ਪਿਛਲੇ ਪਾਸੇ, ਪਿਠ, ਵੱਲ, ਹਟਦਾ, ਪਿਛਾਂਹ ਨੂੰ; **taken~** ਹੈਰਾਨ , ਡੌਰ-ਭੌਰ, ਚਕ੍ਰਿਤ

abandon (ਅ'ਬੈਂ ਡਅਨ)*v n* ਛੱਡਣਾ, ਛੱਡ ਦੇਣਾ; ਤੱਜਣਾ, ਤਿਆਗਣਾ, (ਦੇ) ਹਵਾਲੇ ਕਰਨਾ, ਖਹਿੜਾ ਛੱਡ ਦੇਣਾ, ਕਿਸੇ ਜਜ਼ਬੇ ਜਾਂ ਵਾਸਨਾ ਅਧੀਨ ਹੋਣਾ, ਸਾਥ ਛੱਡਣਾ; ਤਿਆਗ; **~ed** ਛੱਡਿਆ, ਤਿਆਗਿਆ, ਵੀਰਾਨ, ਤੱਜਿਆ, ਲੁੱਚਾ-ਲਫ਼ੰਗਾ; ~ment ਤਿਆਗ, ਛੱਡ-ਛਡਾ; ਬੇਪਰਵਾਹੀ

abase (ਅ'ਬੇਇਸ) *v* ਨਿਰਾਦਰੀ ਕਰਨੀ, ਬੇਕਦਰੀ ਕਰਨੀ; **~ment** ਨਿਰਾਦਰੀ, ਅਨਾਦਰ, ਬੇਕਦਰੀ

abask (ਅ'ਬਾਸਕ) *adv* ਧੁੱਪੇ

abate (ਅ'ਬੇਇਟ) *v* ਘਟਾਉਣਾ, ਘਟਣਾ, ਮੱਧਮ ਕਰਨਾ, ਮੱਧਮ ਹੋਣਾ, ਮੱਠਾ ਕਰਨਾ, ਮੱਠਾ ਪੈਣਾ, (ਰੋਗ ਦਾ) ਘੱਟ ਹੋਣਾ, ਮੋੜਾ ਪੈਣਾ; ਕਟੌਤੀ ਕਰਨੀ; **~ment** ਕਮੀ

abbe (ਐਬੇਇ) *n* ਮਹੰਤ

abbey (ਐਬਿ) *n* ਮੱਠ

abbot (ਐਬਅਟ) *n* ਮਹੰਤ, ਮੱਠ ਦਾ ਸੁਆਮੀ

abbreviate (ਅ'ਬਰੀਵਿਇਏਇਟ) *v a* ਸੰਖੇਪ ਕਰਨਾ, ਛੋਟਾ ਰੂਪ ਦੇਣਾ; ਸਾਰ ਕੱਢਣਾ; ਸੰਖਿਪਤ, ਸੰਖੇਪ; **~d** ਸੰਖਿਪਤ, ਸੰਖੇਪ, ਕੱਟਿਆ-ਵੱਢਿਆ

abbreviation (ਅਬਰੀਵਿਏਇਸ਼ਨ) *n* ਛੋਟਾ ਰੂਪ, ਸੰਖੇਪ, ਸੰਖਿਪਤ ਰੂਪ

ABC (ਏਇ ਬੀ ਸੀ) *n* ਵਰਣਮਾਲਾ, ਊੜਾ-ਐੜਾ; ਵਿਸ਼ੈ ਸਬੰਧੀ ਮੁੱਢਲੀਆ ਗੱਲਾਂ, ਆਰੰਭਕ ਜਾਣਕਾਰੀ

abdicate ('ਐਬਡਿਕੇਇਟ) *v* ਪਦ ਜਾਂ ਅਧਿਕਾਰ ਦਾ ਤਿਆਗਣਾ, ਰਾਜ-ਕਾਜ ਤਿਆਗਣਾ

abdication ('ਐਬਡਿ'ਕੇਇਸ਼ਨ) *n* ਪਦ-ਤਿਆਗ, ਰਾਜ-ਤਿਆਗ

abdomen ('ਐਬਡਅਮਅਨ) *n* ਢਿੱਡ, ਉਦਰ; ਕੀੜਿਆਂ ਆਦਿ ਦਾ ਬੂੰਡਾ

abdominal ('ਐਬ'ਡੌਮਿਨਲ) *a* ਢਿੱਡ ਦਾ, ਢਿੱਡ ਨਾਲ ਸਬੰਧਤ

abdominous (ਐਬ'ਡੌਮਿਨਅਸ) *a* ਢਿੱਡਲ, ਵੱਡੇ ਢਿੱਡ ਵਾਲਾ

abduct (ਅਬਡਅੱਕਟ) *v* ਅਗਵਾ ਕਰਨਾ, ਅਪਹਰਣ ਕਰਨਾ, ਉਧਾਲਣਾ; **~ion** ਉਧਾਲਾ, ਅਗਵਾ, ਅਪਹਰਣ; ਸਰੀਰਕ ਅੰਗ ਦੇ ਟਿਕਾਣੇ ਤੋਂ ਹਟਣ ਦੀ ਕਿਰਿਆ; (ਤਰਕ) ਸੰਦੇਹਜਨਕ ਅਨੁਮਾਨ; **~or** ਉਧਾਲੂ, ਅਗਵਾ ਕਰਤਾ, ਭਜਾ ਲੈ ਜਾਣ ਵਾਲਾ; ਉੱਤਰਿਆ ਅੰਗ

abeyance (ਅ'ਬੇਇਅੰ ਸ) *n* ਮੁਲਤਵੀ ਕਰਨਾ, ਅੱਗੇ ਪਾਉਣ, ਆਰਜ਼ੀ ਰੋਕ, ਅਟਕਾਉ

abhor (ਅਬ'ਹੋ*) *v* ਘਿਰਣਾ ਕਰਨੀ, ਨਫ਼ਰਤ ਕਰਨੀ; **~rence** ਸਖ਼ਤ ਨਫ਼ਰਤ, ਘਿਰਣਾ; **~rent** ਘਿਣਾਉਣਾ, ਘਿਰਣਾਜਨਕ, ਭ੍ਰਿਸ਼ਟ, ਤਿਰਸਕਾਰਯੋਗ; ਅਸੰਗਤ, ਬੇਮੇਲ, ਅਢੁੱਕਵਾਂ

abide (ਅ'ਬਾਇਡ) *v* ਟਿਕੇ ਰਹਿਣਾ, ਸਥਿਰ ਰਹਿਣਾ, ਕਾਇਮ ਰਹਿਣਾ ਜਾਂ ਰੱਖਣਾ; ਸਹਿਣਾ,

ਝੱਲਣਾ, ਪਾਬੰਦ ਰਹਿਣਾ, ਪੱਕੇ ਰਹਿਣਾ, ਪਾਲਣਾ ਕਰਨੀ

abiding (ਅ'ਬਾਇਡਿਙ) *a* ਪੱਕਾ, ਸਥਿਰ, ਟਿਕਵਾਂ, ਚਿਰਸਥਾਈ, ਕਾਇਮ ਰਹਿਣ ਵਾਲਾ

ability (ਅ'ਬਿਲਅਟਿ) *n* ਯੋਗਤਾ, ਕਾਬਲੀਅਤ, ਲਿਆਕਤ, ਕੁਸ਼ਲਤਾ, ਪ੍ਰਵੀਣਤਾ, ਸਮਰੱਥਾ, ਬਲ, ਹੈਸਿਅਤ; ਪ੍ਰਤਿਭਾ

abject (ਐਬਜੈੱਕਟ) *a v n* ਨੀਚ, ਕਮੀਨਾ, ਮੰਦਾ, ਹੀਣਾ, ਘਟੀਆ, ਮਾੜਾ, ਕਮੀਨਾ ਆਦਮੀ; **~ion** ਘਟੀਆਪਣ, ਖ਼ੁਆਰੀ; **~ness** ਨੀਚਤਾ, ਹੀਣਤਾ

abjure (ਅਬ'ਜੁਅ*) *v* (ਤੋਂ) ਤੋਬਾ ਕਰਨੀ, (ਦੀ) ਸਹੁੰ ਪਾਉਣੀ

ablative (ਐਬਲਅਟਿਵ਼) *a n* (ਵਿਆ) ਅਪਾਦਾਨ ਕਾਰਕ, ਸੰਸਕ੍ਰਿਤ ਵਿਆਕਰਣ ਵਿਚ ਪੰਜਵੀਂ ਵਿਭਕਤੀ

ablaze (ਅਬਲੇਇਜ਼) *a adv pred* ਮੱਚਦਾ, ਭੜਕਦਾ, ਉਤੇਜਤ

able ('ਏਇਬਲ) *a* ਯੋਗ, ਸਮਰੱਥ, ਪ੍ਰਵੀਣ, ਲਾਇਕ, ਕਾਬਲ, ਕੁਸ਼ਲ, ਗੁਣੀ; ਹੰਢਿਆ; **~bodied** ਤਕੜ, ਰਿਸ਼ਟ-ਪੁਸ਼ਟ, ਬਲਵਾਨ

ablution (ਅ'ਬਲੂਸ਼ਨ) *n* (ਆਮ ਤੌਰ ਤੇ ਬਹੁ ਵਚਨ) ਪੰਜ-ਇਸ਼ਨਾਨਾ, ਨਹਾਉਣ-ਧੋਣ, ਵੁਜ਼ੂ, ਸ਼ੁੱਧੀ

abnegate ('ਅਬੈਨਿਗੇਇਟ) *v* ਮਨ ਮਾਰਨਾ, ਪਰਹੇਜ਼ ਕਰਨਾ, ਛੱਡ ਦੇਣਾ, (ਅਧਿਕਾਰ ਆਦਿ ਨੂੰ) ਤਿਆਗਣਾ

abnegation (ਐਬਨਗੇਸ਼ਨ) *n* ਸੰਜਮ, ਪਰਹੇਜ਼, ਤਿਆਗ

abnormal (ਐਬ'ਨੋਰਮਲ) *a* ਅਸਾਧਾਰਨ , ਵਿਲੱਖਣ, ਵਚਿੱਤਰ, ਅਸੁਭਾਵਕ, ਅਸਚਰਜ, ਨਿਯਮ ਵਿਰੁੱਧ, ਕਸੂਤਾ, ਕੁਢੱਬਾ; **~ity** ਅਸਧਾਰਨਤਾ, ਵਿਲੱਖਣਤਾ, ਵਿਚਿੱਤਰਤਾ, ਅਸੁਭਾਵਕਤਾ, ਬੇਕਾਇਦਗੀ, ਅਸਚਰਜਤਾ, ਵੱਖਰਾਪਣ

aboard (ਅ'ਬੋːਡ) *adv prep* (ਜਹਾਜ਼ ਜਾਂ ਗੱਡੀ) ਵਿਚ; (ਇਕ ਜਹਾਜ਼ ਦਾ ਦੂਜੇ ਜਹਾਜ਼ ਦੇ) ਨੇੜੇ (ਹੋਣਾ), ਨਾਲ ਨਾਲ

abode (ਅ'ਬਅਉਡ) *n* ਘਰ, ਨਿਵਾਸ-ਸਥਾਨ , ਮਕਾਨ ; ਟਿਕਾਣਾ, ਰਹਿਣ ਦੀ ਥਾਂ, ਰਿਹਾਇਸ਼

abolish (ਅ'ਬੌਲਿਸ਼) *v* ਅੰਤ ਕਰਨਾ, ਮਨਸੂਖ਼ ਕਰਨਾ, ਬੰਦ ਕਰਨਾ, ਹਟਾਉਣਾ, ਰੱਦਣਾ, (ਰਿਵਾਜ ਆਦਿ ਨੂੰ) ਤੋੜਨਾ; **~ ment** ਅੰਤ, ਖ਼ਾਤਮਾ, ਮਨਸੂਖੀ, ਮੌਕੂਫ਼ੀ; (ਗੁਲਾਮੀ ਦੀ ਪ੍ਰਥਾ ਦਾ) ਕਾਨੂੰਨ ਰਾਹੀਂ ਅੰਤ

abominable (ਅ'ਬੌਮਿਨਅਬਲ) *a* ਘਿਰਣਾਜ ਨਕ, ਗੰਦਾ, ਕੁਹਜਾ, ਨਿੰਦਾਯੋਗ, ਭੈੜਾ ; ਕੁਲੱਛਣਾ

abomination (ਅ'ਬੌਮਿ'ਨੇਇਸ਼ਨ) *n* ਘਿਰਣਾ, ਨਫ਼ਰਤ, ਕੁਰਹਿਤ; ਘਿਰਣਾਯੋਗ ਕੱਮ ਜਾਂ ਆਦਤ

aboriginal ('ਐਬਅ'ਰਿਜਅਨਲ) *n a* ਆਦਿਵਾਸੀ, ਮੁਢਲੀ ਵਸਤੂ ਜਾਂ ਚੀਜ਼, ਪ੍ਰਾਚੀਨ, ਜਾਂਗਲੀ; **~ity** ਆਦਿਕਾਲੀਨਤਾ; **~s** ਆਦਿਵਾਸੀ, ਕਿਸੇ ਦੇਸ਼ ਦੇ ਮੂਲ ਵਸਨੀਕ

aborigines ('ਐਬਅ'ਰਿਜਅਨੀਜ਼) *n pl* ਆਦਿਵਾਸੀ, ਪੁਰਾਣੇ ਜਾਂਗਲੀ ਲੋਕ

abort (ਅ'ਬੋਟ) *v* (ਪਸ਼ੂਆਂ ਦਾ) ਤੂਣਾ, ਗਰਭਪਾਤ ਹੋਣਾ; ਮੁਰਝਾ ਜਾਣਾ; (ਯੋਜਨਾ ਆਦਿ) ਤਿਰੜ ਫਿਸ ਹੋਣਾ, ਠੱਪ ਹੋਣਾ; **~ion** ਪਸ਼ੂਆਂ ਦੇ ਤੂਣ ਦੀ ਕਿਰਿਆ, ਗਰਭਪਾਤ

abound (ਅ'ਬਾਉਂਡ) *v* ਭਰਪੂਰ ਹੋਣਾ, ਬਹੁਤਾਤ ਹੋਣੀ, ਕਾਫ਼ੀ ਹੋਣਾ, ਰੱਜੇ-ਪੁੱਜੇ ਹੋਣਾ, ਕਿਸੇ ਸਥਾਨ ਦਾ ਭਰਿਆ ਹੋਣਾ, ਛਲਕਣਾ

about (ਅ'ਬਾਉਟ) *adv prep* ਸਬੰਧ ਵਿਚ,

ਬਾਰੇ, ਵਿਸ਼ੈ ਵਿਚ, ਬਾਬੱਤ; ਘੁੰਮ ਕੇ, ਲਗਭਗ, ਤੇ, ਲਾਗੇ, ਕੋਲ, ਦੁਆਲੇ, ਚੁਫੇਰੇ, ਇੱਧਰ-ਉੱਧਰ, ਨੇੜੇ-ਤੇੜੇ; **be~** ਕਰਨ ਲੱਗਣਾ, ਆਹਰ ਵਿਚ ਹੋਣਾ; **bring~** ਕਰਾਉਣਾ, ਕਰਵਾ ਲੈਣਾ, ਹੋਂਦ ਵਿਚ ਲਿਆਉਣਾ; **go~** ਕਰਨ ਲੱਗਣਾ, ਕਰਨ ਦੇ ਆਹਰ ਵਿਚ ਲੱਗਣਾ

above (ਅ'ਬਅੱਵ਼) *adv prep* ਉੱਤੇ, ਉੱਪਰ, ਉਤਾਂਹ, ਉੱਪਰ ਲਿਖਤ, ਉਪਰੋਕਤ, ਉਕਤ, ਸਿਰ ਉੱਤੇ, ਕੋਠੇ ਉੱਤੇ, ਉਤਲੇ ਪਾਸਿਓਂ ਆਉਂਦਾ (ਪਾਣੀ, ਨਦੀ, ਸੜਕ), ਆਕਾਸ਼ ਵਿਚ; ਪਰਲੋਕ ਵਿਚ; **~all** ਸਭ ਤੋਂ ਵੱਧ ਇਹ ਕਿ; **~board** ਖੁੱਲ੍ਹਮ-ਖੁੱਲ੍ਹਾ, ਸਪਸ਼ਟ ਰੂਪ ਵਿਚ, ਪਰਗਟ ਰੂਪ ਵਿਚ, ਖ਼ਰਾ, ਈਮਾਨਦਾਰ; **~ground** ਜੀਉਂਦਾ-ਜਾਗਦਾ, ਜਾਨਦਾਰ; **~mentioned** ਉੱਤੇ ਦੱਸਿਆ ਜਾਂ ਦਿੱਤਾ, ਉਪਰੋਕਤ, ਉਕਤ, ਉਪਰਲਿਖਤ; **~measure** ਅਣਮਿਣਵਾਂ, ਬੇਹਿਸਾਬ, ਬੇਹੱਦ; **~par** ਅੰਕਤ ਮੁੱਲ ਤੋਂ ਵੱਧ, ਸਧਾਰਨ ਤੋਂ ਵਧੇਰੇ, ਵਧ ਕੇ; **over and~** ਇਸ ਤੋਂ ਇਲਾਵਾ, ਇਸ ਤੋਂ ਛੁੱਟ, ਅਤੇ ਨਾਲ ਹੀ

abrasion (ਅਬਰੇਇਯਨ) *n* ਰਗੜ, ਘਸੜ, ਘਿਸਾਈ, ਖੁਰਚ; ਖੁਰਚਣ ਨਾਲ ਪਿਆ ਜ਼ਖਮ

abrasive (ਅਬਰੇਇਸਿਵ) *a n* ਘਸਵਾਂ; ਰਗੜਨ ਵਾਲੀ ਵਸਤੂ

abreast (ਅਬ਼ਰੈਸਟ) *adv* ਨਾਲ-ਨਾਲ, ਬਰਾਬਰ ਤੇ; ਸਮੇਂ ਦੇ ਨਾਲ ਜਾਂ ਅਨੁਸਾਰ

abridge (ਅ'ਬਰਿਜ) *v* ਸੰਖੇਪ ਕਰਨਾ, ਛੋਟਾ ਕਰਨਾ, ਘਟਾਉਣਾ, ਖ਼ੁਲਾਸਾ ਕਰਨਾ; (ਅਧਿਕਾਰ ਜਾਂ ਵਸਤੂ) ਵਾਂਝਿਆ ਕਰਨਾ; **~d** ਸੰਖਿਪਤ, ਛੋਟਾ; **~ment** ਸੰਖੇਪ, ਖ਼ੁਲਾਸਾ, ਨਿਚੋੜ, ਸਾਰ; ਸੰਖੇਪੀਕਰਣ

abroad (ਅ'ਬਰੋਡ) *adv n* ਬਾਹਰ, ਪਰਦੇਸ, ਦੂਰ-ਦੁਰਾਡੀ ਥਾਂ

abrogate ('ਐਬਰਅ(ਉ)'ਗੇਇਸ਼ਟ) *v* ਰੱਦ ਕਰਨਾ, ਮਨਸੂਖ ਕਰਨਾ, ਨਿਰਾਕਰਣ ਕਰਨਾ, (ਕਾਨੂੰਨ ਆਦਿ ਰਿਵਾਜ ਨੂੰ) ਹਟਾ ਦੇਣਾ, ਭੰਗ ਕਰਨਾ, ਬੰਦ ਕਰਨਾ; **~d** ਰੱਦਿਆ, ਹਟਾਇਆ

abrogation ('ਐਬਰਅ(ਉ)'ਗੇਇਸ਼ਨ) *n* ਖੰਡਨ , ਮਨਸੂਖੀ, ਨਿਰਾਕਰਣ, ਅੰਤ

abrupt (ਅ'ਬਰਅੱਪਟ) *a n* ਅਚਨਚੇਤ, ਅਚਾਨਕ; ਅਸੰਗਤ; ਬੇਢੰਗਾ, ਬੇਜੋੜ; (ਚੜ੍ਹਾਈ) ਸੁਖੜ, (ਬਨ) ਰੁੰਡ, (ਧਰਤੀ ਵਿਚੋਂ) ਅਚਨਚੇਤ ਫੁੱਟਿਆ ਹੋਇਆ

abruption (ਅ'ਬਰਅੱਪਸ਼ਨ) *n* ਨਿਖੇਤਰ , ਕਿਸੇ ਅੰਗ ਦੇ ਝੜਨ ਦੀ ਕਿਰਿਆ

abruptly (ਅ'ਬਰਅੱਪਟਲਿ) *adv* ਅਚਾਨਕ, ਝਟਪਟ

abscond (ਅ'ਬਸਕੌਂਡ) *v* ਫ਼ਰਾਰ ਹੋ ਜਾਣਾ, ਭਗੌੜਾ ਹੋਣਾ, ਨਠ ਜਾਣਾ, ਚੋਰੀ ਛਿੱਪੀ ਭੱਜ ਜਾਣਾ, ਕਾਨੂੰਨ ਦੀ ਮਾਰ ਤੋਂ ਬਚਣ ਲਈ ਕਿਧਰੇ ਲੁਕ-ਛਿਪ ਜਾਣਾ; **~ence** ਫ਼ਰਾਰੀ, ਭਗੌੜਾਪਣ; **~er** ਭਗੌੜਾ, ਫਰਾਰ, ਕਾਨੂੰਨ ਦੀ ਮਾਰ ਤੋਂ ਬਚਣ ਲਈ ਛਿਪਿਆ

absence ('ਐਬਸਅੰਸ) *n* ਗ਼ੈਰਹਾਜ਼ਰੀ, ਅਣਉਪਸਥਿਤੀ; ਅਣਹੋਂਦ, ਘਾਟ; ਅਭਾਵ ਬੇਇਮਾਨੀ, ਬੇਖ਼ਿਆਲੀ

absent (ਅਬ'ਸੈਂਟ) *v a* ਗ਼ੈਰਹਾਜ਼ਰ ਹੋਣਾ, ਗਾਇਬ ਹੋਣਾ, ਲੁਕ ਜਾਣਾ; ਗ਼ੈਰਹਾਜ਼ਰ, ਅਣਉਪਸਥਿਤ, ਅਚੇਤ, ਬੇਧਿਆਨ; **~ee** ਗ਼ੈਰਹਾਜ਼ਰ ਵਿਅਕਤੀ; **~minded** ਬੇਧਿਆਨਾ, ਅਚੇਤ, ਅਵੇਸਲਾ, ਭਰਾਂਤ ਚਿੱਤ, ਭੁੱਲਿਆ-ਭੁੱਲਿਆ; **~mindedness** ਬੇਧਿਆਨੀ, ਭਰਾਂਤੀ, ਅਚੇਤਤਾ, ਅਵੇਸਲਾਪਣ

absolute ('ਐਬਸਅਲੂਟ) *a* ਪੂਰਾ, ਨਿਰਾ, ਉੱਕਾ

ਕੇਵਲ; ਨਿਰਪੇਖ, ਪੂਰਨ , ਸੰਪੂਰਨ; ਸਰਬ ਅਧਿਕਾਰੀ; ~ly ਪੂਰਨਭਾਂਤ, ਪੂਰੀ ਤਰ੍ਹਾਂ, ਪਰਮ, ਆਪਣੇ ਆਪ, ਬਿਲਕੁਲ, ਸੁਤੰਤਰਤਾ ਨਾਲ ਬਿਨਾ ਕਿਸੇ ਸ਼ਰਤ ਤੋਂ, ਮੂਲੋਂ, ਉੱਕਾ ਹੀ; ~ness ਨਿਰਪੇਖਤਾ, ਅਸੀਮਤਾ, ਨਿਰੰਕੁਸ਼ਤਾ, ਖ਼ੁਦਮੁਖ਼ਤਾਰੀ, ਪੂਰਨ ਅਧਿਕਾਰ

absorb (ਏਬ'ਸੋਬ) *v* ਹਜ਼ਮ ਕਰਨਾ, ਰਚਾ ਲੈਣਾ, ਆਤਮਸਾਤ ਕਰਨਾ, ਲੀਨ ਕਰਨਾ, ਸਮਾ ਲੈਣਾ, ਖਪਾ ਲੈਣਾ, ਤਦਰੂਪ ਕਰਨਾ; ~ed ਚੂਸਿਆ, ਇਕਮਿਕ ਕੀਤਾ; ਰਚਿਆ; ਰਚਾਇਆ, ਲੀਨ, ਮਸਤ, ਮਗਨ ; (ਜਿਵੇਂ ਸਿਆਹੀ-ਚੂਸ); ~ing ਮਨਮੋਹਕ, ਆਕਰਸ਼ਕ, ਮਨਮੋਹਣਾ, ਰੋਚਕ, ਦਿਲ-ਖਿੱਚਵਾਂ, ਦਿਲਚਸਪ

absorption (ਅਬ'ਸੋ:ਪਸ਼ਨ) *n* ਚੂਸਣ, ਸੋਖਣ ਜਾਂ ਹਜ਼ਮ ਕਰਨ , ਜਜ਼ਬ ਹੋਣਾ

abstain (ਅਬ'ਸਟੇਇਨ) *v* ਪਰਹੇਜ਼, ਕਰਨਾ, ਦੂਰ ਰਹਿਣਾ, ਅਲੱਗ , ਪਰੇ ਰਹਿਣਾ, ਬਚਣਾ, ਲਾਂਭੇ ਰਹਿਣਾ, ਪਾਸੇ ਰਹਿਣਾ, ਗੁਰੇਜ਼ ਕਰਨਾ

abstract ('ਐਬਸਟਰੈਕਟ, ਐਬ'ਸਟਰੈਕਟ) *a n v* ਭਾਵਵਾਚੀ, ਭਾਵ-ਮਈ, ਸੂਖਮ, ਅਮੂਰਤ, ਅਭੋਤਕ, ਅਵਿਅਕਤ, ਨਿਰਪੇਖ, ਸੰਖਿਪਤ, ਤੱਤ, ਸਾਰ, ਖੁਲਾਸਾ, ਸਾਰਾਂਸ਼, ਸੰਖੇਪ; ਅਸਪਸ਼ਟ, ਸਾਰ-ਸੂਚੀ; ਸਾਰ ਕੱਢਣਾ; ~ed ਮਗਨ , ਲੀਨ ; ਅਮੂਰਤੀਕ੍ਰਿਤ, ਸੰਖੇਪੀਕ੍ਰਿਤ; ਅਲੱਗ ਕੀਤਾ, ਘਟਾਇਆ; ~ion ਕਲਪਨਾ, ਅਮੂਰਤਤਾ, ਬੇਖਬਰੀ, ਬੇਖਿਆਲੀ, ਕਢਾਅ

absurd (ਅਬ'ਸਅ:ਡ) *a* ਹਾਸੋਹੀਣਾ, ਬੇਢੰਗਾ, ਬੇਤੁਕਾ, ਬੇਢੰਬਾ, ਊਟ-ਪਟਾਂਗ, ਬੇਹੂਦਾ, ਲੱਚਰ, ਫ਼ਜ਼ੂਲ; ~ity ਵਿਅਰਥਤਾ, ਵਿਵੇਕਹੀਣਤਾ

abundance (ਅਬਅੰਡਅੰਸ) *n* ਬਹੁਲਤਾ, ਬਹੁਤਾਤ, ਭਰਮਾਰ; ਸਮਰਿਧੀ

abundant (ਅਬਅੰਡਅੰਟ) *a* ਭਰਪੂਰ, ਬਹੁਤ, ਘਣਾ, ਮਾਲਾਮਾਲ, ਵਾਫ਼ਰ, ਅਤੀਅਧਿਕ, (ਨਾਲ) ਪਰਿਪੂਰਨ

abuse (ਅ'ਬਯੂਸ) *n v* ਗਾਲ੍ਹ, ਬਦਜ਼ਬਾਨੀ, ਦੁਰਵਿਹਾਰ, ਦੁਰਵਰਤੋਂ, ਦੁਰਪ੍ਰਯੋਗ; ਦੁਰਵਰਤੋਂ ਕਰਨੀ, ਅਯੋਗ ਵਰਤੋਂ ਕਰਨੀ; ਬੁਰਾ ਭਲਾ ਆਖਣਾ, ਗਾਲ੍ਹ ਕੱਢਣੀ

abusive (ਅਬਯੂਸਿਵ੍) *a* ਅਸ਼ਲੀਲ, ਬਦਜ਼ਬਾਨ ਅਪਮਾਨਜਨਕ, ਨਿੰਦਾਪੂਰਨ; ~ness ਅਸ਼ਲੀਲਤਾ, ਅਪਮਾਨ, ਬਦਜ਼ਬਾਨੀ

abyss (ਅ'ਬਿਸ) ਡੂੰਘ, ਰਸਾਤਲ, ਨਰਕ; ਖਾਈ

academic (ਐਕਅ'ਡੈਮਿਕ) *a n* ਵਿੱਦਿਅਕ, ਇਲਮੀ, ਸਿਧਾਂਤਕ, ਸ਼ਾਸਤਰੀ, ਅਕਾਦਮਿਕ; ਅਫ਼ਲਾਤੂਨ ਦੀ ਅਕਾਦਮੀ ਦਾ ਮੈਂਬਰ; ~council ਵਿੱਦਿਆ-ਪਰਿਸ਼ਦ; ~year ਵਿੱਦਿਅਕ-ਸਾਲ

academy (ਅ'ਕੈਡਅਮਿ) *n* ਅਕਾਦਮੀ; ਪਲੈਟੋਵਾਦ, ਪਲੈਟੋਵਾਦੀ; ਸਿੱਖਿਆ-ਸੰਸਥਾ, ਵਿਸ਼ੇਸ਼ ਪ੍ਰਕਾਰ ਦੇ ਹੁਨਰ ਦੀ ਸਿੱਖਿਆ ਦੇਣ ਦੀ ਥਾਂ

accede (ਐਕ'ਸੀਡ) *v* ਸਵੀਕਾਰ ਕਰਨਾ, ਮਨਜ਼ੂਰ ਕਰਨਾ, ਕਬੂਲ ਕਰਨਾ, ਸੰਮਿਲਤ ਹੋਣਾ, ਸਹਿਮਤ ਹੋਣਾ, ਮੰਨਣਾ, ਰਾਜ਼ੀ ਹੋਣਾ, ਮੰਨ ਲੈਣਾ, ਗ੍ਰਹਿਣ ਕਰਨਾ

accelerate (ਅਕ'ਸੈੱਲਅਰੇਇਟ) *v* ਚਾਲ ਵਧਾਉਣੀ, ਗਤੀ ਤੇਜ਼ ਕਰਨੀ, ਵੇਗਮਈ ਹੋਣਾ, ਜਲਦੀ ਕਰਨਾ; ~d ਤੀਬਰ, ਵੇਗਮਈ, ਤੇਜ਼, ਤੀਖਣ

acceleration (ਅਕ'ਸੈੱਲਅਰੇਇਸ਼ਨ) *n* ਗਤੀ ਵਿਚ ਵਾਧਾ, ਗਤੀ-ਵਰਧਣ, ਵੇਗ-ਵ੍ਰਿਧੀ

accelerator (ਅਕ'ਸੈੱਲਅਰੇਇਟਅ*) *n* ਗਤੀ ਵਰਧਕ, ਵੇਗ-ਵਰਧਕ, ਐਕਸਲਰੇਟਰ

accent ('ਐਕ'ਸੈਂਟ/ਐਕ'ਸੈਂਟ) *n v* ਸਵਰ, ਸੁਰ; ਸੁਰਾਘਾਤ, ਧੁਨੀ-ਚਿੰਨ੍ਹ, ਸਵਰ-ਚਿੰਨ੍ਹ; ਲਹਿਜ਼ਾ, ਸਵਰ-ਉਚਾਰਨਾ

accept (ਅਕ'ਸੈਪਟ) *v* ਸਵੀਕਾਰ ਕਰਨਾ, ਅੰਗੀਕਾਰ ਕਰਨਾ, ਪਰਵਾਨ ਕਰਨਾ, ਮੰਨਣਾ, ਮਨਜ਼ੂਰ ਕਰਨਾ, ਲੈਣਾ, ਗ੍ਰਹਿਣ ਕਰਨਾ; **~able** ਸਵੀਕਾਰ ਕਰਨਯੋਗ, ਮੰਨਣਯੋਗ, ਪਰਵਾਨ ਕਰਨਯੋਗ; **~ance** ਸਵੀਕ੍ਰਿਤੀ, ਮਨਜ਼ੂਰੀ, ਪਰਵਾਨਗੀ, ਰਜ਼ਾਮੰਦੀ, ਮਾਨਤਾ, ਹੁੰਡੀ ਦੀ ਸਵੀਕ੍ਰਿਤੀ; **~ed** ਸਵੀਕ੍ਰਿਤ, ਮਨਜ਼ੂਰ, ਪਰਵਾਨਤ, ਮੰਨਿਆ ਹੋਇਆ

access (ਐਕਸੈੱਸ) *n* ਪਹੁੰਚ, ਰਸਾਈ, ਪ੍ਰਵੇਸ਼, ਸਬੀਲ, ਉਪਾਉ; **~aibility** ਸੁਲੱਭਤਾ, ਪ੍ਰਵੇਸ਼-ਯੋਗਤਾ, ਪਹੁੰਚ-ਯੋਗਤਾ, ਸੁਗਮਤਾ

accessible (ਅਕਸੈੱਸਅਬਲ) *a* ਸੁਲੱਭ, ਪ੍ਰਵੇਸ਼ਯੋਗ, ਸੁਗਮ

accessory (ਅਕ'ਸੈੱਸਆਰਿ) *n a* ਉਪਸਾਧਨ; ਗੌਣ, ਸਹਾਇਕ, ਪੂਰਕ

accident ('ਐਕਸਿਡਅੰਟ) *n* ਦੁਰਘਟਨਾ, ਹਾਦਸਾ, ਘਟਨਾ, ਇਤਫ਼ਾਕ, ਵਾਕਿਆ; ਬੇਤਰਤੀਬੀ, ਕ੍ਰਮਹੀਨਤਾ; **~al** ਇਤਫ਼ਾਕੀਆ, ਰੱਬ-ਸਬੱਬੀ; ਅਕਾਰਣ, ਅਣਅਵੱਸ਼ਕ,

acclaim (ਅ'ਕਲੇਇਮ) *n v* ਜੈਕਾਰਾ, ਧੰਨ ਧੰਨ, ਜੈ-ਧੁਨੀ, ਸ਼ਲਾਘਾ, ਵਾਹ-ਵਾਹ ਕਰਨੀ, ਉਸਤਤ ਕਰਨੀ, ਸਲਾਹੁਣਾ; **~ation** ਸਮਰਥਨ, ਜੈ-ਧੁਨੀ, ਵਿਜੈ-ਘੋਸ਼ਣਾ, ਉਸਤਤ, ਸ਼ਲਾਘਾ, ਸਲਾਹੁਤਾ, ਜੈ ਜੈ ਕਾਰ

accommodate (ਅ'ਕੌਮਅਡੇਇਟ) *v* (ਦੀ) ਵਿਵਸਥਾ ਕਰਨਾ, ਮੁਆਫ਼ਕ ਕਰਨਾ, ਥਾਂ ਦੇਣੀ, ਸਮਾਈ ਕਰਨਾ, (ਹਾਲਾਤ ਆਦਿ ਨਾਲ) ਸਮਝੌਤਾ ਕਰਵਾਉਣਾ, ਅਨੁਕੂਲ ਕਰਨਾ

accommodating (ਅ'ਕੌਮਅਡੇਇਟਿਙ) *a* ਲਿਹਾਜ਼ ਪਾਲਣ ਵਾਲਾ, ਨਰਮ ਸੁਭਾਅ ਵਾਲਾ, ਲਚਕੀਲਾ, ਉਦਾਰ, ਮਿਹਰਬਾਨ, ਝੱਲਣ ਵਾਲਾ, ਮਿਲਾਪੜਾ, ਕੰਮ ਆਉਣ ਵਾਲਾ

accomodation (ਅ'ਕੌਮਅ'ਡੇਇਸ਼ਨ) *n* ਰਿਹਾਇਸ਼, ਨਿਵਾਸ, ਠਾਹਰ; (ਹਾਲਾਤ ਆਦਿ ਨਾਲ) ਸਮਝੌਤਾ, ਅਨੁਕੂਲਤਾ

accompany (ਅ'ਕਅੱਮਪਅਨਿ) *v* ਸਾਥ ਹੋਣਾ, ਸੰਗ ਕਰਨਾ, ਸਾਥ ਦੇਣਾ, (ਕਿਸੇ ਦੇ) ਨਾਲ ਜਾਣਾ, ਸ਼ਾਮਲ ਹੋਣਾ,

accomplish (ਅ'ਕਅੱਮਪਲਿਸ਼) *v* ਸਿਰੇ ਚਾੜ੍ਹਨਾ, ਪੂਰਾ ਕਰਨਾ, ਸੰਪੂਰਨ ਕਰਨਾ, ਸੰਪੰਨ ਕਰਨਾ, ਸਮਾਪਤ ਕਰਨਾ, ਨਿਬੇੜਨਾ; **~ed** ਨਿਪੁੰਨ, ਸੁੱਘੜ, ਸੁਚੱਜਾ, ਗੁਣਵਾਨ, ਸ਼ਾਇਸਤਾ, ਸ਼ਿਸ਼ਟ; **~ment** ਪੂਰਤੀ, ਸਿੱਧੀ; ਗੁਣ ਪ੍ਰਾਪਤੀ, ਕਮਾਲ

accord (ਅ'ਕੋਡ) *v* ਸਵੀਕ੍ਰਿਤੀ ਦੇਣੀ, ਪਰਵਾਨਗੀ ਦੇਣੀ, ਇਕ ਮੱਤ ਹੋਣਾ, ਮੇਲ ਖਾਣਾ; ਮੁਤਾਬਕ ਹੋਣਾ; ਅਨੁਕੂਲ ਹੋਣਾ, ਇਕ ਰੂਪ ਹੋਣਾ, ਇਕ ਸੁਰ ਹੋਣਾ; ਮਰਜ਼ੀ, ਸਵੀਕ੍ਰਿਤੀ, ਪਰਵਾਨਗੀ; ਮਿਲਾਪ, ਸੰਧੀ, ਇਕਰਾਰਨਾਮਾ; **~ance** ਇਕ ਰਾਇ, ਇਕ ਮੱਤ; ਮੇਲ-ਮਿਲਾਪ, ਪਰਵਾਨਤਾ, ਰਾਜ਼ੀਨਾਮਾ, ਮੁਤਾਬਕ, ਅਨੁਸਾਰ; **In ~ance with** ਦੇ ਅਨੁਸਾਰ, ਦੇ ਅਨੁਰੂਪ, ਦੇ ਮੁਤਾਬਕ

according (ਅ'ਕੋਡਿਙ) *adv* ਅਨੁਸਾਰ, ਮੁਤਾਬਕ, ਜਿਹਾ ਕਿ, ਵਾਂਗ, ਜਿਵੇਂ ਕਿ; **~as** ਜਿਵੇਂ ਕਿ, ਜਿਸ ਤਰ੍ਹਾਂ, ਮਾਨੋਂ; **~to** ਦੇ ਅਨੁਸਾਰ, ਦੇ ਮੁਤਾਬਕ; **~ly** ਇਸ ਲਈ, ਇਸ ਅਨੁਸਾਰ, ਸੋ; ਤਦਾਨੁਕੂਲ, ਤਦਾਨੁਰੂਪ

account (ਅ'ਕਾਉਂਟ) *n v* ਹਿਸਾਬ-ਕਿਤਾਬ, ਲੇਖਾ, ਚਿੱਠਾ, ਜਮ੍ਹਾਂ-ਖ਼ਰਚ, ਖਾਤਾ, ਕੈਫ਼ੀਅਤ, ਤਫ਼ਸੀਲ, ਬਿਰਤਾਂਤ, ਵਿਵਰਣ; ਗਿਣਤੀ ਕਰਨੀ, ਗਿਣਨਾ;

ਕਾਰਨ, ਨਮਿਤ; ਲੇਖਾਜੋਖਾ ਵੇਖਣਾ, ਵਿਚਾਰ ਕਰਨਾ; **give ~ of** ਸਪਸ਼ਟ ਕਰਨਾ, ਕਾਰਨ ਦੱਸਣਾ; **keep ~s** ਹਿਸਾਬ ਕਿਤਾਬ ਕਰਨਾ; **on ~ of** ਦੇ ਕਾਰਨ, ਫਲਸਰੂਪ; **on no~** ਕਦੀ ਨਹੀ; ਕਿਸੇ ਤਰ੍ਹਾਂ ਵੀ ਨਹੀਂ; **take into~** ਵਿਚਾਰਨਾ, ਧਿਆਨ ਵਿਚ ਰੱਖਣਾ; **~able** ਉੱਤਰਦਾਈ, ਜ਼ੁੰਮੇਵਾਰ, ਜਵਾਬਦੇਹ; **~ancy** ਲੇਖਾਕਾਰੀ, ਹਿਸਾਬ-ਕਿਤਾਬ, ਮੁਨੀਮੀ, ਲੇਖਾ ਸ਼ਾਸਤਰ, ਗਿਣਤੀ-ਵਿਗਿਆਨ; **~ant** ਲੇਖਾਕਾਰ, ਮੁਨੀਮ, ਮੁਨਸ਼ੀ, ਹਿਸਾਬ-ਕਿਤਾਬ ਰੱਖਣ ਵਾਲਾ

accredit (ਅ'ਕਰੇਡਿਟ) *v* ਮਨਜ਼ੂਰ ਕਰਨਾ, ਸਵੀਕਾਰ ਕਰਨਾ, ਅਧਿਕਾਰ ਦੇਣਾ, ਸਬੰਧ ਜੋੜਨਾ, ਮਾਨਤਾ ਦੁਆਉਣਾ, ਮਾਨ ਦੇਣਾ; **~ed** ਮਕਬੂਲ, ਪਰਵਾਨਤ, ਅਧਿਕਾਰ-ਪ੍ਰਾਪਤ, ਪ੍ਰਤਿਸ਼ਠਾਵਾਨ; ਕਬੂਲ

accrete (ਅ'ਕਰੀਟ) *adv v* ਇਕੱਤਰ ਕਰਨਾ, ਜੋੜਨਾ, ਜੁੜਵਾਂ, ਸੰਯੁਕਤ, ਵਧਵਾਂ

accretion (ਐ'ਕਰੀਸ਼ਨ) *n* ਵਿਕਾਸ, ਵ੍ਰਿਧੀ, ਸਹਿਵਰਧਨ, ਫੈਲਾਉ; ਪੌਦਿਆਂ ਦਾ ਉਗ ਕੇ ਗੁੱਛਾ-ਮੁੱਛਾ ਹੋ ਜਾਣ ਦੀ ਕ੍ਰਿਆ; ਮਿਲਾਪ, ਇਕਮਿਕਤਾ

accumulate (ਅ'ਕਯੂਮਯੁਲੇਇਟ) *v* ਜੋੜਨਾ, ਜਮ੍ਹਾਂ ਕਰਨਾ, ਸੰਗ੍ਰਹ ਕਰਨਾ ਜਾਂ ਹੋਣਾ, ਸੰਚਤ ਕਰਨਾ, ਸਮੇਟਣਾ, ਢੇਰ ਲਾਉਣਾ, ਸੰਕਲਤ ਕਰਨਾ, ਵਧਦੇ ਜਾਣਾ

accumulation (ਅ'ਕਯੂਮਯੁ'ਲੇਇਸ਼ਨ) *n* ਸਮੂਹ, ਪੁੰਜ, ਇਕੱਠ, ਢੇਰ, ਅੰਬਾਰ, ਸੰਗ੍ਰਹ

accumulative (ਅ'ਕਯੂਮਯੁ'ਲਅਟਿਵ਼) *a* ਇਕੱਠਾ, ਸੰਚਤ

accuracy ('ਐਕਯੁਰਅਸਿ) ਦਰੁਸਤੀ, ਸ਼ੁੱਧਤਾ, ਸਚਾਈ, ਸੁਨਿਸ਼ਚੱਤਤਾ

accurate ('ਐਕਯੁਰਅਟ) *a* ਸ਼ੁੱਧ, ਠੀਕ, ਸਹੀ, ਦਰੁਸਤ; ਸਚੇਤ, ਸਾਵਧਾਨ

accusation ('ਐਕਯੂ'ਜ਼ੇਇਸ਼ਨ) *n* ਦੋਸ਼-ਆਰੋਪਣ, ਇਲਜ਼ਾਮ, ਦੂਸ਼ਣ, ਤੁਹਮਤ

accuse (ਐ'ਕਯੂਜ਼) *v* ਊਜ ਲਾਉਣੀ, ਦੋਸ਼ ਲਾਉਣਾ, ਤੁਹਮਤ ਲਾਉਣੀ, ਇਲਜ਼ਾਮ ਲਾਉਣਾ, ਮੱਥੇ ਮੜ੍ਹਨਾ; **~d** ਦੋਸ਼ੀ, ਅਪਰਾਧੀ, ਮੁਲਜ਼ਮ

accustom (ਅ'ਕਅੱਸਟਅਮ) *v* ਆਦੀ ਕਰਨਾ, ਆਦਤ ਪਾਉਣੀ, ਰੀਝਾਉਣਾ, ਸੁਭਾਅ ਪਾਉਣਾ; **~ed** ਆਦੀ, ਗਿੱਝਿਆ

ace (ਏਇਸ) *n* ਇਕ, ਇਕਾਈ; ਤਾਸ਼ ਦੀ ਯੱਕਾ

ache (ਏਇਕ) *n v* ਦਰਦ, ਪੀੜ, ਵੇਦਨਾ, ਕਸਕ, ਹੂਕ; ਦੁਖਣਾ, ਦਰਦ ਹੋਣਾ, ਪੀੜ ਹੋਣੀ, ਸੂਲ ਉੱਠਣੀ, ਚੀਸ ਪੈਣੀ

achieve (ਅ'ਚੀਵ਼) *v* ਪ੍ਰਾਪਤ ਕਰਨਾ, ਪਾਉਣਾ, ਸਿਰੇ ਚਾੜ੍ਹਨਾ, ਨਿਬੇੜਨਾ, ਮਨੋਰਥ ਪ੍ਰਾਪਤ ਕਰਨਾ; **~ment** ਪ੍ਰਾਪਤੀ, ਸਿੱਧੀ, ਪੂਰਤੀ, ਪੂਰਨਤਾ, ਕਾਮਯਾਬੀ, ਸਫਲਤਾ

acid ('ਐਸਿਡ) *n a* ਤੇਜ਼ਾਬ, ਖੱਟਾ ਪਦਾਰਥ, ਤੁਰਸ਼, ਸਿਰਕਈ, ਤੇਜ਼ਾਬੀ; ਵਿਅੰਗਮਈ, ਚੁੱਭਵਾਂ(ਬੋਲ); **~ify** ਤੇਜ਼ਾਬੀ ਬਣਨਾ ਜਾਂ ਬਣਾਉਣਾ; **~ity** ਤੇਜ਼ਾਬੀਅਤ; ਅਮਲਤਾ; ਖਟਾਸ, ਤੁਰਸ਼ੀ

acknowledge (ਅ'ਕਨੌਲਿਜ) *v* ਸਵੀਕਾਰ ਕਰਨਾ; ਪ੍ਰਸੰਸਾ ਕਰਨਾ, ਪਰਵਾਨ ਕਰਨਾ; ਪਹੁੰਚ ਦੇਣਾ, ਰਸੀਦ ਦੇਣਾ; ਮਾਨਤਾ ਦੇਣੀ, ਕਦਰ ਕਰਨਾ; ਹਾਮੀ ਭਰਨਾ; **~d** ਸਵੀਕ੍ਰਿਤ, ਪਰਵਾਨਤ ਮੰਨਿਆ, ਜਾਣਿਆ; **~ment** ਸਨਜ਼ੂਰੀ, ਹਾਮੀ, ਰਸੀਦ, ਆਭਾਰ; ਕਦਰ; ਪਹੁੰਚ, ਪ੍ਰਾਪਤੀ-ਸੂਚਨਾ

acoustic/-al (ਅ'ਕੂਸਟਿਕ/ਅ'ਕੂਸਟਿਕਲ) *a* ਸੁਣਨ ਸਬੰਧੀ, ਕੰਨਾਂ ਸਬੰਧੀ, ਧੁਨੀ ਸਬੰਧੀ, ਸ੍ਰਵਣੀ; **~s** ਸ੍ਰਵਣ ਵਿਗਿਆਨ; (ਕਮਰੇ ਦਾ) ਧੁਨੀ-ਗੁਣ

acquaint (ਅ'ਕਵੇਇੰਟ) *v* ਵਾਕਫ਼ੀ ਕਰਾਉਣੀ, ਖ਼ਬਰ ਦੇਣੀ, ਪਰਿਚੈ ਦੇਣਾ, ਪਰਿਚਿਤ ਕਰਨਾ; ਜਾਣਕਾਰੀ ਪ੍ਰਾਪਤ ਕਰਨੀ ਜਾਂ ਕਰਾਉਣੀ, ਸੂਚਨਾ ਦੇਣੀ, ਸੂਚਤ ਕਰਨਾ ਜਾਂ ਹੋਣਾ, ਜਤਲਾਉਣਾ, ਜਾਣੂ ਕਰਨਾ, ਵਾਕਫ਼ੀ ਕਰਾਉਣੀ, ਖ਼ਬਰ ਦੇਣੀ; **~ance** ਜਾਣ-ਪਛਾਣ, ਜਾਣਕਾਰੀ, ਵਾਕਫ਼ੀਅਤ, ਪਰਿਚਯ; ਜਾਣਕਾਰ, ਵਾਕਫ਼; ਜਾਣੂ; ਪਰਿਚਿਤ, ਗਿਆਤ, ਸੂਚਤ; **~ed** ਪਰਿਚਿਤ, ਗਿਆਤ, ਸੂਚਤ

acquire (ਅ'ਕਵਾਇਅ*) *v* ਲੈਣਾ, ਹਾਸਲ ਕਰਨਾ, ਗ੍ਰਹਿਣ ਕਰਨਾ, ਪ੍ਰਾਪਤ ਕਰਨਾ, ਪਾਉਣਾ, ਮਾਲਕ ਬਣਨਾ, ਕਬਜ਼ਾ ਲੈਣਾ; **~d** ਪ੍ਰਾਪਤ, ਅਰਜਤ, ਗ੍ਰਹਿਤ, ਕਮਾਇਆ

aquisition ('ਐਕਵਿ'ਜ਼ਿਸ਼ਨ) *n* ਪ੍ਰਾਪਤੀ, ਗ੍ਰਹਿਣ, ਉਪਲਬਧੀ, ਲੱਭਤ, ਕਮਾਈ

acquit (ਅ'ਕਵਿਟ) *v* ਬਰੀ ਕਰਨਾ, ਰਿਹਾ ਕਰਨਾ, ਛੱਡਣਾ, ਦੋਸ਼-ਮੁਕਤ ਕਰਨਾ, ਕਰਤੱਵ ਪੂਰਾ ਕਰਨਾ, (ਫ਼ਰਜ਼) ਅਦਾ ਕਰਨਾ, ਨਿਭਾਉਣਾ; **~tal** ਰਿਹਾਈ, ਛੁਟਕਾਰਾ, ਮੁਕਤੀ, ਅਪਰਾਧ-ਮੁਕਤੀ, ਖ਼ਲਾਸੀ, ਨਿਸਤਾਰ; **~tance** ਰਿਹਾਈ, ਨਿਸਤਾਰਾ, ਅਪਰਾਧ-ਮੁਕਤੀ; ਅਦਾਇਗੀ, (ਕਰਜ਼ੇ ਤੋਂ) ਛੁਟਕਾਰਾ, ਚੁਕੌਤੀ, ਬੇਬਾਕੀ, **~ted** ਛੁਟਿਆ, ਬਰੀ, ਰਿਹਾ, ਵਿਮੁਕਤ

acre ('ਏਇਕਅ*) *n* ਏਕੜ, 4840 ਵਰਗ ਗਜ਼; **~age** (ਏਕੜਾਂ ਵਿਚ) ਖੇਤਰਫਲ; ਮਾਮਲਾ ਫ਼ੀ ਏਕੜ

acrid ('ਐਕਰਿਡ) *a* ਕੌੜਾ, ਤਲਖ਼ ਮਿਜ਼ਾਜ, ਉਤੇਜਕ, ਤਿੱਖਾ, ਤੇਜ਼-ਤਬੀਅਤ, ਚਿੜਚੜਾ; **~ity** ਤੀਖਣਤਾ, ਤਿੱਖਾਪਣ, ਤੇਜ਼ੀ, ਖਟਿਆਈ, ਖਰ੍ਹਵਾਪਣ

acrimonious (ਐਕਰਿ'ਮਅਉਨਯਅਸ) *a* ਤੇਜ਼, ਕੌੜਾ, ਕਾਵੜ, ਤਲਖ਼, ਖਰ੍ਹਵਾ, ਤੀਖਣ, ਚਿੜਚੜਾ

acrimony (ਐਕਰਿਮਅਨਿ) *n* (ਸੁਭਾਅ ਦੀ) ਤਲਖ਼ੀ, ਕੁੜੱਤਣ, ਕਟੁਤਾ

across (ਅ'ਕਰੌਸ) *adv prep a* ਪਾਰ, ਆਰ-ਪਾਰ, ਸਨਮੁਖ, ਸਾਮ੍ਹਣੇ, ਦੂਜੇ ਪਾਸੇ; ਆਡਾ, ਤਿਰਛਾ

act (ਐਕਟ) *n v* (1) ਅਧਿਨਿਯਮ; (2) ਨਾਟਕ ਦਾ ਅੰਕ; (3) ਕੰਮ, ਕਾਰਜ, ਕਾਜ, ਕਿਰਿਆ, ਕਰਤੱਵ, ਕਾਰਵਾਈ; ਵਿਹਾਰ ਕਰਨਾ, ਕਰਤੱਵ ਪਾਲਣਾ; ਅਭਿਨੈ ਕਰਨਾ; **~able** ਕਰਨ ਯੋਗ, ਕਰਤੱਵ ਯੋਗ, ਵਿਹਾਰ ਯੋਗ, ਅਭਿਨੈ ਯੋਗ; **~ing** ਅਦਾਕਾਰੀ, ਨਟਬਾਜ਼ੀ, ਅਭਿਨੈ, ਦਿਖਾਵਾ; ਕਾਰਜ; ਕਿਰਿਆਸ਼ੀਲਤਾ; **~or** ਕਰਤਾ, ਨਟ, ਅਦਾਕਾਰ, ਅਭਿਨੇਤਾ, ਨਾਟਕ ਦਾ ਪਾਤਰ, ਐਕਟਰ

action (ਐਕਸ਼ਨ) *n v* ਅਮਲ, ਕੰਮ, ਕਾਰਜ; ਕਿਰਿਆ, ਕਾਰਵਾਈ; ਵਿਹਾਰ; ਢੰਗ, ਹਰਕਤ; ਮੁਕੱਦਮਾ; ਪ੍ਰਭਾਵ; ਜੁੱਧ; ਦਾਅਵਾ ਕਰਨਾ, ਕਿਸੇ ਦੇ ਵਿਰੁੱਧ ਕਾਨੂੰਨੀ ਮੁਕੱਦਮਾ ਕਰਨਾ

active (ਏਕਟਿਵ) *a* ਕਿਰਿਆਸ਼ੀਲ, ਫੁਰਤੀਲਾ, ਉੱਦਮੀ, ਚੁਸਤ, ਜਾਗਰੂਕ, ਪ੍ਰਭਾਵਸ਼ਾਲੀ, ਸਾਹਸੀ **~voice** ਕਰਤਰੀਵਾਚ; **~ity** ਸਰਗਰਮੀ, ਚੁਸਤੀ, ਫੁਰਤੀ, ਰੁਝੇਵਾਂ, ਵਿਵਸਾਏ; ਮਿਹਨਤ

actual ('ਐਕਚੁਅਲ) *a* ਵਾਸਤਵਿਕ, ਯਥਾਰਥ, ਸੱਚਾ, ਸਹੀ, ਠੀਕ, ਅਸਲੀ, ਪ੍ਰਚਲਤ, ਚਾਲੂ; **~ity** ਯਥਾਰਥਕਤਾ, ਸਤੱਤਾ, ਵਾਸਤਵਿਕਤਾ, ਅਸਲੀਅਤ, ਸੱਚਾਈ, ਮੌਜੂਦਾ ਹਾਲਾਤ; **~ly** ਸਚਮੁੱਚ, ਅਸਲ ਵਿਚ, ਦਰਅਸਲ, ਵਾਸਤਵਿਕ ਤੌਰ ਤੇ

acute ('ਐਕਯੂਟ) *a* ਤਿੱਖਾ, ਤੇਜ਼, ਚਤਰ, ਤੀਬਰ, ਸਖ਼ਤ, ਪ੍ਰਚੰਡ, ਸੰਵੇਦਨਸ਼ੀਲ, ਅਤੀ ਅਵੱਸ਼ਕ; **~ness** ਤੀਬਰਤਾ, ਤੀਖਣਤਾ, ਤਿੱਖਾਪਣ, ਤੇਜ਼ੀ

A.D. ('ਏਇ'ਡੀ) (L) Anno Domini ਦਾ

ਸੰਖੇਪ, (ਭਗਵਾਨ ਈਸਾ ਦੇ ਵਰ੍ਹੇ ਵਿਚ) ਸੰਨ ਈਸਵੀ

adam ('ਐਡਅਮ) *n* ਬਾਬਾ ਆਦਮ, ਆਦਿ ਪੁਰਸ਼

adamant ('ਐਡਅਸਅੰਟ) *a n* ਦ੍ਰਿੜ੍ਹ, ਅਟਲ; ਕਰੜੀ ਵਸਤੂ; ਚੁੰਬਕ ਪੱਥਰ

Adam's apple (,'ਐਡਅਮਜ਼'ਐਪਲ) ਘੰਡੀ

adapt (ਅ'ਡੈਪਟ) *v* ਅਨੁਕੂਲ ਕਰਨਾ, ਮੁਆਫ਼ਕ ਬਣਾਉਣਾ, ਰੂਪ ਦੇ ਅਨੁਸਾਰ ਕਰਨਾ, ਇਕ ਤਰ੍ਹਾਂ ਦਾ ਬਣਾਉਣਾ, ਮੇਲਣਾ, ਢਾਲਣਾ; ~**ability** ਢਲ ਜਾਣ ਦਾ ਗੁਣ, ਅਨੁਕੂਲਤਾ, ਅਨੁਕੂਲਣ ਯੋਗਤਾ; ~**ation** ਅਨੁਕੂਲਣ, ਕਿਸੇ ਸ਼ਕਲ ਦਾ ਰੂਪਾਂਤਰ, ਰੂਪ ਅਨੁਕੂਲ, ਮੇਲ

add (ਐਡ) *v* ਜੋੜਨਾ, ਵਧਾਉਣਾ, ਮਿਲਾਣਾ, ਜਮ੍ਹਾਂ ਕਰਨਾ, ਸੰਮਿਲਤ ਕਰਨਾ, ਮਿਲਾਉਣਾ; ~**endum** ਜੋੜ, ਵਾਧਾ, ਯੋਗ, ਅੰਤਕਾ; ~**er** ਰਕਮਾਂ ਜੋੜਨ ਵਾਲਾ ਆਦਮੀ; ਇਕ ਤਰ੍ਹਾਂ ਦਾ ਜ਼ਹਿਰੀਲਾ ਸੱਪ

addict (ਅ'ਡਿਕਟ, 'ਐਡਿਕਟ) *v n* ਆਪਣੇ ਆਪ ਨੂੰ ਆਦਤ ਪਾਉਣੀ, ਗਿੱਝਣਾ, ਆਦੀ ਹੋਣਾ; ਅਮਲੀ, ਨਸ਼ੱਈ; ~**ed** ਆਦੀ, ਅਮਲੀ, ਨਸ਼ੱਈ, ਵਿਸ਼ੇਗ੍ਰਸਤ, ਲਿਪਤ; ~**ion** ਝੱਸ, ਵਾਦੀ

addition (ਅ'ਡਿਸ਼ਨ) *n* ਸੰਕਲਨ, ਜੋੜ, ਜਮ੍ਹਾਂ, ਵਾਧਾ, ਅਧਿਕਤਾ, ਯੋਗ, ਜੋੜਨ ਦਾ ਕੰਮ, ਜੁੜਾਈ; ~**al** ਵਾਧੂ, ਵਧੀਕ, ਅਧਿਕਤਰ; (ਪਹਿਲਾਂ ਵਾਲੀ ਚੀਜ਼ ਆਦਿ ਤੋਂ) ਇਲਾਵਾ, ਅਤਿਰਿਕਤ, ਅਨੁਪੂਰਕ

address (ਅ'ਡਰੈੱਸ) *n v* (1) ਸਿਰਨਾਵਾਂ ਪਤਾ; (2) ਵਿਆਖਿਆਨ, ਸੰਬੋਧਨ; (3) ਅਭਿਨੰਦਨ-ਪੱਤਰ; (4) ਮੁਹਾਰਤ, ਸਲੀਕਾ; ਸੰਬੋਧਤ ਕਰਨਾ, ਪਤਾ ਲਿਖਣਾ, ਵਿਆਖਿਆਨ ਦੇਣਾ, ਭਾਸ਼ਣ ਦੇਣਾ; ਮੁਖ਼ਾਤਬ ਹੋਣਾ; ~**ee** ਸਿਰਨਾਵਾਂਦਾਰ, (ਮਨੀ ਆਰਡਰ ਜਾਂ ਚਿੱਠੀ) ਪ੍ਰਾਪਤ ਕਰਨ ਵਾਲਾ, ਪ੍ਰਾਪਤ ਕਰਤਾ; ~**er** ਪੱਤਰ ਭੇਜਣ ਵਾਲਾ, ਬੇਨਤੀ ਕਰਨ ਵਾਲਾ, ਸੰਬੋਧਨ ਕਰਤਾ, ਮੁਖ਼ਾਤਬ ਕਰਨ ਵਾਲਾ

adept ('ਐਡੈੱਪਟ) *a n* ਨਿਪੁੰਨ, ਕਾਰੀਗਰ, ਪ੍ਰਵੀਣ, ਉਸਤਾਦ, ਤਾਕ, ਮਾਹਰ ਕੀਮੀਆਗਰ

adequacy (ਐਡਿਕਵਅਸਿ) *n* ਯੋਗਤਾ, ਸਮਰਥਾ, ਢੁੱਕਵਾਂਪਣ, ਚੋਖਾਪਨ

adequate ('ਐਡਿਕਵਅਟ) *a* ਕਾਫ਼ੀ, ਪੂਰਾ, ਲੋੜ-ਅਨੁਸਾਰ, ਉਪਯੁਕਤ, ਚੋਖਾ, ਢੁੱਕਵਾਂ, ਮੁਨਾਸਬ; ~**ly** ਪੂਰਾ-ਪੂਰਾ, ਕਾਫ਼ੀ, ਪੂਰੇ ਤੌਰ ਤੇ

adhere (ਅਡ'ਹਿਅ*) *v* ਡਟੇ ਰਹਿਣਾ, ਜੰਮੇ ਰਹਿਣਾ, ਚਿੰਬੜਨਾ, ਜੁੜ ਜਾਣਾ, ਦ੍ਰਿੜ੍ਹ ਰਹਿਣਾ; ਪਾਲਣ ਕਰਨਾ, ਅਨੁਸਰਨ ਕਰਨਾ, ਸਾਥ ਦਿੰਦੇ ਰਹਿਣਾ; ~**nce** ਹਿਮਾਇਤ, ਲਗਾਉ, ਦ੍ਰਿੜ੍ਹਤਾ, ਸਮਰਥਨ, ਚਿਪਕਾਓ; ਪਾਲਣ; ਨਿਸ਼ਠਾ; ~**nt** ਪੈਰੋਕਾਰ, ਹਿਮਾਇਤੀ, ਸਹਾਇਕ, ਸਮਰਥਕ, ਅਨੁਗਾਮੀ; ਸਬੰਧਤ

adhesive (ਅਡ'ਹਿਸਿਵ਼) *a* ਚਿਪਕੀਲਾ, ਗੂੰਦ ਵਾਲਾ ਚਿਪਕਵਾਂ, ਚਿਪਚਿਪਾ, ਚੇਪਨਦਾਰ; ~**ness** ਚਿਪਚਿਪਾਹਟ

ad hoc ('ਐਡ'ਹੌਕ) (*L*) *a* ਉਚੇਚਾ, ਖ਼ਾਸ ਮਤਲਬ ਲਈ, ਤਦ-ਅਰਥੀ

adieu (ਅ'ਡਯੂ) *n* ਅਲਵਿਦਾ, ਰੱਬ ਰਾਖਾ, ਅੱਲਾ ਬੇਲੀ

ad infinitum (ਐਡ'ਇਨਫ਼ਿ'ਨਾਇਟਅਮ) (*L*) *adv* ਹਮੇਸ਼ਾ ਲਈ, ਸਦੀਵੀ; ਅਨੰਤ ਤਕ

ad interim (ਐਡ'ਇਨਟਅਰਿਮ) (*L*) *adv* ਵਿਚਕਾਰਲੇ ਸਮੇਂ ਲਈ, ਅਲਪਕਾਲੀਨ, ਅਸਥਾਈ

adjacent (ਅ'ਜੇਇਸਅੰਟ) *n* ਲਾਗਲਾ, ਜੁੜਵਾਂ, ਸਮੀਪਵਰਤੀ, ਨੇੜਲਾ, ਨਾਲ, ਲੱਗਵਾਂ

adject (ਅ'ਜੈੱਕਟ) *v* ਜੋੜਨਾ, ਮਿਲਾਉਣਾ ~**ival** ਵਿਸ਼ੇਸ਼ਣੀ, ਵਿਸ਼ੇਸ਼ਣ ਸਬੰਧੀ, ਗੁਣਵਾਚਕ; ~**ive**

ਵਿਸ਼ੇਸ਼ਣ, ਗੁਣਵਾਚਕ ਸ਼ਬਦ

adjoin (ਅ'ਜੌਇਨ) *v* ਮਿਲਿਆ ਹੋਣਾ, ਜੁੜਿਆ ਹੋਣਾ, ਮਿਲਾਉਣਾ, ਸੰਯੁਕਤ ਕਰਨਾ, ਪਾਸ ਲਿਆਉਣਾ, ਮੇਲ ਕਰਨਾ, ਜੋੜਨਾ, ਨੱਥੀ ਕਰਨਾ; **~ing** ਕੋਲ ਦਾ, ਕੋਲ ਵਾਲਾ, ਨਾਲ ਲਗਦਾ, ਨਾਲ ਦਾ, ਨਾਲ ਵਾਲਾ, ਜੁੜਿਆ

adjourn (ਅ'ਜਅ:ਨ) *v* ਮੁਲਤਵੀ ਕਰਨਾ, ਸਥਗਤ ਕਰਨਾ, ਅੱਗੇ ਪਾਉਣਾ; **~ment** ਅੱਗੇ ਪਾ ਦੇਣ, ਮੁਲਤਵੀ ਕਰਨ, ਕਾਰਜ-ਸਥਗਨ

adjudge (ਅ'ਜਅੱਜ) *v* ਨਿਆਂ-ਨਿਰਣਾ ਕਰਨਾ, ਫ਼ੈਸਲਾ ਕਰਨਾ, ਦੰਡ ਦਾ ਹੁਕਮ ਦੇਣਾ, ਤਜਵੀਜ਼ ਕਰਨਾ, ਰਾਇ ਦੇਣੀ; **~ment** ਨਿਆਂ-ਨਿਰਣਾ, ਫ਼ੈਸਲਾ, ਹੁਕਮ

adjudicate (ਅ'ਜੁਡਿਕੇਇਟ) *v* ਫ਼ੈਸਲਾ ਕਰਨਾ, ਨਿਰਣਾ ਦੇਣਾ, ਨਿਬੇੜਨਾ, ਨਿਪਟਾਰਾ ਕਰਨਾ

adjudication (ਅ'ਜੁਡਿ'ਕੇਇਸ਼ਨ) *n* ਫ਼ੈਸਲਾ, ਨਿਆਂ ਨਿਰਣਾ, ਅਦਾਲਤੀ ਹੁਕਮ

adjunct (ਐ'ਜਅੰਕਟ) *n* ਸਹਾਇਕ; ਅਧੀਨ ਵਸਤੂ; ਜੋੜ, ਸੰਯੁਕਤ ਪਦਾਰਥ

adjust (ਅ'ਜਅੱਸਟ) *v* ਤਰਤੀਬ ਦੇਣੀ, ਇਕਸਾਰ ਕਰਨਾ, ਠੀਕ ਕਰਨਾ ਅਨੁਕੂਲ ਕਰਨਾ, ਮਿਲਾਉਣਾ, ਸਮਾਯੋਜਨ ਕਰਨਾ, ਵਿਵਸਥਿਤ ਕਰਨਾ; **~ment** ਤਰਕੀਬ, ਅਨੁਕੂਲਤਾ, ਸਮਾਯੋਜਨ, ਸਮਾਧਾਨ, ਸਮਝੌਤਾ

administer (ਅਡ'ਮਿਨਿਸਟਅ*) *v* ਪ੍ਰਬੰਧ ਕਰਨਾ, ਇੰਤਜ਼ਾਮ ਕਰਨਾ, ਬੰਦੋਬਸਤ ਕਰਨਾ, ਵਿਵਸਥਾ ਕਰਨੀ, (ਕਸਮ) ਚੁਕਾਉਣੀ; ਪ੍ਰਦਾਨ ਕਰਨਾ, (ਦਵਾਈ) ਦੇਣੀ ਜਾਂ ਖਵਾਉਣੀ

administration (ਅਡ'ਮਿਨਿ'ਸਟਰੇਇਸ਼ਨ) *n* ਪ੍ਰਸ਼ਾਸਨ, ਸੰਚਾਲਨ, ਪ੍ਰਬੰਧ, ਇੰਤਜ਼ਾਮ, ਸਰਕਾਰ

administrative (ਅਡ'ਮਿਨਿ'ਸਟਰਅਟਿਵ਼) *a* ਪ੍ਰਸ਼ਾਸ਼ਕੀ, ਪ੍ਰਸ਼ਾਸਨ-ਸਬੰਧੀ; ਪ੍ਰਬੰਧਕੀ, ਇੰਤਜ਼ਾਮੀਆ

administrator (ਅਡ'ਮਿਨਿਸਟਰੇਇਟਅ*) *n* ਪ੍ਰਸ਼ਾਸਕ, ਪ੍ਰਬੰਧਕ, ਪ੍ਰਬੰਧ-ਕਰਤਾ, ਨਾਜ਼ਮ, ਸਰਬਰਾਹ, ਮੁੰਤਜ਼ਿਮ, ਵਿਵਸਥਾਪਕ

admirable ('ਐਡਮ(ਅ)ਰਅਬਲ) *a* ਪ੍ਰਸੰਸਾਯੋਗ, ਪ੍ਰਸੰਸਨੀ, ਅਦਭੁਤ, ਅਸਚਰਜ-ਜਨਕ, ਅਪੂਰਵ, ਸ਼ਲਾਘਾਯੋਗ, ਸਲਾਹੁਣਯੋਗ, ਅਤੀ ਉੱਤਮ, ਸ੍ਰੇਸ਼ਠ, ਵਧੀਆ

admiral ('ਐਡਮ(ਅ)ਰ(ਅ)ਲ) *n* ਨੌ-ਸੈਨਾਪਤੀ, ਜੰਗੀ ਬੇੜੇ ਦਾ ਸਰਦਾਰ

admiration (ਐਡਮਅ'ਰੇਇਸ਼ਨ) *n* ਸ਼ਲਾਘਾ, ਤਾਰੀਫ਼, ਪ੍ਰਸੰਸਾ; ਅਚੰਭਾ

admire (ਅਡ'ਮਾਇਅ*) *v* ਪ੍ਰਸੰਸਾ ਕਰਨਾ; ਸਲਾਹੁਣਾ, ਸ਼ਲਾਘਾ ਕਰਨੀ, ਸਿਫ਼ਤ ਕਰਨੀ, ਗੁਣ ਗਾਉਣਾ; **~r** ਪ੍ਰਸੰਸਕ, ਆਸ਼ਕ

admissibility (ਅਡ'ਮਿਸਅ'ਬਿਲਅਟਿ) *n* ਯੋਗਤਾ, ਮੰਨਣ-ਯੋਗਤਾ, ਮਾਨਤਾ, ਪ੍ਰਮਾਣਕਤਾ

admissible (ਅਡ'ਮਿਸਅਬਲ) *a* ਦਾਖ਼ਲੇ ਯੋਗ, ਮੰਨਣ ਯੋਗ, ਜਾਇਜ਼, ਗ੍ਰਹਿਣ ਕਰਨ ਯੋਗ, ਸਵੀਕਾਰ ਕਰਨ ਯੋਗ

admission (ਅਡ'ਮਿਸ਼ਨ) *n* ਦਾਖਲਾ, ਪ੍ਰਵੇਸ਼, ਪਹੁੰਚ, ਪਰਵਾਨਗੀ, ਸਵੀਕ੍ਰਿਤੀ, ਅਨੁਮਤੀ; ਇਕਬਾਲ; ਪ੍ਰਵੇਸ਼-ਸ਼ੁਲਕ, ਭਰਤੀ

admit (ਅਡ'ਮਿਟ) *v* ਦਾਖ਼ਲ ਕਰਨਾ, ਪ੍ਰਵੇਸ਼ ਕਰਨਾ ਜਾਂ ਕਰਾਉਣਾ, ਆਉਣ ਦੇਣਾ, ਪ੍ਰਵੇਸ਼ ਦੇਣਾ, ਆਗਿਆ ਦੇਣੀ, ਮੰਨਣਾ, ਸਵੀਕਾਰ ਕਰਨਾ, ਇਕਬਾਲ ਕਰਨਾ, ਭਰਤੀ ਕਰਨਾ; **~tance** ਪ੍ਰਵੇਸ਼, ਦਾਖ਼ਲਾ, ਪ੍ਰਵੇਸ਼ ਦੀ ਅਨੁਮਤੀ, ਅੰਗੀਕਰਨ

admix (ਐਡਮਿਕਸ) *v* ਮਿਲਣਾ, ਮਿਲਾਉਣਾ, ਰਲਣਾ, ਰਲਾਉਣਾ, ਮਿਸ਼ਰਣ ਕਰਨਾ, ਮਿਸ਼ਰਤ

ਹੋਣਾ, ਘੋਲ ਦੇਣਾ, ਘੁਲ ਜਾਣਾ, ਰਲ ਮਿਲ ਜਾਣਾ; ~ture ਮਿਲਾਵਟ, ਮਿਸ਼ਰਣ, ਰਲਾ

admonish (ਅਡ'ਮੌਨਿਸ਼) *v* ਤਾੜਨਾ ਕਰਨੀ, ਤੰਬੀਹ ਕਰਨਾ, ਝਾੜ ਪਾਉਣੀ, ਚੇਤਾਵਨੀ ਦੇਣੀ, ਚੁਕੰਨਾ ਕਰਨਾ, ਜਤਾਉਣਾ, ਸੂਚਤ ਕਰਨਾ, ਧਿਆਨ ਦਿਵਾਉਣਾ; **~ment** ਝਿੜਕ, ਡਾਂਟ-ਡਪਟ, ਚੇਤਾਵਨੀ, ਤੰਬੀਹ, ਤਾੜਨਾ

admonition (ਐਡਮਆ(ਉ)'ਨਿਸ਼ਨ) *n* ਚਿਤਾਵਨੀ, ਤੰਬੀਰ, ਤਾੜਨਾ

ado (ਅ'ਡੂ) *n* ਝਮੇਲਾ, ਬਖੇੜਾ, ਪੁਆੜਾ, ਕਲਹ

adolescence (ਐਡਆ(ਉ)'ਲੈੱਸੰਸ) *n* ਅੱਲ੍ਹੜਪਣ, ਗਭਰੇਟ-ਉਮਰ, ਮੁਟਿਆਰ-ਅਵਸਥਾ, ਜੋਬਨ, ਕਿਸ਼ੋਰਅਵਸਥਾ

adolesent ('ਐਡਅ(ਉ)'ਲੈੱਸੰਟ) *a n* ਕਿਸ਼ੋਰ, ਅਲ੍ਹੜ (ਵਿਅਕਤੀ); ਨਵ-ਯੁਵਤੀ, ਨਵ-ਯੁਵਕ

adopt (ਅ'ਡੌਪਟ) *v* ਅਪਣਾਉਣਾ; ਧਾਰਨਾ, ਗ੍ਰਹਿਣ ਕਰਨਾ, ਲੈਣਾ, ਪ੍ਰਾਪਤ ਕਰਨਾ, ਗੋਦੀ ਲੈਣਾ, ਮੁਤਬੰਨਾ ਬਣਉਣਾ; **~ion** ਗੋਦੀ ਲੈਣ; ਅੰਗੀਕਰਨ, ਗ੍ਰਹਿਣ, ਚੋਣ

adorn (ਅ'ਡੋਨ) *v* (ਗਹਿਣਿਆਂ ਨਾਲ) ਸਜਾਉਣਾ, ਸੰਵਾਰਨਾ, ਸ਼ਿੰਗਾਰਨਾ, ਅਲੰਕਰਤ ਕਰਨਾ, ਸੁਸ਼ੋਭਤ ਕਰਨਾ; **~ment** ਸ਼ਿੰਗਾਰ, ਸਜਾਵਟ, ਅਲੰਕਰਣ

adrift (ਅ'ਡਰਿਫ਼ਟ) *adv a* ਡਾਵ੍ਹਾਂਡੋਲ, ਨਿਥਾਵਾਂ, ਅਸਥਿਰ, ਭਟਕਦਾ, ਵਹਿੰਦਾ ਹੋਇਆ

adroit (ਅ'ਡਰੌਇਟ) *a* ਹੁਸ਼ਿਆਰ, ਚਲਾਕ, ਚੰਟ, ਲਿਫਤਾ, ਚਤਰ, ਚੁਸਤ, ਫੁਰਤੀਲਾ

adult (ਅ'ਭਅੱਲਟ) *a n* ਬਾਲਗ਼, ਪ੍ਰੌੜ੍ਹ, ਸਿਆਣਾ, ਗੱਭਰੂ

adulterant (ਅ'ਡਅੱਲਟਅਰਅਨਟ) *a n* ਮਿਲਾਵਟ ਵਾਲਾ, ਖੋਟਾ, ਰਲੇ ਵ੍ਹਾਲਾ, ਮਿਲਾਵਟ, ਖੋਟ

adulterate (ਅ'ਡਅੱਲਟਰੇਇਟ) *v a* ਮਿਲਾਵਟ ਕਰਨਾ, ਖੋਟ ਰਲਾਉਣਾ, ਰਲਾਵਟ ਕਰਨੀ; ਅਸ਼ੁਧ, ਭ੍ਰਿਸ਼ਟ, ਖੋਟਾ, ਨਕਲੀ, ਬਣਾਉਟੀ, ਹਰਾਮੀ, ਵਿਭਚਾਰੀ

adulteration (ਅ'ਡਅੱਲਟਰਇਸ਼ਨ) *n* ਮਿਲਾਵਟ, ਖੋਟ, ਰਲਾ

adulterer (ਅ'ਡਅੱਲਟਅਰਅ*) *n* ਵਿਭਾਚਾਰੀ, ਜ਼ਨਾਕਾਰ, ਦੁਰਾਚਾਰੀ, ਪਰ-ਇਸਤਰੀਗਾਮੀ

adulteress (ਅ'ਡਅੱਲਟਅਰਿਸ) *a* ਯਾਰਨੀ, ਵਿਭਚਾਰਨ, ਦੁਰਾਚਾਰਨ, ਬਦਕਾਰ, ਪਰ-ਪੁਰਸ਼ਗਾਮਣ (ਇਸਤਰੀ)

adultery (ਅ'ਡਅੱਲਟਅਰਿ) *n* ਬਦਕਾਰੀ, ਹਰਾਮਕਾਰੀ, ਵਿਭਚਾਰੀ, ਪਰ-ਗਮਨ

advance (ਅਡ'ਵਾਂਸ) *v n* ਅੱਗੇ ਵਧਣਾ, ਧਾਵਾ ਬੋਲਣਾ; ਤਰੱਕੀ ਕਰਨੀ, ਉੱਨਤੀ ਕਰਨੀ, ਵਿਕਾਸ ਕਰਨਾ; ਪੇਸ਼ਗੀ ਦੇਣੀ, ਸਾਈ ਦੇਣੀ; ਪ੍ਰਸਤੁਤ ਕਰਨਾ, ਉਧਾਰ ਦੇਣਾ; ਪਹਿਲ, ਪੇਸ਼ਗੀ, ਸਾਈ; **~d** ਉੱਨਤ, ਵਿਕਸਤ, ਵਧਿਆ, ਉੱਚ; **~ment** ਉੱਨਤੀ, ਤਰੱਕੀ, ਵਾਧਾ, ਪੇਸ਼ਗੀ

advantage (ਐਡ'ਵਾਂਟਿਜ) *n v* ਲਾਭ, ਨਫ਼ਾ, ਫ਼ਾਇਦਾ, ਬਿਹਤਰੀ, ਮਹੱਤਾ, ਭਲਾਈ, ਲਾਭ, ਪਹੁੰਚਾਉਣਾ, ਲਾਭਕਾਰੀ ਹੋਣਾ, ਹਿਤਕਾਰੀ ਹੋਣਾ; **~ous** ਲਾਭਕਾਰੀ, ਫ਼ਾਇਦੇਮੰਦ, ਲਾਹੇਵੰਦ, ਉਪਯੋਗੀ, ਅਨੁਕੂਲ; **~ously** ਲਾਭਦਾਇਕ ਢੰਗ ਨਾਲ, ਉਪਯੋਗੀ ਤੋਰ ਤੇ

adventure (ਅਡ'ਵੈਂਚਅ*) *n v* ਸਾਹਸ, ਜਾਂਬਾਜ਼ੀ, ਖਤਰੇ ਵਾਲਾ ਕੰਮ, ਔਖਾ ਕੰਮ; ਖ਼ਤਰਾ ਸਹੇੜਨਾ, ਸੰਕਟ ਵਿਚ ਪੈ ਜਾਣਾ, ਹਿੰਮਤ ਕਰਨਾ, ਬੀੜਾ ਚੁੱਕਣਾ ਜਾਂ ਉਠਾਉਣਾ; **~r** (ਆਦਮੀ) ਸਾਹਸੀ, ਜਾਂਬਾਜ਼, ਹਿੰਮਤੀ, ਸਿਰਲੱਥ, ਸੱਟੇਬਾਜ਼ (ਵਿਅਕਤੀ), ਤਿਕੜਮਬਾਜ਼

adventurours (ਅਡ'ਵੈਂਚਰਅਸ) *a* ਸੂਰਮਾ, ਬੀਰ, ਸਾਹਸੀ, ਹਿੰਮਤੀ, ਦਲੇਰ, ਜਾਂਬਾਜ਼, ਪਰਾਕਰਮੀ

adverb (ਐਡਵਅ:ਬ) *n* ਕਿਰਿਆ-ਵਿਸ਼ੇਸ਼ਣ

adversary (ਐਡਵਅਸ(ਅ)ਰਿ) *n* ਵਿਰੋਧੀ, ਪ੍ਰਤੀਪੱਖੀ, ਵੈਰੀ, ਹਰੀਫ਼

adverse (ਐਡਵਅ:ਸ) *a* ਉਲਟ, ਹਾਨੀਕਾਰਕ, ਵਿਰੁੱਧ, ਵਿਪਰੀਤ, ਪ੍ਰਤੀਕੂਲ; ਅਣ-ਸੁਖਾਵਾਂ; ~ly ਪ੍ਰਤੀਕੂਲ ਰੂਪ ਵਿਚ, ਵਿਰੋਧੀ ਤੋਰ ਤੇ, ਮੰਦੇ (ਭਾਗਾਂ) ਨਾਲ

adversity (ਐਡ'ਵਅ:ਸਅਟਿ) *n* ਬਿਪਤਾ, ਪ੍ਰਤੀਕੂਲਤਾ, ਸੰਕਟ, ਆਫ਼ਤ, ਦੁਰਭਾਗ, ਬੁਰੇ ਦਿਨ, ਮੁਸੀਬਤ, ਮੰਦਹਾਲੀ

advertise (ਐਡਵ੍ਅਟਾਇਜ਼) *v* ਇਸ਼ਤਹਾਰ ਦੇਣਾ, ਪ੍ਰਚਾਰ ਕਰਨਾ, ਫੈਲਾਉਣਾ, ਮਸ਼ਹੂਰ ਕਰਨਾ, ਖ਼ਬਰ ਦੇਣੀ, ਸੂਚਤ ਕਰਨਾ, ਇਤਲਾਹ ਦੇਣੀ, ਵਿਗਿਆਪਨ ਕਰਨਾ ਜਾਂ ਦੇਣਾ; ~ment ਇਸ਼ਤਿਹਾਰ, ਵਿਗਿਆਪਨ, ਆਮ ਇਤਲਾਹ, ਸੂਚਨਾ, ਐਲਾਨ

advice (ਅਡ'ਵ੍ਇਸ) *n* ਸਲਾਹ, ਰਾਇ, ਮਸ਼ਵਰਾ, ਨਸੀਹਤ; ਸੰਮਤੀ ਉਪਦੇਸ਼; ਸੂਚਨਾ, ਸਮਾਚਾਰ; ~s ਬਿਲਟੀਆਂ; ਮਾਲ ਭੇਜਣ ਦੀਆਂ ਰਸੀਦਾਂ; ਵਿਹਾਰਕ ਸੂਚਨਾਵਾਂ

advisable (ਅਡ'ਵਾਇਜ਼ਅਬਲ) *a* ਯੋਗ, ਮੁਨਾਸਬ, ਉਚਿਤ, ਢੁੱਕਵਾਂ, ਉਪਯੁਕਤ

advise (ਅਡ'ਵਾਇਜ਼) *v* ਸਲਾਹ ਦੇਣੀ, ਮਸ਼ਵਰਾ ਦੇਣਾ, ਨਸੀਹਤ ਦੇਣੀ; ਸਿਫ਼ਾਰਸ਼ ਕਰਨੀ, ਉਪਯੁਕਤ ਦੱਸਣਾ; ਸੂਚਨਾ ਦੇਣੀ, ਸੂਚਤ ਕਰਨਾ; ~r ਸਲਾਹਕਾਰ, ਮੰਤਰੀ, ਮਸ਼ੀਰ, ਪਰਾਮਰਸ਼ ਕਰਤਾ

advocate (ਐਡਵਅਕਅਟ) *n v* ਵਕੀਲ, ਐਡਵੋਕੇਟ; ਸਮਰਥਕ, ਪ੍ਰਤੀਨਿਧ, ਬਸੀਠ; ਵਕਾਲਤ ਕਰਨਾ, ਹਿਮਾਇਤ ਕਰਨਾ

aegis ('ਈਜਿਸ) *n* ਸਰਪਰਸਤੀ; ਰੱਖਿਆ; ਆਸਰਾ, ਯੂਨਾਨੀ ਦੇਵਤਿਆਂ ਦੀ ਢਾਲ

aerial (ਏਅਰਿਅਲ) *a n* ਹਵਾਈ, ਹਵਾ-ਸਬੰਧੀ, ਹਵਾ ਵਾਂਗ ਸੂਖਮ, ਖਿਆਲੀ, ਕਾਲਪਨਕ; ਆਕਾਸ਼ੀ, ਵਾਯੂਮੰਡਲੀ; ਏਰੀਅਲ (ਰੇਡੀਉ ਦਾ), ਲਹਿਰਾਂ ਨੂੰ ਇਕੱਠਾ ਕਰਨ ਵਾਲੀ ਤਾਰ

aerobus (ਏਅਰੋਬਅਸ) *n* ਵਾਯੂਯਾਨ, ਹਵਾਈ-ਗੱਡੀ

aerodrome (ਏਅਰੋਡਰਅਉਮ) *n* ਹਵਾਈ-ਅੱਡਾ, ਹਵਾਈ-ਜਹਾਜ਼ਾਂ ਦਾ ਅੱਡਾ

aerogram (ਏਅਰੋਗਰੈਮ) *n* ਹਵਾਈ-ਪੱਤਰ, ਹਵਾਈ ਤਾਰ, ਵਾਇਰਲੈਸ ਨਾਲ ਭੇਜੀ ਤਾਰ

aeroplane (ਏਅਰੋਪਲੇਇਨ) *n* ਹਵਾਈ-ਜਹਾਜ਼, ਵਿਮਾਨ, ਉਡਣ ਖਟੋਲਾ,

aesthetic (ਈਸ'ਥੈਟਿਕ) *n* ਸੁਹਜਵਾਦੀ, ਸੁਹਜਾਤਮਕ, ਸੁਹਜ ਭਰਿਆ, ਸੁੰਦਰਤਾਮਈ

afar (ਅ'ਫ਼ਾ*) *adv* ਦੂਰ, ਦੂਰ ਤੀਕ; ~from ਦੂਰ ਤੋਂ, ਦੂਰੋਂ

affair (ਅ'ਫ਼ੇਅ*) *n* ਕਾਰ-ਵਿਹਾਰ, ਮਾਮਲਾ, ਸਮੱਸਿਆ, ਕਾਰਜ, ਕੰਮ, ਕਾਰੋਬਾਰ, ਸਮਾਰੋਹ, ਆਸ਼ਕੀ, ਪਰੇਮ, ਸਬੰਧ, ਯਾਰੀ

affect (ਅ'ਫ਼ੈਕਟ) *v* ਅਸਰ ਕਰਨਾ, ਪ੍ਰਭਾਵ ਪਾਉਣਾ, ਮਨ ਵਿਚ ਬੈਠਣਾ; ਪ੍ਰਹਣਾ, ਵਰਤੋਂ ਕਰਨਾ, (ਬੀਮਾਰੀ ਦਾ) ਲੱਗਣਾ, ਚੁੱਭਣਾ; ਵਰਤਣਾ, ਵਿਹਾਰ ਕਰਨਾ; ਕੰਮ ਵਿਚ ਲਿਆਉਣਾ, ਵਿਖਾਵਾ ਕਰਨਾ; ~ation ਆਡੰਬਰ, ਦੰਭ, ਖੇਖਣ, ਬਣਾਵਟ, ਦਿਖਾਵਾ, ਨਖ਼ਰਾ, ਛਲ, ਕਪਟ, ਬਹਾਨਾ; ~ed ਭਾਵਾਤਮਕ ਢੋਂਗੀ, ਪਖੰਡੀ, ਕਪਟੀ, ਆਡੰਬਰੀ, ਆਡੰਬਰਪੂਰਨ, ਬਣਾਉਟੀ, ਕਲਪਤ, ਦਿਖਾਵੇ ਦਾ; ਪ੍ਰਭਾਵਤ, ਗ੍ਰਸਤ; ਪ੍ਰਭਾਵੀ; ~ive ਪ੍ਰਭਾਵੀ, ਭਾਵਾਤਮਕ

affection (ਅ'ਫ਼ੈਕੱਸ਼ਨ) *n* ਸਨੇਹ, ਪਰੇਮ, ਮੋਹ, ਪਰੀਤ, ਲਾਡ, ਸਦਭਾਵਨਾ; **~ate** ਸਨੇਹੀ, ਪਰੇਮੀ, ਪਰੀਤਵਾਨ, ਲਾਡਲਾ, ਚਾਹੁਣਵਾਲਾ, ਸਨੇਹਪੂਰਨ; **~ately** ਪਿਆਰ ਨਾਲ, ਸਨੇਹ ਨਾਲ, ਪਰੇਮ ਨਾਲ, ਚਾਹ ਕੇ, ਮੋਹਤ ਹੋ ਕੇ

affidavit ('ਐਫ਼ਿ'ਡੇਇਵ੍ਟਿ) *n* ਹਲਫ਼, ਹਲਫ਼ਨਾਮਾ, ਹਲਫ਼ੀਆ ਬਿਆਨ

affilate (ਅ'ਫ਼ਿਲਿਏਇਟ) *v* ਮਿਲਾਉਣਾ, ਨਾਲ ਜੋੜਨਾ, ਸ਼ਾਮਲ ਕਰਨਾ, ਜੋੜ ਦੇਣਾ, ਸਬੰਧ ਜੋੜਨਾ

affiliation (ਅ'ਫ਼ਿਲਿ'ਏਇਸ਼ਨ) *n* ਮੇਲ, ਲਗਾਓ, ਸਬੰਧ; ਸਬੰਧਨ, ਸਬੰਧੀ-ਕਰਨ; ਮੁਤਬੰਨਾ ਬਣਾਉਣਾ

affinity (ਅ'ਫ਼ਿਨਅਟਿ) *n* ਨੇੜਤਾ, ਲਗਾਓ, ਸਾਂਝ, ਨਾਤਾ, ਵਿਵਾਹ-ਸਬੰਧ, ਨੇੜੇ ਦਾ ਸਬੰਧ, ਆਕਰਸ਼ਣ, ਸੁਭਾਅ ਜਾਂ ਆਚਾਰ-ਵਿਚਾਰ ਦੀ ਇਕਰੂਪਤਾ; ਸਮਰੂਪਤਾ

affirm (ਅ'ਫ਼ਅ:ਮ) *v* ਪੱਕ ਕਰਨਾ, ਪੁਸ਼ਟੀ ਕਰਨੀ, ਤਸਦੀਕ ਕਰਨੀ, ਦ੍ਰਿੜ੍ਹ ਹੋਣਾ, ਹਾਮੀ ਭਰਨੀ, ਸਮਰਥਨ ਕਰਨਾ

affix (ਅ'ਫ਼ਿਕਸ, 'ਐਫ਼ਿਕਸ) *v n* ਜੋੜਨਾ, ਬੰਨ੍ਹਣਾ, ਨੱਥੀ ਕਰਨਾ, ਚਿਪਕਾਉਣਾ, ਲਾਉਣਾ; ਜੋੜ, ਯੋਗ, ਅਗੇਤਰ-ਪਿਛੇਤਰ

affluence ('ਅ'ਫ਼ਲੁਅੰਸ) *a* ਬਹੁਲਤਾ, ਇਫ਼ਰਾਤ, ਸੰਪੰਨਤਾ, ਸਮਰਿਧੀ, ਧਨ, ਦੌਲਤਮੰਦੀ, ਖ਼ੁਸ਼ਹਾਲੀ, ਅਮੀਰੀ

afford (ਅ'ਫ਼ੋ*ਡ) *v* ਕਰ ਸਕਣਾ, ਸਾਰ ਸਕਣਾ, ਸਮਰੱਥਾ ਰੱਖਣਾ, ਸਮਰੱਥ, ਹੋਣਾ, ਪ੍ਰਦਾਨ ਕਰਨਾ, ਪੁਗਾਉਣਾ, ਵਾਰਾ ਖਾਣਾ, ਪੁੱਗ ਸਕਣਾ, ਸਾਧਨ ਇਕੱਠੇ ਕਰਨੇ

afforest (ਐ'ਫ਼ੌਰਿਸਟ) *v* ਬਿਰਛ ਲਾਉਣਾ, ਜੰਗਲ ਉਗਾਉਣਾ; **~ation** ਰੁੱਖ ਜਾਂ ਬਿਰਛ ਲਾਉਣ ਦਾ ਕੰਮ, ਜੰਗਲਾਉਣ

affront (ਅ'ਫ਼ਰਅੰਟ) *v n* ਮੁਕਾਬਲਾ ਕਰਨਾ; ਨਿਰਾਦਰ ਕਰਨਾ, ਅਪਮਾਨਤ ਕਰਨਾ, ਪੱਤ ਲਾਹੁਣੀ; ਅਪਮਾਨ, ਤਿਰਸਕਾਰ, ਅਵੱਗਿਆ

afloat (ਅ'ਫ਼ਲਅਉਟ) *adv a* ਤਰਦਾ, ਵਗਦਾ, ਪਰਵਾਹਤ; ਜਹਾਜ਼ ਵਿਚ, ਪ੍ਰਚਲਤ, ਵਹਿੰਦਾ ਹੋਇਆ

afoot (ਅ'ਫ਼ੁਟ) *n a* ਪੈਦਲ, ਪਿਆਦਾ; ਚਲਦਾ ਹੋਇਆ, ਚਲਿਤ

afore (ਅਫ਼ੋ*) *adv* ਪਹਿਲਾ, ਸਾਮ੍ਹਣੇ, ਅੱਗੇ, ਮੂਹਰੇ; ਪੂਰਵ ਕਾਲ ਵਿਚ; **~said** ਉਕਤ, ਪੂਰਵ ਕਥਿਤ

afraid (ਅ'ਫ਼ਰੇਇਡ) *a* ਡਰਿਆ, ਭੈਭੀਤ, ਸਹਿਮਿਆ, ਠਠੰਬਰਿਆ, ਤ੍ਰਹਿਆ, ਤ੍ਰਸਤ, ਛਹਿਆ

afresh (ਅ'ਫ਼ਰੈਸ਼) *adv* ਨਵੇਂ ਸਿਰਿਓਂ, ਨਵੇਂ ਸਿਰੇ ਤੋਂ, ਪੁਨਰ, ਦੁਬਾਰਾ, ਮੁੜ੍ਹੋਂ

after ('ਆਫ਼ਟਅ*) *a adv prep conj* ਮਗਰਲਾ, ਮਗਰੋਂ ਦਾ, ਪਿਛੋਂ ਦਾ, ਪਰਵਰਤੀ, ਬਾਅਦ, ਪਿੱਛੋਂ, ਉਪਰੰਤ, ਪਿੱਛੋਂ, ਬਾਅਦ ਵਿਚ; ਪਿੱਛੇ ਪਿੱਛੇ, ਫਿਰ ਵੀ, ਇੰਨਾ ਕੁਝ ਹੋਣ ਤੇ ਵੀ, ਜਦ; **~math** ਸਿੱਟਾ, ਨਤੀਜਾ, ਪਰਿਣਾਮ; **~noon** ਲੌਢਾ ਵੇਲਾ, ਤੀਜਾ ਪਹਿਰ, ਦੁਪਹਿਰ ਪਿੱਛੋਂ ਦਾ ਸਮਾਂ

again (ਅ'ਗੈਨੑ) *adv* ਫਿਰ, ਦੁਬਾਰਾ, ਮੁੜ ਕੇ, ਨਵੇਂ ਸਿਰਿਓਂ, ਪੁਨਰ

against (ਅ'ਗੈਨਸਟ) *prep conj* ਵਿਰੁੱਧ, ਵਿਪਰੀਤ, ਖ਼ਿਲਾਫ਼, ਉਲਟ, ਪ੍ਰਤੀਕੂਲ, ਮੁਕਾਬਲੇ ਵਿਚ, ਟਾਕਰੇ ਵਿਚ, ਬਦਲੇ

age (ਏਇਜ) *n v* ਉਮਰ, ਆਯੂ, ਅਵਸਥਾ, ਜੀਵਨ-ਕਾਲ; ਕਾਲ, ਯੁੱਗ, ਪੀੜ੍ਹੀ, ਸਮਾਂ, ਜ਼ਮਾਨਾ; ਬੁਢੇਪਾ; **~d** ਬੁੱਢਾ, ਬਿਰਧ, ਪੁਰਾਣਾ; **~less** ਨਿੱਤ ਨਵਾਂ, ਸਦਾ ਜਵਾਨ, ਸਦਾ ਨਵੀਨ; **~old** ਪੁਰਾਤਨ,

ਪ੍ਰਾਚੀਨ, ਪੁਰਾਣੀ

agency (ਏਇਜੇਂਸਿ) *n* ਸ਼ਾਖ਼; ਆੜ੍ਹਤ; ਸਾਧਨ, ਸਬੱਬ, ਏਜੰਸੀ

agenda (ਅ'ਜੈਨਡਅ) *n* ਕਾਰਜ-ਸੂਚੀ, ਕਾਰਜਕ੍ਰਮ, ਏਜੰਡਾ

agent ('ਏਇਜਅੰਟ) *n* ਪ੍ਰਤੀਨਿਧ, ਆੜ੍ਹਤੀ, ਦਲਾਲ, ਮੁਖ਼ਤਾਰ, ਕਾਰਿੰਦਾ, ਕਾਰਜ-ਕਰਤਾ

aggravate ('ਐਗਰਅਵ੍ਹੇਇਟ) *v* ਵਧਾਉਣਾ, ਵਧੇਰੇ ਵਿਗਾੜਨਾ; ਗੰਭੀਰ ਹੋਣਾ ਜਾਂ ਬਣਾਉਣਾ, ਚਿੜ੍ਹਾਉਣਾ, ਤੰਗ ਕਰਨਾ

agravating ('ਐਗਰਅਵ੍ਹੇਇਟਿਙ) *a* ਤੰਗ ਕਰਨ ਵਾਲਾ, ਸਤਾਊ

aggravation ('ਐਗਰਅਵ੍ਹੇਇਸ਼ਨ) *n* ਵਿਗਾੜ, ਗੰਭੀਰਤਾ

aggregate ('ਐਗਰਿਗਅਟ, 'ਐਗਰਿਗੇਇਟ) *a n v* ਕੁੱਲ ਜੋੜ; ਸਮੂਹ, ਭੀੜ, ਸਮੁਦਾਇ; ਕੁਲ, ਇਕੱਠਾ, ਸੰਕਲਤ, ਏਕੀਕ੍ਰਿਤ; ਸਮੂਹੀਕ੍ਰਿਤ ਹੋਣਾ, ਇਕੱਠੇ ਹੋਣਾ, ਜਮ੍ਹਾਂ ਹੋਣਾ ਜਾਂ ਕਰਨਾ ਢੇਰ ਲਗਾਉਣਾ

aggress (ਅ'ਗਰੈੱਸ) *v* ਹਮਲਾ ਕਰਨਾ, (ਛੇੜ-ਛਾੜ ਵਿਚ) ਪਹਿਲ ਕਰਨੀ; ~ion ਹੱਲਾ, ਹਮਲਾ, ਚੜ੍ਹਾਈ, ਧਾਵਾ, ਆਕਰਮਣ; ਵਧੀਕੀ, ਵਾਧਾ, ਧੱਕਾ; ~ive ਹੱਲੇ ਲਈ ਤਿਆਰ ਰਹਿਣ ਵਾਲਾ, ਹਮਲੇ-ਸਬੰਧੀ, ਹੱਲੇ ਬਾਰੇ, ਆਕਰਮਣ-ਸ਼ੀਲ, ਉੱਦਮਸ਼ੀਲ; ~or ਹਮਲਾਵਰ, ਵਿਰੋਧੀ, ਲੜਾਕਾ, ਵਧੀਕੀ ਕਰਨ ਵਾਲਾ

aggrieve (ਅ'ਗਰੀਵ੍ਹ) *v* ਦੁਖਾਉਣਾ, ਦੁੱਖ ਦੇਣਾ, ਕਸ਼ਟ ਦੇਣਾ, ਦੁਖੀ ਕਰਨਾ, ਤੰਗ ਕਰਨਾ

aghast (ਅ'ਗਾਸਟ) *a* ਹੱਕਾ-ਬੱਕਾ, ਹੈਰਾਨ, ਵਿਸਮਤ, ਭੌਰ-ਭੌਰ, ਬੌਂਦਲਿਆ

agile ('ਐਜਾਇਲ) *a* ਚੁਸਤ, ਫੁਰਤੀਲਾ

agility (ਅ'ਜਿਲਅਟਿ) *n* ਚੁਸਤੀ, ਚਲਾਕੀ, ਫੁਰਤੀ, ਤੀਬਰਤਾ

agitate ('ਐਜਿਟੇਇਟ) *v* ਭੜਕਾਉਣਾ, ਉਕਸਾਉਣਾ, ਭਖਾਉਣਾ, ਉਤੇਜਤ ਕਰਨਾ; ਅੰਦੋਲਨ ਕਰਨਾ, ਹਲਚਲ ਕਰਨਾ; ਸੰਘਰਸ਼ ਕਰਨਾ; ~d ਉਤੇਜਤ, ਭੜਕਿਆ, ਸਤਾਇਆ, ਦੁਖੀ

agitation ('ਐਜਿ'ਟੇਇਸ਼ਨ) *n* ਅੰਦੋਲਨ, ਗੜਬੜ, ਵਿਆਕੁਲਤਾ, ਉਕਸਾਹਟ, ਹਲਚਲ, ਕਲਹ, ਉਤੇਜਨਾ

agitator ('ਐਜਿਟੇਇਟਅ*) *n* ਅੰਦੋਲਨ-ਕਰਤਾ, ਅੰਦੋਲਕ; ਹਲਚਲ ਪੈਦਾ ਕਰਨ ਵਾਲਾ, ਅੰਦੋਲਨਕਾਰੀ, ਉਪਦਰੱਵੀ

agony ('ਐਗਅਨਿ) *n* ਮਾਨਸਕ ਪੀੜ, ਵੇਦਨਾ, ਸੰਤਾਪ, ਚਿੰਤਾ, ਤਸੀਹਾ, ਸਰੀਰਕ ਕਸ਼ਟ; ਸੰਘਰਸ਼

agree (ਅ'ਗਰੀ) *v* ਮੰਨਣਾ, ਰਜ਼ਾਮੰਦ ਹੋਣਾ, ਹਾਮੀ ਭਰਨਾ, ਸਹਿਮਤ ਹੋਣਾ, ਰਾਜ਼ੀ ਹੋਣਾ, ਸਹਿਮਤੀ ਦੇਣਾ; ਤੈ ਕਰਨਾ; ~able ਅਨੁਕੂਲ; ਅਨੁਸਾਰ, ਅਨੁਰੂਪ, ਰਾਜ਼ੀ, ਸਹਿਮਤ; ਸੁਖਾਵਾਂ, ਰਮਣੀਕ, ਮਨੋਹਰ; ~ment ਸਹਿਮਤੀ, ਰਜ਼ਾਮੰਦੀ; ਮੇਲ; ਅਨੁਰੂਪਤਾ; ਸਮਝੌਤਾ, ਰਾਜ਼ੀਨਾਮਾ, ਇਕਰਾਰਨਾਮਾ

agricultural ('ਐਗਰਿ'ਕਲਚੱ(ਅ)ਰਲ) *a* ਵਾਹੀ ਦਾ, ਭੋਂ ਦਾ, ਖੇਤੀਬਾੜੀ ਦਾ, ਕਿਰਸਾਣੀ ਦਾ; ~ist ਵਾਹਕ, ਕਿਸਾਨ, ਜ਼ਿਮੀਂਦਾਰ

agriculture ('ਐਗਰਿਅੱਲਚਅ*) *n* ਖੇਤੀਬਾੜੀ, ਵਾਹੀ, ਕਾਸ਼ਤਕਾਰੀ, ਖੇਤੀ, ਕਿਰਸਾਣੀ, ਕ੍ਰਿਸ਼ੀ

agriculturist ('ਐਗਰਿ'ਕਅੱਚਅਰਿਸਟ) *n* ਕਿਰਸਾਣ, ਕਿਸਾਨ, ਜ਼ਮੀਨ ਵਾਹੁਣ ਜੀ ਬੀਜਣ ਵਾਲਾ, ਕਾਸ਼ਤਕਾਰ, ਖੇਤੀਬਾੜੀ ਕਰਨ ਵਾਲਾ

ahead (ਐ'ਹੈੱਡ) *adv pred a* ਅੱਗੇ, ਅਗਾੜੀ, ਸਾਮ੍ਹਣੇ, ਅਗਾਂਹ, ਅੱਗੇ, ਵੱਲ; ਤੇਜ਼ ਕਦਮਾਂ ਨਾਲ, ਤੀਬਰ ਗਤੀ ਨਾਲ, ਵਧਦੇ ਹੋਏ

aid (ਏਇਡ) *v n* ਸਹਾਇਤਾ ਕਰਨੀ, ਮਦਦ ਕਰਨੀ, ਉਪਕਾਰ ਕਰਨਾ; ਸਹਾਇਤਾ, ਮਦਦ

aide-de-camp ('ਏਇਡਡਅ'ਕੈਂਪ) *n* ਸੈਨਾਪਤੀ ਦਾ ਸਹਾਇਕ ਅਧਿਕਾਰੀ, ਏਡੀਕਾਂਗ, ਅੰਗ-ਸੇਵਕ

ail (ਏਇਲ) *v* ਕਸ਼ਟ ਦੇਣਾ, ਪੀੜਤ ਹੋਣਾ, ਦੁੱਖ ਦੇਣਾ ਜਾਂ ਹੋਣਾ, ਰੋਗੀ ਹੋਣਾ; **~ing** ਬੀਮਾਰ, ਦੁਖੀ, ਰੋਗੀ, ਪੀੜਤ; **~ment** ਤਬੀਅਤ ਦੀ ਖ਼ਰਾਬੀ

aim (ਏਇਮ) *n v* ਨਿਸ਼ਾਨਾ, ਟੀਚਾ, ਉਦੇਸ਼ ਮਨਸ਼ਾ; ਨਿਸ਼ਾਨਾ ਬਨਣਾ, ਵਾਰ ਕਰਨਾ, ਚੇਸ਼ਟਾ ਕਰਨੀ; **~less** ਮਨੋਰਥਹੀਣ, ਨਿਰਉਦੇਸ਼; **~lessness** ਅਟਕਣ, ਉਦੇਸ਼ਹੀਣਤਾ

air (ਏਅ) *a n* ਹਵਾ, ਵਾਯੂ; ਵਾਤਾਵਰਣ, ਵਾਯੂ-ਮੰਡਲ; ਰੰਗ ਢੰਗ, ਨਖ਼ਰਾ; ਹਵਾ ਵਿਚ ਰਖਣਾ, ਹਵਾ ਲੁਆਉਣਾ, ਹਵਾ ਖਾਣਾ, ਪਰਗਟਾਉਣਾ; **in the~** ਅਫ਼ਵਾਹ, ਅਵਾਈ; **on the~** ਰੇਡੀਓ ਤੋਂ ਬੋਲਦੇ ਹੋਏ; **open~** ਖੁੱਲ੍ਹ-ਬਹਾਰਾ, ਖੁਲ੍ਹੀ ਥਾਂ; **~base** ਹਵਾਈ ਅੱਡਾ; **~conditioned** ਵਾਯੂ-ਅਨੁਕੂਲਤ; **~craft** ਹਵਾਈ ਜਹਾਜ਼, ਵਿਮਾਨ; **~field** ਹਵਾਈ-ਅੱਡਾ; **~force** ਹਵਾਈ ਸੈਨਾ, ਵਾਯੂ ਸੈਨਾ; **~line** ਹਵਾਈ ਕੰਪਨੀ, ਵਾਯੂ-ਮਾਰਗ **~mail** ਹਵਾਈ ਡਾਕ; **~port** ਹਵਾਈ ਅੱਡਾ; **~way** ਹਵਾ ਦੇ ਆਉਣ-ਜਾਣ ਦਾ ਰਾਹ; ਵਾਯੂਮਾਰਗ, ਖਾਣਾਂ ਵਿਚ ਹਵਾ ਆਉਣ ਜਾਣ ਲਈ ਬਣਿਆ ਰਸਤਾ; **~iness** ਹੋਛਾਪਣ; ਦਿਖਾਵਾ; **~less** ਹਵਾ ਰਹਿਤ, ਦਮ ਘੋਟੂ; **~y** ਹਲਕਾ, ਹੋਲਾ, ਹਵਾਈ, ਖੁੱਲ੍ਹਾ, ਹਵਾਦਾਰ, ਪ੍ਰਸੰਨਚਿੱਤ, ਬੁਲੰਦ, ਉੱਚਾ; ਬਾਰੀਕ, ਪਤਲਾ, ਨਿਰਰਥਕ; ਜ਼ਿੰਦਾਦਿਲ, ਰੰਗੀਲਾ

alarm (ਅ'ਲਾਮ) *n v* ਚੇਤਾਵਨੀ, ਖ਼ਤਰੇ ਦਾ ਘੁੱਗੂ, ਬਿਗਲ, ਅਲਾਰਮ, ਖਬਰਦਾਰ ਕਰਨਾ, ਚੇਤਾਵਨੀ ਦੇਣਾ, ਡਰਾ ਦੇਣਾ, ਤ੍ਰਬਕਾ ਦੇਣਾ, ਹਾਲ ਦੁਹਾਈ ਪਾਉਣੀ, ਟਣਟਣਾਉਣਾ, ਅਲਾਰਮ ਬੋਲਣਾ; ਵਿਆਕੁਲ ਕਰਨਾ, ਉਤੇਜਤ ਕਰਨਾ; **~clock** ਅਲਾਰਮ-ਘੜੀ; **~ed** ਡਰਿਆ, ਭੈ-ਭੀਤ, ਘਬਰਾਇਆ, ਸਹਿਮਿਆ; **~ing** ਖ਼ਤਰਨਾਕ, ਚਿੰਤਾਜਨਕ, ਡਰਾਉਣਾ, ਤ੍ਰਾਹ ਕੱਢ ਦੇਣ ਵਾਲਾ

alas (ਅ'ਲੈਸ) *interj* ਉਹੋ, ਅਫ਼ਸੋਸ! ਹਾਏ! ਹਾਏ-ਹਾਏ!

ablum ('ਐਲਬਅਮ) *n* ਐਲਬਮ, ਚਿੱਤਰਾਵਲੀ, ਚਿੱਤਰ-ਪੁਸਤਕ

alcohol (ਐਲਕਅਹੌਲ) *n* ਮਦਸਾਰ; ਸਪਿਰਿਟ; ਅਲਕੋਹਲ

alert (ਅ'ਲਅ:ਟ) *a n v* ਚੌਕੰਨਾ, ਖ਼ਬਰਦਾਰ, ਚੌਕਸ; ਚੇਤਾਵਨੀ, ਸੰਕਟ ਸਮੇਂ ਦੀ ਸੂਚਨਾ; ਸਾਵਧਾਨ ਕਰਨਾ, ਸਚੇਤ ਕਰਨਾ; **~ness** ਸਾਵਧਾਨੀ, ਚੇਤਨਤਾ, ਖ਼ਬਰਦਾਰੀ, ਤਕੜਾਈ, ਤਿਆਰੀ

algebra ('ਐਲਜਿਬਰਅ) *n* ਬੀਜ ਗਣਿਤ, ਅਲਜਬਰਾ

alias ('ਏਇਲਿਅਸ) *n* ਉਪਨਾਮ, ਅੱਲ, ਉਰਫ਼, ਅਸਲੀ ਨਾਂ ਤੋਂ ਬਿਨਾਂ ਕੋਈ ਦੂਜਾ ਨਾਂ

alien ('ਏਇਲਯਅਨ) *a n* ਬਾਹਰਲਾ ਵਿਦੇਸ਼ੀ, ਓਪਰਾ, ਪਰਾਇਆ, ਬੇਗਾਨਾ, ਨਾਵਾਕਫ਼; ਅਸੰਗਤ, ਬਾਹਰੀ ਵਿਅਕਤੀ

alike (ਅ'ਲਾਇਕ) *a adv* ਤੁੱਲ, ਵਰਗਾ, ਮਿਲਦਾ-ਜੁਲਦਾ, ਸਮਾਨ, ਉਹੋ ਜਿਹਾ, ਉਵੇਂ ਹੀ, ਉਸੇ ਤਰ੍ਹਾਂ

alive (ਅ'ਲਾਇਵ੍) *a* ਜੀਉਂਦਾ, ਜੀਉਂਦਾ-ਜਾਗਦਾ, ਜੀਵਤ; ਫੁਰਤੀਲਾ, ਸਜੀਵ; ਵਰਤਮਾਨ, ਸਾਵਧਾਨ, ਸੋਝੀਵਾਨ, ਚੇਤਨ; ਛੋਹਲਾ, ਭਰਪੂਰ

all (ਆੱਲ) *a n adv* ਸਾਰਾ, ਸਾਰੇ ਦਾ ਸਾਰਾ, ਪੂਰਾ, ਸਮੁੱਚਾ, ਸਰਬ, ਕੁਲੱ, ਬਿਲਕੁਲ, ਸਭ ਕੁਝ,

ਪੂਰੀ ਤਰ੍ਹਾਂ

allay (ਅ'ਲੇਇ) *v* ਮੱਠਾ ਕਰਨਾ, (ਪੀੜ ਆਦਿ ਦਾ) ਘਟਾਉਣਾ, (ਤੇਹ ਦਾ) ਹਟਾਉਣਾ, ਦੂਰ ਕਰਨਾ, (ਦੰਗੇ ਫ਼ਸਾਦ ਨੂੰ) ਦਬਾ ਦੇਣਾ

allegation ('ਐਲਿ'ਗੇਇਸ਼ਨ) *n* ਦੋਸ਼, ਇਲਜ਼ਾਮ, ਦਾਵਾ; ਦੂਸ਼ਨ, ਉਜ

allegiance (ਅ'ਲੀਜੀਅਨਸ) *n* ਤਾਬੇਦਾਰੀ, ਵਫ਼ਾਦਾਰੀ, ਨਿਮਕ ਹਲਾਲੀ, ਰਾਜ-ਭਗਤੀ, ਸੁਆਮੀ-ਭਗਤੀ; **oath of~** ਵਫ਼ਾਦਾਰੀ ਦੀ ਸੌਗੰਧ, ਹਲਫ਼ੇ-ਵਫ਼ਾਦਾਰੀ

allegory ('ਐਲਿਗਅਰਿ) *n* ਰੂਪਕ, ਦੁਅਰਥੀ ਗੱਲ ਜਾਂ ਬਿਆਨ, ਦੂਹਰੇ ਭਾਵ ਵਾਲੀ ਕਵਿਤਾ; ਦ੍ਰਿਸ਼ਟਾਂਤ, ਪ੍ਰਤੀਕ

allergy ('ਐਲਅ*ਜਿ) *n* ਜਿਸਮ ਉੱਤੇ ਪਿਆ ਬਾਹਰਲਾ ਅਸਰ ਜੋ ਕਿਸੇ ਬੀਮਾਰੀ ਦਾ ਕਾਰਨ ਬਣੇ, ਅਤੀ ਸੰਵੇਦਨਸ਼ੀਲਤਾ, ਐਲਰਜੀ

alley (ਐਲਿ) *n* ਗਲੀ, ਭੀੜੀ ਗਲੀ, ਪਟੜੀ, ਤੰਗ ਰਸਤਾ, ਲਾਂਘਾ, ਪਗਡੰਡੀ; **blind~** ਬੰਦ ਗਲੀ

alliance (ਅ'ਲਾਇਅੰਸ) *n* ਗੱਠਜੋੜ, ਸੰਧੀ, ਮਿੱਤਰਤਾ, ਭਾਈ-ਵਾਲੀ, ਸਾਕਾਦਾਰੀ, ਨਾਤਾ, ਰਿਸ਼ਤਾ

allied (ਅ'ਲਾਇਡ) *a* ਸਬੰਧਤ, ਨਾਲ ਦਾ ਸਬੰਧ, ਜੁੜਿਆ ਹੋਇਆ, ਸਮਾਨ

alliteration (ਅ'ਲਿਟਅ'ਰੇਇਸ਼ਨ) *n* ਅਨੁਪ੍ਰਾਸ, ਵਰਣਆਵ੍ਰਿਤੀ

allocate ('ਐਲਅ(ਉ)ਕੇਇਟ) *v* ਵੰਡ ਦੇਣਾ, ਵੰਡੀ ਪਾਉਣੀ, ਟਿੱਕਣਾ, ਮਿੱਥਣਾ; ਨਿਸ਼ਚਤ ਕਰਨਾ, ਨਿਰਧਾਰਤ ਕਰਨਾ, ਹਿੱਸਾ ਕੱਢਣਾ, ਹਿੱਸੇ ਵੰਡਣੇ; ਸਥਾਨ ਨਿਯੁਕਤ ਕਰਨਾ

allocation ('ਐਲਅ(ਉ)'ਕੇਇਸ਼ਨ) *n* ਵੰਡਾਰਾ, ਬਟਵਾਰਾ, ਹਿੱਸੇ-ਵੰਡ, ਵੰਡ

allot (ਅ'ਲੌਟ) *v* ਹਿੱਸੇ-ਪਾਉਣਾ, ਵੰਡ ਕੇ ਦੇਣਾ, ਗੁਣੇ ਪਾਉਣਾ, ਟਿੱਕਣਾ, ਮਿੱਥਣਾ; ਵੰਡਣਾ, ਮੁਕੱਰਰ ਕਰਨਾ, ਅਲਾਟ ਕਰਨਾ; **~ment** ਹਿੱਸੇ-ਵੰਡ, ਵੰਡਾਰਾ, ਵਿਭਾਜਨ; ਨਿਰਧਾਰਣ; ਹਿੱਸਾ, ਨਿਰਧਾਰਤ ਭਾਗ; ਪ੍ਰਾਲਬਧ, ਭਾਗ, ਕਿਸਮਤ, ਨਸੀਬ; **~tee** ਵੰਡ-ਪਾਤਰ, ਜਿਸ ਨੂੰ ਚੀਜ਼ ਦਾ ਹਿੱਸਾ ਵੰਡ ਕੇ ਦਿੱਤਾ ਜਾਵੇ, ਅਲਾਟੀ

allow (ਅ'ਲਾਉ) *v* ਆਗਿਆ ਦੇਣੀ, ਇਜਾਜ਼ਤ ਦੇਣੀ, ਮੰਨਣਾ, ਯੋਗ ਮੰਨਣਾ; ਸਹਾਰਨਾ, ਝੱਲਣਾ; ਘਟਾਉਣਾ, ਕਾਟ ਕੱਟਣੀ, ਪ੍ਰਬੰਧ ਕਰਨਾ

alloy (ਅ'ਲੌਇ) *n v* ਮਿਸ਼ਰਤ ਧਾਤ, ਧਾਤ-ਮਿਸ਼ਰਣ, ਖੋਟ, ਮਿਲਾਵਟ, ਰਲਾ; ਮਿਸ਼ਰਣ ਕਰਨਾ; ਖੋਟ ਮਿਲਾਉਣੀ, ਖੋਟ ਮਿਲਾਉਣੀ, ਮਿਲਾਵਟ ਕਰਨੀ; ਖੋਟਾ ਬਣਾਉਣਾ; ਮੁੱਲ ਘਟਾਉਣਾ

allure (ਅ'ਲਯੁਅ*) *v n* ਭਰਮਾਉਣਾ, ਲਾਲਚ ਦੇਣਾ, ਵਰਗਲਾਉਣਾ, ਛਲਣਾ, ਮੋਹ ਲੈਣਾ, ਆਕਰਸ਼ਤ ਕਰਨਾ, ਰੀਝਾਉਣਾ, ਲਾਲਚ, ਲੋਭ, ਛਲ, ਆਕਰਸ਼ਣ, ਖਿਚ; **-ment** ਲੋਭ, ਲਾਲਚ, ਲਲਚਾਉ, ਖਿਚਾਉ, ਰੀਝ, ਰੀਝਾਉ, ਆਕਰਸ਼ਣ; ਮੋਹ

alluring (ਅ'ਲਯੁਅਰਿਙ) *a* ਮੋਹਕ, ਆਕਰਸ਼ਕ

allusion (ਅ'ਲੂਯ਼ਨ) *n* ਸੰਕੇਤ, ਰਮਜ਼, ਹਵਾਲਾ, ਗੁੱਝਾ ਇਸ਼ਾਰਾ, ਨਿਰਦੇਸ਼ ਸੰਦਰਭ, ਇਸ਼ਾਰੇ ਦੀ ਗੱਲ, ਗੁੱਝੀ ਗੱਲ

alma mater ('ਐਲਮਅ'ਮਾਟਅ*) *n* ਮਾਤਰੀ ਸੰਸਥਾ, ਆਪਣਾ ਕਾਲਜ ਜਾਂ ਵਿਦਿਆਲਾ, ਯੂਨੀਵਰਸਿਟੀਆਂ ਅਤੇ ਕਾਲਜਾਂ ਲਈ ਵਰਤਿਆ ਜਾਂਦਾ ਆਦਰਸੂਚਕ ਸ਼ਬਦ

almighty (ਅਲ'ਮਾਇਟਿ) *a adv* ਸਰਬਸ਼ਕਤੀਮਾਨ; (ਅਪ) ਮਹਾਂ

almirah ('ਐਲਮਿਰਅ) *n* ਅਲਮਾਰੀ

almond ('ਆਮਅਨਡ) *n* ਬਦਾਮ, ਬਦਾਮ ਵਰਗੀ ਚੀਜ਼; **~oil** ਬਦਾਮ-ਰੋਗਨ

almost ('ਓਲਮਅਉਸਟ) *adv* ਲਗਭਗ, ਕਰੀਬ ਕਰੀਬ, ਤਕਰੀਬਨ

alms (ਆਮ) *n* ਭਿਖਿਆ, ਖ਼ੈਰਾਤ, ਖ਼ੈਰ, ਦਾਨ

aloft (ਅ'ਲੌਫ਼ਟ) *adv* ਉਤਾਂਹ, ਉਚਾ, ਉਚੇ ਦਾਅ, ਉਪਰ ਨੂੰ (ਜਾਂ ਵੱਲ), ਆਕਾਸ਼ ਵਿਚ, ਹਵਾ ਵਿਚ

alone (ਅ'ਲਅਉਨ) *adv a* ਇਕੱਲਾ, ਇਕੋ ਹੀ, ਇਕਾਕੀ, ਕੱਲਾ-ਸੁਕੱਲਾ, ਇਕੋ-ਇਕ, ਛੜਾ, ਨਿਰਾ; ਸਿਰਫ਼; ਅਦੁੱਤੀ, ਲਾਸਾਨੀ, ਬੇਜੋੜ; **leave~** ਇਕੱਲੇ ਛੱਡਣਾ

along (ਅ'ਲੌਙ) *a adv prep* ਨਾਲ, ਨਾਲ-ਨਾਲ, ਲਾਗੇ-ਲਾਗੇ, ਕੰਢੇ; ਇਕ ਸਿਰੇ ਤੋਂ ਦੂਜੇ ਸਿਰੇ ਤਕ, ਪੂਰੀ ਲੰਬਾਈ ਵਿਚ ਜਾਂ ਲੰਬਾਈ ਦੇ ਕੁਝ ਭਾਗ ਵਿਚ, ਅਗਾਂਹ, ਅਗਾਂਹ ਵੱਲ (ਨੂੰ), ਸਿੱਧਾ; **all~** ਹਰ ਵੇਲੇ, ਹਰ ਮੌਕੇ, ਪੂਰੇ ਸਮੇਂ ਲਈ, ਅੰਤ ਤਕ, ਤੋੜ ਤਕ; **~side** ਬਗਲ ਵਿਚ, ਨੇੜੇ, ਨਿਕਟ, ਕੋਲ, ਪਾਸ, ਬਰਾਬਰ-ਬਰਾਬਰ; **~with** ਨਾਲ-ਨਾਲ, ਸੰਗ-ਸੰਗ, ਨਾਲ ਹੀ

aloof (ਅ'ਲੂਫ਼) *adv* ਅਲੱਗ, ਅੱਡ, ਵੱਖ, ਪਰਾਂ, ਦੂਰ; ਨਿਆਰਾ, ਅਲਹਿਦਾ, ਨਿਵੇਕਲਾ; ਲਾਂਭੇ

aloud (ਅ'ਲਾਉਡ) *adv* ਉਚੀ ਅਵਾਜ਼ ਵਿਚ, ਉਚਾ ਬੋਲ ਕੇ, ਸਪਸ਼ਟ ਰੂਪ ਵਿਚ, ਖੁੱਲ੍ਹਮ-ਖੁੱਲ੍ਹਾ, ਪਰਗਟ ਰੂਪ ਵਿਚ

alphabet ('ਐਲਫ਼ਅਬਏਟ) *n* ਵਰਣਮਾਲਾ, ਊੜਾ-ਐੜਾ; ਪੈਂਤੀ, ਮੁੱਢਲੇ ਸਿਧਾਂਤ, ਮੁੱਢ; **~tical** ਵਰਣ-ਕ੍ਰਮ-ਸਬੰਧ, ਵਰਣਮਾਲਾ ਦਾ, ਵਰਣਾਤਮਕ

already (ਅਲ'ਰੈੱਡੀ) *adv* ਪਹਿਲਾਂ ਹੀ, ਪਹਿਲਾਂ ਤੋਂ ਹੀ, ਅੱਗੇ ਹੀ, ਹੁਣੇ, ਹੁਣ ਤੀਕ, ਹੁਣ ਤਾਈਂ

also ('ਅਲਸਅਉ) *adv* ਵੀ, ਨਾਲੇ, ਨਾਲ ਹੀ, ਅਤੇ, (ਇਸ ਤੋਂ) ਇਲਾਵਾ

altar ('ਅਲਟ*) *n* ਵੇਦੀ, ਕੁਰਬਾਨਗਾਹ, ਉਹ ਥਾਂ ਜਿਥੇ ਕੁਰਬਾਨੀ ਦਿੱਤੀ ਜਾਵੇ

alter ('ਅਲਟਅ*) *v* ਬਦਲਉਣਾ, ਬਦਲ ਦੇਣਾ, ਰੂਪਾਂਤਰ ਕਰਨਾ, ਪਰਿਵਰਤਨ ਕਰਨਾ; **~ation** ਤਬਦੀਲੀ, ਪਰਿਵਰਤਨ, ਪਲਟਾ, ਰੂਪਾਂਤਰ; **~nate** ਬਦਲਵਾਂ, ਪਰਤਵਾਂ, ਇਕ ਦੂਜੇ ਦੇ ਪਿੱਛੋਂ ਆਉਣਾ, ਵਾਰੀ ਵਾਰੀ ਆਉਣਾ ਜਾਂ ਰਖੱਣਾ, ਬਦਲ ਬਦਲ ਕੇ ਆਉਣਾ; ਫੇਰਵਾਂ, ਏਕਾਂਤਰ, ਹਰ ਦੂਜਾ, ਵਟਾਵਾਂ, ਇਵਜ਼ੀ; **~nately** ਵਾਰੀ ਵਾਰੀ, ਬਦਲ ਕੇ, ਇਕ ਪਿੱਛੋਂ ਦੂਜਾ; **~native** ਫੇਰਵਾਂ, ਬਦਲਵਾਂ ਬਦਲੇ ਦਾ ਵਟਾਵਾਂ, ਦੂਜੀ ਸੂਰਤ, ਆਖ਼ਰੀ ਤਰੀਕਾ, ਦੋਹਾਂ ਵਿਚੋਂ ਇਕ, ਇਹ ਜਾਂ ਉਹ, ਬਦਲ

although (ਅਲ'ਦਅਉ) *conj* ਭਾਵੇਂ, ਹਾਲਾਂਕਿ, ਜਦੋਂ ਕਿ, ਤਾਂ ਵੀ, ਚਾਹੇ

altitude ('ਐਲਟਿਟਯੂਡ) *n* ਉਚਾਣ, ਉਚਾਈ ਉਚੀ ਥਾਂ, ਮਹੱਤਾ, ਸ੍ਰੇਸ਼ਠਤਾ; (ਗਣਿ) ਖੜੀ ਲੰਬਾਈ, ਅਵਲੰਬ, ਉਚਾਈ, ਸਾਗਰ ਤਟ ਤੋਂ ਉਚਾਈ

altogether (ਓਲਟਅ'ਗੈੱਦਅ*) *adv* ਸਾਰੇ ਦਾ ਸਾਰਾ, ਉਕਾ-ਪੁੱਕਾ, ਸਭ ਮਿਲਾ ਕੇ, ਪੂਰੀ ਤਰ੍ਹਾਂ, ਨਿਰਾ, ਬਿਲਕੁਲ

always ('ਓਲਵ੍ਹਿਇਜ਼) *adv* ਸਦਾ, ਨਿੱਤ, ਹਮੇਸ਼ਾ, ਹਰ ਸਮੇਂ, ਹਰ ਦਮ, ਹਰ ਵੇਲੇ, ਨਿਰੰਤਰ

a.m. (ਏਇ'ਐੱਮ) *(L)* ਪੂਰਬ-ਦੁਪਹਿਰ

amalgam (ਅ'ਮੈਲਗਅਮ) *n* ਮਿਲਾਵਟ, ਰਲਾ, ਮਿਸ਼ਰਣ; ਕਿਸੇ ਧਾਤ ਦਾ ਪਾਰੇ ਨਾਲ ਮਿਸ਼ਰਣ; **~ate** ਰਲਾਉਣਾ, ਮਿਲਾਉਣਾ, ਰਲਣਾ, ਮਿਲਣਾ, ਸਾਂਝ ਪਾਉਣੀ, ਕਿਸੇ ਧਾਤ ਨੂੰ ਪਾਰੇ ਨਾਲ ਮਿਲਾਉਣਾ, ਮਿਸ਼ਰਤ ਕਰਨਾ ਜਾਂ ਹੋਣਾ; **~ated** ਮਿਲਿਆ-ਜੁਲਿਆ, ਮਿਸ਼ਰਤ, ਇਕੱਠ, ਸੰਯੋਜਤ;

~ation ਮਿਲਾਵਟ, ਰਲਾ, ਮਿਸ਼ਰਣ, ਇਕੱਠ, ਸਾਂਝ, ਸੰਜੋਜਨ, ਯੋਗ, ਜਾਤੀ-ਮਿਸ਼ਰਣ, ਧਾਤੂ-ਮਿਸ਼ਰਣ

amass (ਅ'ਮੈਸ) *v* ਜੋੜਨਾ, ਸਮੇਟਣਾ, ਇਕੱਠਾ ਕਰਨਾ, ਸੰਚਤ ਕਰਨਾ, ਇਕੱਤਰ ਕਰਨਾ, ਸੰਗ੍ਰਹ ਕਰਨਾ, ਢੇਰ ਲਾਉਣਾ

amateur ('ਐਮਅਟਅ*) *n* ਗੈਰ-ਪੇਸ਼ਾਵਰ, ਸ਼ੁਕੀਨ, ਕਲਾ-ਪਰੇਮੀ

amaze (ਅ'ਮੇਇਜ਼) *n* ਹੈਰਾਨ ਕਰਨਾ, ਅਚੰਭਾ ਪੈਦਾ ਕਰਨਾ, ਵਿਸਮਤ ਕਰਨਾ, ਹੱਕਾ ਬੱਕਾ ਕਰਨਾ, ਚਕਰਾਉਣਾ; ~d ਭੌਰ-ਭੌਰ, ਭੇਚੱਕਾ, ਹੱਕਾ-ਬੱਕਾ, ਅਚੰਭਤ, ਵਿਸਮਤ; ~ment ਵਿਸਮੈ, ਹੈਰਾਨੀ, ਅਚੰਭਾ, ਅਸਚਰਜਤਾ, ਚਮਤਕਾਰ

amazing (ਐ'ਮੇਇਜ਼ਿਙ) *a* ਅਸਚਰਜ, ਵਿਸਮੈਕਾਰ, ਵਿਸਮਾਦੀ, ਅਜੀਬ, ਹੈਰਾਨਕੁਨ

ambassador (ਐਮ'ਬੈਸਅਡਅ*) *n* ਸਫ਼ੀਰ, ਰਾਜਦੂਤ, ਏਲਚੀ, ਦੂਤ

ambiguity ('ਐਮਬਿ'ਗਯੂਅਟਿ) *n* ਸੰਦੇਹ, ਸ਼ੱਕ, ਦੁਅਰਥਤਾ, ਅਸਪਸ਼ਟਤਾ, ਗੋਲ-ਮੋਲ ਗੱਲ, ਵਕਰੋਕਤੀ

ambiguous (ਐਂ'ਬਿਗਯੁਅਸ) *a* ਦੁਅਰਥੀ, ਸੰਦੇਹ-ਯੁਕਤ, ਅਸਪਸ਼ਟ, ਦੂਹਰੇ ਮਤਲਬ ਵਾਲਾ, ਅਨਿਸ਼ਚਤ, ਸ਼ੱਕ ਵਾਲਾ, ਮਸ਼ਕੂਕ

ambit (ਐਂਬਿਟ) *n* ਦਾਇਰਾ, ਘੇਰਾ, ਆਲਾ-ਦੁਆਲਾ

ambition (ਐਂ'ਬਿਸ਼ਨ) *n* ਅਭਿਲਾਸ਼ਾ, ਆਕਾਂਖਿਆ; ਤਾਂਘ, ਇੱਛਾ, ਚਾਹ, ਲਾਲਸਾ, ਦਾਇਆ, ਟੀਚਾ, ਨਿਸ਼ਾਨਾ

ambitious (ਐਂ'ਬਿਸ਼ਸ) *a* ਅਭਿਲਾਸ਼ੀ, ਚਾਹਵਾਨ, ਤਾਂਘੀ, ਆਕਾਂਖਿਆਵਾਨ; ਜੋਸ਼ ਭਰਿਆ, ਉਤਸ਼ਾਹਪੂਰਣ; ਸ਼ਾਨਦਾਰ

ambulance ('ਐਂਬਯੁਲਅਨਸ) *n* ਹਸਪਤਾਲੀ-ਗੱਡੀ, ਐਂਬੂਲੈਂਸ

ambush ('ਐਂਬੁਸ਼) *v n* ਘਾਤ ਲਾਉਣੀ, ਛਹਿ ਕੇ ਬੈਠਣਾ, ਘਾਤ ਵਿਚ ਬੈਠਣਾ, ਤਾੜ, ਛਹਿ, ਘਾਤ, ਦਾਅ, ਘਾਤਸਥਾਨ, ਘਾਤ ਲਾਉਣ ਵਾਲੀ ਸੈਨਕ ਟੁਕੜੀ

amend (ਅ'ਮੈਂਡ) *v* ਸੋਧਣਾ, ਸੁਧਾਰਨਾ, ਸੰਸ਼ੋਧਨ ਕਰਨਾ, ਤਰਮੀਮ ਕਰਨਾ, ਸੁਧਾਰਨਾ, ਸਉਰਨਾ; ~able ਸੁਧਾਰਨਯੋਗ, ਸੋਧਣਯੋਗ; ~ed ਸੋਧਿਆ, ਸੰਸ਼ੋਧਿਆ, ਸੁਧਰਿਆ; ~ment ਸੰਸ਼ੋਧਨ, ਤਰਮੀਮ, ਸ਼ੋਧ, ਸੁਧਾਰ

amiable ('ਏਇਮਯਅਬਲ) *a* ਮਿਲਾਪੜਾ, ਖ਼ੁਸ਼ਮਿਜ਼ਾਜ, ਮਿਲਣਸਾਰ

amicability ('ਐਮਿਕਅ'ਬਿਲਅਟਿ) *n* ਮਿੱਤਰਤਾ, ਸੁਹਿਰਦਤਾ, ਮੇਲ-ਮਿਲਾਪ, ਸੱਜਣਤਾ

amicable ('ਐਮਿਕਅਬਲ) ਸਨੇਹਪੂਰਨ, ਮੈਤਰੀਪੂਰਨ, ਦੋਸਤਾਨਾ, ਸੁਹਿਰਦਤਾਪੂਰਨ, ਮੇਲ-ਮਿਲਾਪ ਵਾਲਾ, ਅਪਣੱਤ ਵਾਲਾ

amicably ('ਐਮਿਕਅਬਲਿ) *adv* ਸੁਹਿਰਦਤਾ ਨਾਲ, ਦੋਸਤਾਨਾ ਤੌਰ ਤੇ

amid, -st (ਅਮਿਡ, ਅ'ਮਿਡਅਸਟ/ *prep* ਵਿਚ, ਵਿਚਕਾਰ, ਦਰਮਿਆਨ, ਅੰਦਰ

amiss (ਅ'ਮਿਸ) *adv* ਨਾਕਸ, ਬੇਰੁਖਾ, ਕਸੂਤਾ, ਬੇਮੋਕਾ, ਬੇਤੁਕਾ, ਘਾਟੇਵੰਦਾ, ਭੁੱਲ-ਭੁਲੇਖੇ, ਗ਼ਲਤੀ ਨਾਲ, ਵਿਰੋਧੀ ਭਾਵ ਨਾਲ

amity ('ਐਮਅਟਿ) *n* ਮਿੱਤਰਤਾ, ਸੱਜਣਤਾ, ਸੁਹਿਰਦਤਾ, ਦੋਸਤੀ, ਮੇਲ-ਮਿਲਾਪ, ਸਨੇਹ-ਭਾਵ

ammunition ('ਐਮਯੁ'ਨਿਸ਼ਨ) *n* ਬਾਰੂਦ, ਗੋਲੀ-ਸਿੱਕਾ, ਗੋਲਾ-ਬਾਰੂਦ, ਜੰਗੀ ਸਾਮਾਨ

among, -st (ਅ'ਮਅੱਙ, ਅ'ਮਅੱਙਅਸਟ) *prep* ਵਿਚ, ਵਿਚਾਲੇ, ਸਭ ਵਿਚ, ਗਿਣਤੀ ਵਿਚ, ਤੁਲਨਾ ਵਿਚ, ਮਿਲਾ ਕੇ, ਆਪਸ ਵਿਚ, ਪਰਸਪਰ

amount (ਅ'ਮਾਉਂਟ) *n v* ਧਨ-ਰਾਸ਼ੀ, ਰਕਮ, ਪੂੰਜੀ, ਕੁੱਲ ਧਨ, ਕੁੱਲ ਜੋੜ; ਮਾਤਰਾ; ਜੋੜ ਬਣਨਾ, ਜੋੜ ਹੋਣਾ; ਬਣਨਾ, ਭਾਵ ਅਰਥ ਹੋਣੇ; ਬਰਾਬਰ ਹੋਣਾ, ਕੁੱਲ ਜੋੜ ਹੋਣਾ

ample ('ਐਂਪਲ) *a* ਚੋਖਾ, ਬਹੁਤ, ਕਾਫ਼ੀ, ਖੁੱਲ੍ਹਾ, ਵੱਡਾ, ਮੋਕਲਾ, ਵਿਸਤਰਤ

amplification ('ਐਂਪਲਿਫ਼ਿ'ਕੇਇਸ਼ਨ) *n* ਵਾਧਾ, ਵਿਸਤਾਰ, ਫੈਲਾਵਟ; ਫੈਲਾਉ

amplifier ('ਐਂਪਲਿਫ਼ਾਇਅ*) *n* ਧੁਨੀਵਰਧਕ ਜੰਤਰ, ਐਂਪਲੀਫਾਇਰ

amplify ('ਐਂਪਲਿਫ਼ਾਇ) *v* ਵਧਾਉਣਾ, ਵਿਸਤਾਰ ਦੇਣਾ, ਖੁੱਲ੍ਹਾ ਕਰਨਾ, ਖੋਲ੍ਹ ਕੇ ਦੱਸਣਾ, ਵਿਸਤਾਰ-ਪੂਰਵਕ ਵਰਣਨ ਕਰਨਾ; ਧੁਨੀ ਵਿਸਤਾਰ ਕਰਨਾ

amply ('ਐਂਪਲਿ) *a* ਕਾਫ਼ੀ, ਬਹੁਤਾ, ਵਿਸਤਾਰ ਨਾਲ

amputate ('ਐਂਪਯੁਟੇਇਟ) *v* ਸਰੀਰ ਦੇ ਕਿਸੇ ਅੰਗ ਨੂੰ ਵੱਢਣਾ

amputation ('ਐਂਪਯੁ'ਟੇਇਸ਼ਨ) *n* ਅੰਗਛੇਦ, ਅੰਗ ਕਟਣ ਦੀ ਕਿਰਿਆ

amputator ('ਐਂਪਯੁਟੇਇਟਅ*) *n* ਅੰਗ-ਵੱਢਣ ਵਾਲਾ, ਅੰਗ-ਕਟਾਈ ਕਰਨ ਵਾਲਾ, ਅੰਗ ਛੇਦਕ

amuck (ਅ'ਮਅੱਕ) *adv* ਪਾਗਲਾਂ ਵਾਂਗ, ਪਾਗਲ ਹੋ ਕੇ, ਅੰਨ੍ਹੇਵਾਹ

amuse (ਅ'ਮਯੂਜ਼) *v* ਪਰਚਾਉਣਾ, ਖ਼ੁਸ਼ ਕਰਨਾ, ਮਨੋਰੰਜਨ ਕਰਨਾ, ਵਿਚਾਰਾਂ ਜਾਂ ਵਾਸਨਾਵਾਂ ਨੂੰ ਜਗਾਉਣਾ; **~ment** ਦਿਲਪਰਚਾਵਾ, ਮਨੋਰੰਜਨ, ਖੇਡ-ਤਮਾਸ਼ਾ, ਹਾਸਾ-ਮਖੌਲ, ਦਿਲਲਗੀ

amusing (ਅ'ਮਯੂਜ਼ਿਙ) *a* ਵਿਨੋਦਕ, ਮਨੋਹਰ, ਖ਼ੁਸ਼ ਕਰਨ ਵਾਲਾ, ਸੰਤੋਖਜਨਕ

anaemia (ਅ'ਨੀਮਯਅ) *n* ਸਰੀਰ ਵਿਚ ਲਹੂ ਦਾ ਘਾਟਾ, ਭੁੱਸ, ਰਕਤਹੀਣਤਾ

analogy (ਅ'ਨੈਲਅਜਿ) *n* ਸਦ੍ਰਿਸ਼ਤਾ; ਦ੍ਰਿਸ਼ਟਾਂਤ, ਉਪਮਾ, ਸਮਾਨਤਾ, ਇਕਰੂਪਤਾ, ਸਮਰੂਪਤਾ, ਦਲੀਲਬਾਜ਼ੀ ਦਾ ਢੰਗ, ਅਨੁਪਾਤ, ਨਿਸਬਤ

analyse ('ਐਨਅਲਾਇਜ਼) *v* ਨਿਖੇੜਨਾ, ਨਿਖੇੜ ਕਰਨਾ, ਵਿਸ਼ਲੇਸ਼ਣ ਕਰਨਾ, ਪੜਤਾਲ ਕਰਨਾ, ਪਰਖਣਾ, ਛਾਣਬੀਣ ਕਰਨੀ, (ਵਿਆਕਰਣ) ਵਾਕ-ਵੰਡ ਕਰਨੀ, ਤੱਤ-ਨਿਖੇੜਨਾ

analysis (ਅ'ਨੈਲਅਸਿਸ) *n* ਵਿਸ਼ਲੇਸ਼ਣ, ਨਿਖੇੜ, ਛਾਣਬੀਣ, ਅੰਗ-ਨਿਖੇੜ, ਵਾਕ-ਵੰਡ, ਤੱਤ ਦਾ ਨਿਖੇੜ

analyst ('ਐਨਅਲਿਸਟ) *n* ਵੰਡਕਾਰ, ਵਿਸ਼ਲੇਸ਼ਕ

analytical ('ਐਨਅ'ਲਿਟਅਕਲ) *a* ਨਿਖੇੜਵਾਂ, ਵਿਸ਼ਲੇਸ਼ੀ, ਵਿੱਛੇਦਾਤਮਕ, ਵਿਸ਼ਲੇਸ਼ਣਪੂਰਨ, ਵਿਯੋਗਾਤਮਕ

anarch ('ਐਨਾਕ) *n* ਅਰਾਜਕ, ਬਾਗੀ, ਵਿਦਰੋਹ ਦਾ ਨੇਤਾ; **~ist** ਅਰਾਜਕਤਾਵਾਦੀ, ਵਿਦਰੋਹਵਾਦੀ; **~y** ਅਰਾਜਕਤਾ, ਰਾਜਹੀਣਤਾ, ਰਾਜ-ਰੌਲਾ, ਰਾਜਗਰਦੀ, ਸ਼ਾਸਨਹੀਣਤਾ, ਹਨੇਰਗਰਦੀ

ancestor ('ਐਨਸੈਸਟਅ*) *n* ਪੂਰਵਜ, ਵਡੇਰਾ, ਵੱਡਾ-ਵਡੇਰਾ, ਪਿਤਰ, ਬਜ਼ੁਰਗ, ਪਿਉ-ਦਾਦਾ

anchor ('ਐਙਕਅ*) *n v* ਲੰਗਰ, ਆਸਰਾ, ਸਹਾਰਾ, ਭਰੋਸਾ; ਜਹਾਜ਼ ਦਾ ਲੰਗਰ ਸੁਟਣਾ, ਠਹਿਰਨਾ, ਜੁੜਨਾ, ਬੰਨ੍ਹ ਦੇਣਾ, ਰੋਕ ਦੇਣਾ

ancient ('ਏਇਨਸ਼ਅੰਟ) *a* ਪ੍ਰਾਚੀਨ, ਪੁਰਾਤਨ, ਕਦੀਮੀ, ਬੜਾ ਪੁਰਾਣਾ, ਬੁੱਢਾ; ਪੁਰਾਣੇ ਵਿਚਾਰਾਂ ਵਾਲਾ

ancillary (ਐਨ'ਸਿਲਅਰਿ) *a* ਸਹਾਇਕ, ਅਨੁਸੰਗੀ, ਅਧੀਨ

anecdote ('ਐਨਿਕ'ਡਅਓਟ) *n* ਹਿਕਾਇਤ, ਚੁਟਕਲਾ

anew (ਅ'ਨਯੂ) *adv* ਨਵੇ ਸਿਰਿਓਂ; ਮੁੜ ਕੇ, ਦੂਜੀ ਵਾਰ, ਫੇਰ, ਮੁੱਢੋਂ

angel ('ਏਇੰਜਲ) *n* ਦੇਵਤਾ, ਫ਼ਰਿਸ਼ਤਾ, ਨਬੀ, ਰਸੂਲ, ਦੇਵਦੂਤ; ਪੈਗੰਬਰ; ਸੁੰਦਰ ਤੇ ਮਾਸੂਮ ਮਨੁੱਖ; **~of death** ਜਮਦੂਤ, ਅਜ਼ਰਾਈਲ ਫ਼ਰਿਸ਼ਤਾ; **~ic** ਅਲੌਕਕ

anger ('ਐਙਗਅ*) *n v* ਗੁੱਸਾ, ਰੋਹ, ਕ੍ਰੋਧ, ਨਰਾਜ਼ਗੀ; ਗੁੱਸੇ ਕਰਨਾ, ਨਰਾਜ਼ ਕਰਨਾ, ਰੁਸਾ ਦੇਣਾ

angle ('ਐਙਗਲ) *n v* (1) ਕੋਣ, ਜ਼ਾਵੀਆ, ਨੁੱਕਰ, ਖੂੰਜ, ਗੁੱਠ, ਕੋਨਾ, ਦ੍ਰਿਸ਼ਟੀਕੋਣ; (2) ਮੱਛੀਆਂ ਫੜਨ ਵਾਲੀ ਕੁੰਡੀ; **obtuse~** ਅਧਿਕ ਕੋਣ, ਚੌੜਾ ਕੋਣ; **right~** ਸਮਕੋਣ, ਰਾਸ ਕੋਣ

Anglican ('ਐਙਗਲਿਕਅਨ) *a n* ਇੰਗਲਿਸਤਾਨ ਦੇ ਪ੍ਰੋਟੈਸਟੈਂਟ ਮੱਤ ਨੂੰ ਮੰਨਣ ਵਾਲਾ, ਅੰਗਲੀਕੀ

angry ('ਐਙਗਰਿ) *a* ਗੁੱਸੇ, ਖ਼ਫ਼ਾ; ਨਰਾਜ਼, ਅਪ੍ਰਸੰਨ; ਕਰੋਧਿਆ, ਗੁਸੈਲਾ, ਚਿੜਚੜਾ; ਸੜਿਆ-ਭੁੱਜਿਆ

angular ('ਐਙਗਯੁਲਅ*) *a* ਨੁੱਕਰਦਾਰ, ਨੁਕਰੀਲਾ, ਕੋਣੀ, ਕੋਣਕ; ਨੁੱਕਰ ਤੇ ਸਥਿਤ, ਤਿੱਖੇ ਮੋੜ ਵਾਲਾ, ਕੋਣ ਨਾਲ ਨਾਪਿਆ; ਪਤਲਾ, ਮਾੜਾ, ਕਰੜਾ

animal ('ਐਨਿਮਲ) *n a* ਜਾਨਵਰ, ਪਸ਼ੂ, ਡੰਗਰ, ਪ੍ਰਾਣੀ, ਜੀਵ, ਜੀਵ-ਜੰਤ, ਹੈਵਾਨ, ਜਾਨਵਰਾਂ ਵਰਗਾ, ਪਸ਼ੂ ਬਿਰਤੀ ਵਾਲਾ, ਕਾਮੀ, ਜੰਗਲੀ-ਮਨੁੱਖ

animate ('ਐਨਿਮਅਟ,'ਐਨਿਮੇਇਟ) *a v* ਸਜੀਵ, ਸਚੇਤ, ਚੇਤਨ, ਜੀਵਤ, ਜਾਨਦਾਰ, ਚੁਸਤ, ਉਤਸ਼ਾਹੀ; ਜਿਵਾਲਣਾ, ਜਿੰਦ ਪਾਉਣੀ, ਜੋਸ਼ ਭਰਨਾ, ਹੌਸਲਾ ਵਧਾਉਣਾ

animation ('ਐਨਿ'ਮੇਇਸ਼ਨ) *n* ਸਜੀਵਤਾ, ਜੋਸ਼, ਉਤਸ਼ਾਹ; ਜੀਵੰਤ-ਚਿੱਤਰ; ਲੋਰ, ਤਰੰਗ

animosity ('ਐਨਿ'ਮੌਸਅਟਿ) *n* ਵੈਰ-ਭਾਵ, ਦੁਸ਼ਮਣੀ, ਖੁਣਸ

ankle ('ਐਙਕਲ) *n* ਗਿੱਟਾ, ਟਖਣਾ; **~t** ਪਾਜ਼ੇਬ, ਝਾਂਜਰ, ਪਾਇਲ; ਫੌਜੀ ਪੱਟੀਆਂ, ਬਾਂਕ

annals ('ਐਨਲਜ਼) *n (pl)* ਸਾਲਨਾਮਾ; ਇਤਿਹਾਸਕ ਲੇਖਾਂ ਦਾ ਸੰਗ੍ਰਹਿ, ਇਤਿਹਾਸ, ਤਾਰੀਖ਼

annex (ਅ'ਨੈਕੱਸ) *v n* ਮਿਲਾ ਲੈਣਾ, ਸੰਯੁਕਤ ਕਰਨਾ, ਸ਼ਾਮਲ ਕਰਨਾ, ਨੱਥੀ ਕਰਨਾ, ਜੋੜਨਾ; ਵਧਾ ਲੈਣਾ

annex (e) ('ਐਨੈਕੱਸ) *n* ਵਾਧਾ, ਪੂਰਕ, ਅੰਸ਼, ਅੰਤਕਾ, ਉਪਭਵਨ, ਕਿਸੇ ਮਕਾਨ ਨਾਲ ਮਿਲਦਾ ਹਿੱਸਾ, ਛੋਟਾ ਮਕਾਨ; **~ture** ਅਨੁਲੱਗ

annihilate (ਅ'ਨਾਇਅਲੇਇਟ) *v* ਮਿਟਾਉਣਾ, ਨਸ਼ਟ ਕਰਨਾ, ਜੜ੍ਹੋਂ ਪੁੱਟਣਾ ਸਰਬਨਾਸ਼ ਕਰਨਾ, ਖੈ ਕਰਨਾ, ਸੰਘਾਰਨਾ

annihilation (ਅ'ਨਾਇਅ'ਲੇਇਸ਼ਨ) *n* ਤਬਾਹੀ, ਬਰਬਾਦੀ, ਸਰਬਨਾਸ਼, ਸੱਤਿਆਨਾਸ, ਸੰਘਾਰ, ਖੈ, (ਧਰਮ) ਸਰੀਰ ਆਤਮਾ ਦਾ ਨਾਸ਼, ਪਰਲੋ, ਸੁੰਨ ਅਵਸਥਾ

anniversary ('ਐਨਿ'ਵ੍ਹਅ:ਸ(ਅ)ਰਿ) *n* ਵਰ੍ਹੇਗੰਢ; ਸਾਲ-ਗਿਰ੍ਹਾ, ਜਯੰਤੀ, ਬਰਸੀ, ਵਾਰਸ਼ਕ ਉਤਸਵ, ਸਾਲਾਨਾ ਪੁਰਬ

Anno Domini ('ਐਨਅ(ਉ)'ਡੌਮਿਨਾਇ) *(L) phr (A.D)* ਸੰਨ ਈਸਵੀ ਵਿਚ, ਈਸਵੀ ਵਿਚ, ਈਸਾ ਦੇ ਜਨਮ ਬਾਅਦ

annotate ('ਐਨਅ(ਉ)ਟੇਇਟ) *v* ਵਿਆਖਿਆ ਕਰਨੀ, ਟੀਕਾ ਕਰਨਾ

annotation ('ਐਨਅ(ਉ)'ਟੇਇਸ਼ਨ) *n* ਟੀਕਾ, ਵਿਆਖਿਆ, ਭਾਸ਼

announce (ਅ'ਨਾਉਂਨਸ) *v* ਐਲਾਨ ਕਰਨਾ, ਘੋਸ਼ਣਾ ਕਰਨੀ, ਖ਼ਬਰ ਦੇਣੀ, ਹੋਕਾ ਦੇਣਾ, ਸੂਚਤ ਕਰਨਾ; **~ment** ਐਲਾਨ, ਘੋਸ਼ਣਾ, ਸੂਚਨਾ, ਹੋਕਾ; **~r** ਬੋਸ਼ਕ ਅਨਾਉਂਸਰ

annoy (ਅ'ਨੌਇ) *v* ਤੰਗ ਕਰਨਾ, ਚਿੜ੍ਹਾਉਣਾ,

ਖਿਝਾਉਣਾ, ਪਰੇਸ਼ਾਨ ਕਰਨਾ, ਜ਼ਿਦ ਕਰਨਾ; **~ance** ਖਿਝ, ਚਿੜ੍ਹ, ਅਕੇਵਾਂ, ਪਰੇਸ਼ਾਨੀ, ਛੇੜਛਾੜ, ਝੁੰਜਲਾਹਟ

annual ('ਐਨਯੁਅਲ) *a n* ਸਾਲਾਨਾ, ਵਾਰਸ਼ਕ; ਵਰਸ਼ਜੀਵੀ, ਸਾਲਾਨਾ ਪਰਚਾ

range (ਰੇਇੰਜ) *v n* ਬੀੜਨਾ; ਬੀੜ ਕੇ ਰੱਖਣਾ; ਤਰਤੀਬ ਦੇਣੀ; ਸਜਾਉਣਾ; ਫੈਲੇ ਹੋਣਾ; ਹੱਦ; ਦਾਇਰਾ; ਹਲਕਾ; ਦੌਰ; ਹਦਬੰਦੀ, ਦਰਜਾ; **~r** ਪ੍ਰਬੰਧਕ, ਦਰੋਗ਼ਾ (ਵਣ-ਵਿਭਾਗ)

rank (ਰੈਙਕ) *n* ਪਾਲ, ਕਤਾਰ; ਸਫ਼; ਸਿਲਸਲਾ; ਰੁਤਬਾ, ਮਰਤਬਾ; ਤਬਕਾ; ਸ਼੍ਰੇਣੀ; ਦਰਜਾ, ਸਥਾਨ, ਪਦਵੀ

ransack (’ਰੈਨਸੈਕ) *v* ਲੁੱਟਣਾ, ਲੁੱਟਪੁੱਟ ਲੈਣਾ; ਚੰਗੀ ਤਰ੍ਹਾਂ ਟਟੋਲਣਾ, ਭਾਲਣਾ, ਛਾਣ ਮਾਰਨਾ

ransom (’ਰੈਨਸਅਮ) *n v* ਫਰੌਤੀ (ਦੇਣਾ),

ਰਿਹਾਈ ਲਈ ਮੁਆਵਜ਼ਾ (ਦੇਣਾ); ਦੰਡ ਭਰਨਾ

rape (ਰੇਇਪ) *v n* ਬਲਾਤਕਾਰ ਕਰਨਾ, ਅਸਮਤ ਲੁੱਟਣੀ, ਜ਼ਬਰ ਜ਼ਨ੍ਹਾ ਕਰਨਾ; ਸਤ ਭੰਗ, ਜ਼ਬਰ ਜ਼ਨ੍ਹਾ, ਬਲਾਤਕਾਰ; ਤੋਰੀਆ, ਤਾਰਾ ਮੀਰਾ, ਸਰ੍ਹੋਂ ਆਦਿ ਤੇਲ ਕਢੱਣ ਵਾਲੇ ਬੀਜ

rapid ('ਰੇਪਿਡ) *a n* ਤੇਜ਼, ਗਤੀਸ਼ੀਲ, ਤਿਲਕਵਾਂ, ਢਾਲੂ, ਰੋੜ੍ਹ, ਢਾਲ

rapport (ਰਾ'ਪੋ*) *n* ਰਾਬਤਾ, ਸੰਪਰਕ

rapprochement (ਰੈ'ਪਰੌਸ਼ਮਾਙ) *n* ਸੁਲ੍ਹਾ-ਸਫ਼ਾਈ, ਪੁਨਰ ਮੇਲ, ਰਾਜ਼ੀਨਾਮਾ

rapscallion (ਰੈਪ'ਸਕੈਲਯਅਨ) *n* (ਪ੍ਰਾ) ਪਾਜੀ, ਕਮੀਨਾ

rapture (ਰੈਪਚਯਰ) *n* ਬੇਖ਼ੁਦੀ, ਮਸਤੀ, ਮਗਨਤਾ, ਲੀਨਤਾ

rare (ਰੇਅ*) *a* ਦੁਰਲੱਭ, ਅਨੂਪਮ, ਅਨੂਠਾ, ਨਾਦਰ, ਨਾਯਾਬ, ਵਿਰਲਾ, ਟਾਵਾਂ; ~ly ਕਦੇ ਕਦੇ, ਕਦੇ ਕਦਾਈਂ, ਬਹੁਤ ਘੱਟ

rarity ('ਰੇਅਰਅਟਿ) *n* ਥੁੜ੍ਹ, ਦੁਰਲੱਭਤਾ

rascal ('ਰਾਸਕ(ਅ)ਲ) *n* ਬਦਮਾਸ਼, ਬਦਜ਼ਾਤ, ਲੁੱਚਾ, ਸ਼ਰੀਰ, ਪਾਜੀ

rash (ਰੈਸ਼) *n a* ਛਪਾਕੀ, ਰਕਤ-ਪਿੱਤੀ, ਚਟਾਕ; ਜਲਦਬਾਜ਼; ਕਾਹਲਾ; ਨਿਧੜਕ; ~ly ਬਿਨਾ ਵਿਚਾਰੇ; ਕਾਹਲੇਪਣ ਨਾਲ, ਦਲੇਰੀ ਨਾਲ; ਉਤਾਵਲ ਨਾਲ; ~ness ਉਜੱਡਪੁਣਾ; ਨਿਧੜਕਤਾ, ਬੇਤਹਾਸ਼ਾਪਣ

rasp (ਰਾਸਪ) *n v* ਰੇਤੀ; ਰੇਤਣਾ; ਰੇਤੀ ਨਾਲ ਰਗੜਨਾ, ਰਗੜਨਾ, ਘਸਾਉਣਾ ਜਾਂ ਘਸਣਾ

raspberry ('ਰਾਜ਼ਬ(ਅ)ਰਿ) *n* ਰਸਭਰੀ; ਨਾਪਸੰਦਗੀ

rat (ਰੈਟ) *n v* ਚੂਹਾ; ਮੂਸਾ; ਗ਼ੱਦਾਰ; ਬੇਵਫ਼ਾ, ਚੂਹਾ ਮਾਰਨਾ, ਚੂਹਾ ਫੜਨਾ, ਧੋਖਾ ਦੇਣਾ (ਰਾਜਨੀਤੀ ਵਿਚ)

rate (ਰੇਇਟ) *n v* ਦਰ, ਭਾਅ, ਨਿਰਖ, ਚਾਲ, ਰਫ਼ਤਾਰ; ਸਥਾਨਕ ਮਸੂਲ; ਦਰਜਾ; ਕਦਰ ਕਰਨੀ; ਅੰਦਾਜ਼ਾ ਲਾਉਣਾ

rather ('ਰਾਦਅ*) *adv* ਅਸਲ ਵਿਚ, ਵਧੇਰੇ ਕਰਕੇ, ਅਧਿਕਤਰ, ਕਿਸੇ ਤਰ੍ਹਾਂ, ਸਗੋਂ, ਬਲਕਿ

ratify ('ਰੈਟਿਫ਼ਾਇ) *v* ਤਸਦੀਕ ਕਰਨਾ, ਪੁਸ਼ਟੀ ਕਰਨੀ, ਜਾਇਜ਼ ਦੱਸਣਾ, ਪ੍ਰਮਾਣਤ ਕਰਨਾ

rating ('ਰੇਇਟਿਙ) *n* ਮੁੱਲ-ਅੰਕਣ, ਮੁੱਲਾਂਕਣ, ਨਿਸ਼ਚਤ ਮੁੱਲ; ਪਦ, ਦਰਜਾ; ਝਿੜਕ, ਘੁਰਕ, ਡਾਂਟ

ratio ('ਰੇਇਸ਼ਿਅਉ) *n* ਅਨੁਪਾਤ, ਪ੍ਰਮਾਣ, ਪ੍ਰਮਾਣਕ ਰਿਸ਼ਤਾ, ਮੂਲ ਅਨੁਪਾਤ, ਨਿਸਬਤ

ration ('ਰੈਸ਼ਨ) *n* ਅੰਨ, ਰਸਦ, ਅਨਾਜ

rational ('ਰੈਸ਼ਨਲ) *a* ਵਿਚਾਰਵਾਨ, ਵਿਚਾਰਸ਼ੀਲ, ਸਮਝਦਾਰ, ਤਰਕਸ਼ੀਲ, ਵਿਵੇਕੀ, ਯੁਕਤੀਪੂਰਨ, ਨਿਆਂ-ਪੂਰਨ; ~e ਯੁਕਤੀ-ਯੁਕਤ ਵੇਰਵਾ, ਤਰਕ ਜਾਂ ਦਲੀਲ ਦਾ ਆਧਾਰ, ਨਿਆਂ-ਆਧਾਰ; ~ism ਯੁਕਤੀਵਾਦ, ਬੁੱਧੀਵਾਦ; ~ity ਤਰਕ, ਵਿਵੇਕ, ਤਰਕ-ਸ਼ਕਤੀ; ~ize ਸਿੱਧ ਕਰਨਾ, ਪ੍ਰਮਾਣਤ ਕਰਨਾ, ਯੁਕਤੀ-ਯੁਕਤ ਕਰਨਾ

ravage ('ਰੈਵਿਜ) *n v* ਨਾਸ, ਲੁੱਟ-ਖਸੁੱਟ, ਤਬਾਹੀ; ਨਾਸ ਕਰਨਾ, ਉਪੱਦਰ ਕਰਨਾ

ravine (ਰਅ'ਵ਼ੀਨ) *n* ਖੱਡ, ਡੂੰਘੀ ਘਾਟੀ

ravish ('ਰੈਵ਼ਿਸ਼) *v* ਅਪਹਰਣ ਕਰਨਾ, ਹਰ ਕੇ ਲੈ ਜਾਣਾ, ਹਰਨਾ; ਖੋਹਣਾ

raw (ਰੋ) *n v a* ਕੱਚਾ ਜ਼ਖ਼ਮ; ਰਗੜ ਕੇ ਸਾਫ਼ ਕਰਨਾ; ਫੂਹੜ, ਕੱਚਾ, ਅਪੌੜ੍ਹ; ਅਣਘੜ, ਕਚਘਰੜ, ਨਵਾਂ ਸਿੱਖਿਆ; ~material ਕੱਚਾ ਮਾਲ

ray (ਰੇਇ) *n v* ਕਿਰਨ, ਰਿਸ਼ਮ; ਸੂਆ; ਰੌਸ਼ਨੀ, ਫੈਲਾਉਣਾ, ਪਰਗਟ ਹੋਣਾ, ਝਲਕਣਾ,

reclame ('ਰੇਇਕਲਾਮ) (*F*) *n* ਇਸ਼ਤਿਹਾਰਬਾਜ਼ੀ, ਸਵੈ-ਪ੍ਰਸਿੱਧੀ, ਸ਼ੁਹਰਤਬਾਜ਼ੀ

recline (ਰਿ'ਕਲਾਇਨ) *v* ਟਿਕਾਉਣਾ, ਝੁਕਾਉਣਾ, ਲਿਟਾਉਣਾ; ਆਸਰਾ ਲੈਣਾ; ਸਹਾਰਾ ਲੈਣਾ

recluse (ਰਿ'ਕਲੂਸ) *a n* ਇਕਾਂਤ; ਸੰਨਿਆਸੀ, ਵੈਰਾਗੀ, ਤਪੱਸਵੀ, ਇਕਾਂਤਵਾਸੀ

recognition ('ਰੈੱਕਅਗ'ਨਿਸ਼ਨ) *n* ਪਛਾਣ, ਸ਼ਨਾਖ਼ਤ; ਸਵੀਕਾਰ, ਮਾਨਤਾ

recongnizable ('ਰੈੱਕਅਗਨਾਇਜ਼ਅਬਲ) *a* ਮੰਨਿਆ, ਮਾਨਯੋਗ, ਸਵੀਕਾਰ ਕਰਨ ਯੋਗ

recongizance (ਰਿ'ਕੌਗਨਿਜ਼ਅੰਸ) *n* ਮੁਚੱਲਕਾ, ਜ਼ਮਾਨਤ; ਪਛਾਣ

recognize ('ਰੈੱਕਅਗਨਾਇਜ਼) *v* ਵਿਅਕਤ ਕਰਨਾ, ਪਰਗਟ ਕਰਨਾ; ਜਾਣਨਾ, ਪਛਾਣਨਾ, ਸਵੀਕਾਰ ਕਰਨਾ, ਮਾਨਤਾ ਦੇਣੀ; **~d** ਮਾਨਤਾ-ਪ੍ਰਾਪਤ, ਪਰਿਚਿਤ

recollect ('ਰੈੱਕਅ'ਲੈੱਕਟ) *v* ਯਾਦ ਕਰ ਲੈਣਾ; ਯਾਦ ਵਿਚ ਲੈ ਆਉਣਾ; **~ion** ਯਾਦ, ਸਿਮਰਤੀ, ਯਾਦਗਾਰ, ਯਾਦਦਾਸ਼ਤ

recommend ('ਰੈੱਕਅ'ਮੈਂਡ) *v* ਸਿਫ਼ਾਰਸ਼ ਕਰਨੀ; ਪ੍ਰਸੰਸਾ ਕਰਨੀ, ਸਲਾਹੁਣਾ; **~ation** ਸਿਫ਼ਾਰਸ਼, ਪ੍ਰਸੰਸਾ, ਸ਼ਲਾਘਾ

recompensation ('ਰੈੱਕਅੰਪੈੱਨ'ਸੇਇਸ਼ਨ) *n* ਮੁਆਵਜ਼ਾ, ਪੁਨਰ-ਪੂਰਤੀ, ਹਾਨੀ-ਪੂਰਤੀ

recompense ('ਰੈੱਕਅਮਪੈਂਸ) *n v* ਮੁਆਵਜ਼ਾ, ਹਰਜਾਨਾ; ਇਨਾਮ, ਪੁਰਸਕਾਰ; ਪ੍ਰਤੀਫਲ; ਹਰਜਾਨਾ ਦੇਣਾ, ਮੁਆਵਜ਼ਾ ਦੇਣਾ

reconnaissance (ਰਿ'ਕੌਨਿਸਅੰਸ) *n* ਜਾਸੂਸੀ, ਦੇਖ-ਭਾਲ; ਜਾਸੂਸੀ ਦਸਤਾ

reconsider ('ਰੀਕਅੰ'ਸੀਡ*) *v* ਪੁਨਰ-ਵਿਚਾਰ ਕਰਨਾ, ਫਿਰ ਤੋਂ ਸੋਚਣਾ

reconstitute ('ਰੀ'ਕੌਂਸਟਿਟਯੂਟ) *v* ਪੁਨਰ-ਸਿਰਜਣਾ ਕਰਨੀ, ਮੁੜ ਬਣਾਉਣਾ, ਮੁੜ ਉਸਾਰਨਾ

reconstitution ('ਰੀ'ਕੌਂਸਟਿ'ਟਯੂਸ਼ਨ) *n* ਪੁਨਰ-ਸਥਾਪਨਾ, ਪੁਨਰ-ਨਿਰਮਾਣ; ਪੁਨਰ-ਗਠਨ

reconstruct ('ਰੀਕਅੰ'ਸਟਰਅੱਕਟ) *v* ਪੁਨਰ-ਰਚਨਾ ਕਰਨੀ, ਪੁਨਰ-ਨਿਰਮਾਣ ਕਰਨਾ

record ('ਰੈਕੋਡ, ਰਿਕੋਡ) *n v* ਦਸਤਾਵੇਜ਼; ਤਹਿਰੀਰ; ਨਕਲ, ਪਰਤ, ਫ਼ਰਦ, ਪ੍ਰਤੀਲਿਪੀ; ਲਿਖਤੀ ਪ੍ਰਮਾਣ, ਸੁਰੱਖਿਅਤ ਵੇਰਵਾ; ਲਿਪੀਬੱਧ ਕਰਨਾ; ਕਿਸੇ ਪੱਕੇ ਰੂਪ ਵਿਚ ਰੱਖਣਾ

recoup (ਰਿ'ਕੂਪ) *v* ਰੱਖ ਛੱਡਣਾ; ਮੁਆਵਜ਼ਾ ਜਾਂ ਪ੍ਰਤੀਫਲ ਦੇਣਾ, ਹਾਨੀ ਪੂਰੀ ਕਰਨੀ

recourse (ਰਿ'ਕੋਸ) *n* ਆਸਰਾ, ਉਪਾਉ, ਚਾਰਾਜੋਈ; *have ~ to* ਸਹਾਰਾ ਲੈਣਾ

recover (ਰਿ'ਕਅੱਵ਼*) *n* ਪੁਨਰ-ਪ੍ਰਾਪਤ ਕਰਨਾ, ਪਹਿਲਾਂ ਵਾਲੀ ਹਾਲਤ ਵਿਚ ਫਿਰ ਆਉਣਾ; ਭਾਲ ਲੈਣਾ; ਪਹੁੰਚਣਾ, ਪੂਰਾ ਕਰਨਾ; ਪਲਟਣਾ; ਪਰਤਣਾ; **~y** ਪੁਨਰ-ਪ੍ਰਾਪਤੀ, ਰੋਗ-ਮੁਕਤੀ, ਅਰੋਗਤਾ; ਵਸੂਲੀ

recreation ('ਰੈੱਕਰਿ'ਏਇਸ਼ਨ) *n* ਦਿਲ-ਪਰਚਾਵਾ, ਦਿਲ-ਪਰਚਾਵਾ, ਦਿਲ-ਬਹਿਲਾਵਾ, ਮਨੋਰੰਜਨ

recruit (ਰਿ'ਕਰੂਟ) *n v* ਰੰਗਰੂਟ, ਨਵੀਂ ਭਰਤੀ, ਸਿਖਾਂਦਰੂ; ਭਰਤੀ ਕਰਨਾ, ਦਾਖ਼ਲ ਕਰਨਾ; **~ment** ਭਰਤੀ, ਪ੍ਰਵੇਸ਼, ਦਾਖ਼ਲਾ

rectangle ('ਰੈੱਕ'ਟੈਙਗਲ) *a* ਆਇਤ, ਸਮਚਤਰਭੁਜ, ਸਮਕੋਣ

rectify ('ਰੈੱਕਟਿਫ਼ਾਇ) *v* ਸੋਧਣਾ, ਠੀਕ ਕਰਨਾ, ਸਵਾਰਨਾ, ਦਰੁਸਤ ਕਰਨਾ

rector ('ਰੈੱਕਟਅ*) *n* ਸ਼ਾਸਕ, ਪ੍ਰਬੰਧਕ, ਮੁਖ-ਪਾਦਰੀ, (ਵਿਸ਼ਵ ਵਿਦਿਆਲੇ) ਦਾ ਮੁਖੀ, ਰੈਕਟਰ

recur (ਰਿ'ਕਅ:*) *v* ਦੁਹਰਾਉਣਾ, ਪੁਨਰ-ਉਕਤੀ ਕਰਨੀ, ਸੁਧ-ਪਤਾ ਲੱਗਣਾ, ਮੁੜ ਕੇ ਵਾਪਰਨਾ; ~ring ਆਵਰਤੀ, ਆਵਰਤਕ

red (ਰੈੱਡ) *a n* ਲਾਲ, ਸੁਰਖ਼; ਖ਼ੂਨੀ, ਸਾਮਵਾਦੀ; ~carpet ਸ਼ਾਹੀ ਸਵਾਗਤ; ~letter ਯਾਦਗਾਰੀ; ~tape ਦਫ਼ਤਰੀ ਢਿੱਲ

redeem (ਰਿ'ਡੀਮ) *v* ਛੁਡਾਉਣਾ, ਵਿਮੁਕਤ ਕਰਾਉਣਾ; ਵਾਪਸ ਲੈਣਾ

redemption (ਰਿ'ਡੈਂਪਸ਼ਨ) *n* ਬਚਾਉ, ਛੁਟਕਾਰਾ, ਖ਼ਲਾਸੀ, ਮੁਕਤੀ

redress (ਰਿ'ਡਰੈੱਸ) *v n* ਇਲਾਜ ਕਰਨਾ; ਸੁਧਾਰਨਾ, ਦਰੁਸਤ ਕਰਨਾ, ਠੀਕ ਕਰਨਾ; ਸੁਧਾਰ, ਹਰਜਾਨਾ

reduce (ਰਿ'ਡਯੂਸ) *v* ਘਟਣਾ, ਘਟਾਉਣਾ, ਘੱਟ ਕਰਨਾ, ਖੀਣ ਕਰਨਾ, ਦੁਰਬਲ ਕਰਨਾ, ਕਮਜ਼ੋਰ ਕਰਨਾ; ਸੰਕੁਚਤ ਕਰਨਾ

reduction (ਰਿ'ਡਅੱਕਸ਼ਨ) *n* ਕਮੀ, ਘਾਟਾ, ਛਾਂਟ

redunant (ਰਿ'ਡਅੱਨਡਅੰਟ) *a* ਫ਼ਾਲਤੂ, ਅਤੀ-ਅਧਿਕ; ਵਿਅਰਥ, ਫ਼ਜ਼ੂਲ; ਭਰਪੂਰ

reduplicate (ਰਿ'ਡਯੂਪਲਿਕੇਇਟ) *v* ਦੂਣਾ ਕਰਨਾ, ਦੁਗਣਾ ਕਰਨਾ, ਵਧਾਉਣਾ; ਦੁਹਰਾਉਣਾ

reel (ਰੀਲ) *n v* ਵੇਲਣ, ਘਿਰਨੀ, ਚਰਖੀ, ਗਿੱਟੀ, ਚਰਖੜੀ, ਗੋਲਾ, ਰੀਲ; ਸੂਤ ਅਟੇਰਨਾ, ਉਤਾਰਨਾ, (ਅੱਖਾਂ ਜਾਂ ਸਿਰ) ਕੰਬਣਾ, ਡਗਮਗਾਉਣਾ

refer (ਰਿ'ਫ਼ਅ*) *n* ਸਪੁਰਦ ਕਰਨਾ, ਭੇਜਣਾ, ਹਵਾਲਾ ਦੇਣਾ, ਸੰਕੇਤ ਕਰਨਾ

referee ('ਰੈੱਫ਼ਅ'ਰੀ ਪੰਚ) *n* ਨਿਰਣਾਇਕ, ਵਿਚਾਰਕ, ਰੈਫ਼ਰੀ

reference ('ਰੈੱਫ਼ਅਰੰਸ) *n v* ਪ੍ਰਸੰਗ, ਸੰਦਰਭ, ਉਲੇਖ, ਹਵਾਲਾ, ਸੰਕੇਤ-ਚਿੰਨ੍ਹ, ਪੁਸਤਕਾਂ ਵਿਚੋਂ ਪ੍ਰਮਾਣ ਦੇਣਾ

referendum ('ਰੈੱਫ਼ਅ'ਰੈੱਨਡਅਮ) *n* ਲੋਕ-ਮੱਤ, ਜਨਮੱਤ, ਲੋਕ-ਨਿਰਣੈ

refine (ਰਿ'ਫ਼ਾਇਨ) *v* ਸੋਧਣਾ, ਸ਼ੁੱਧ ਕਰਨਾ, ਸਾਫ਼ ਕਰਨਾ ਜਾਂ ਹੋਣਾ, ਨਿਖਾਰਨਾ; ~d ਸ਼ੁੱਧ, ਵਿਸ਼ੁੱਧ, ਨਿਰਮਲ, ਪਰਿਸ਼ਕ੍ਰਿਤ, ਸਾਫ਼

reflect (ਰਿ'ਫ਼ਲੈੱਕਟ) *v* ਪ੍ਰਤੀਬਿੰਬਤ ਕਰਨਾ, ਅਕਸ ਪਾਉਣਾ, ਉਛਾਲਣਾ, ਉਲਟਾ ਫਲ ਹੋਣਾ, ਪਲਟਾ ਖਾਣਾ; ~ion ਪ੍ਰਤਿਬਿੰਬ, ਅਕਸ, ਪਰਛਾਵਾਂ; ਛਾਇਆ, ਤੁਹਮਤ, ਇਲਜ਼ਾਮ

reflex ('ਰੀਫ਼ਲੈੱਕਸ) *n a* ਪਰਤੋ, ਜੋਤ, ਝਲਕ; ਤੇਜ਼; ਜਲਵਾ, ਪ੍ਰਤੀਬਿੰਬਤ ਕੀਰਤੀ; ਪ੍ਰਭਾਵਤ ਭਾਗ; ਅਕਸ; ਛੱਬ; ਪਰਛਾਈਂ; ਪ੍ਰਤੀਕਿਰਿਆ, ਮੁੜਿਆ ਹੋਇਆ; (ਵਿਚਾਰ) ਅੰਤਰਮੁਖ, ਆਤਮ-ਚਿੰਤਨਮਈ

reform ('ਰੀਫ਼ੋਮ) *v n* ਪੁਨਰ-ਗਠਨ ਕਰਨਾ; ਸੋਧਣਾ; ਸੁਧਾਰਨਾ; ਸੁਧਰਨਾ; ਠੀਕ ਕਰਨਾ ਜਾਂ ਹੋਣਾ; ~ation ਪੁਨਰ-ਨਿਰਮਾਣ, ਨਵ-ਨਿਰਮਾਣ, ਪੁਨਰ-ਗਠਨ, ਸੁਧਾਰ; ~er ਸੁਧਾਰਕ; ਸੰਸਕਾਰਕ; ਸੰਸ਼ੋਧਕ, ਧਰਮ-ਪਰਵਰਤਕ

refractory (ਰਿਫ਼ਰੈਕਟ(ਅ)ਰਿ) *a* ਜ਼ਿੱਦੀ, ਅੜੀਅਲ; ਅਮੋੜ, ਅਸਾਧ, ਹਠੀਲਾ, ਢੀਠ

refrain (ਰਿ'ਫ਼ਰੇਇਨ) *n v* (ਗੀਤ ਆਦਿ ਵਿਚ) ਟੇਕ; ਅੰਤਰਾ; ਰੋਕਣਾ; ਰੁਕਣਾ; ਟਲਣਾ; ਬਾਜ਼ ਆਉਣਾ; ਹਟਣਾਂ, ਨਾ ਕਰਨਾ; ਦਮਨ ਕਰਨਾ

refresh (ਰਿਫ਼ਰੈੱਸ਼) *v* ਮੁੜ ਜਾਨ ਪਾਉਣੀ, ਤਕੜਾ ਕਰਨਾ, ਨਵਾਂ ਕਰਨਾ; (ਅੱਗ ਨੂੰ) ਮੁੜ ਕੇ ਸੁਲਗਾਉਣਾ; ਜਗਾਉਣਾ; ਸੁਰਜੀਤ ਕਰਨਾ; ਜਲਪਾਨ ਕਰਨਾ; ~ment ਜਲਪਾਨ; ਉਪ-ਆਹਾਰ; ਤਾਜ਼ਗੀ

refrigerate (ਰਿ'ਫ਼ਰਿਜਅਰੇਇਟ) *v* ਠੰਢਾ ਕਰਨਾ, ਸੀਤਲ ਕਰਨਾ; ਜਮਾਉਣਾ

refrigeration (ਰਿ'ਫ਼ਰਿਜਅਰੇਇਸ਼ਨ) *n* ਸੀਤਲੀਕਰਨ, ਠੰਢਾ ਕਰਕੇ ਜਮਾਉਣ ਦੀ ਕਿਰਿਆ

refrigerator (ਰਿਫ਼ਰਿਜਅਰੇਇਟਅ*) *n* ਰੈਫ਼੍ਰਿਜਰੇਟਰ; ਫ਼ਰਿੱਜ; ਪ੍ਰਸ਼ੀਤਕ; ਸ਼ੀਤਣ-ਜੰਤਰ

refuge ('ਰੇਫ਼ਯੂਜ) *n v* ਸ਼ਰਨ; ਓਟ; ਆੜ; ਠਿਕਾਣਾ; ਪਨਾਹ; ਆਸਰਾ ਦੇਣਾ, ਸ਼ਰਨ ਦੇਣੀ, ਪਨਾਹ ਦੇਣੀ; **~e** ਸ਼ਰਨਾਰਥੀ; ਸ਼ਰਨਾਗਤ, ਪਨਾਹਗੀਰ

refund (ਰੀਫ਼ਅੰਡ) *v n* ਰੁਪਿਆ ਵਾਪਸ ਕਰਨਾ; ਰਕਮ ਮੁੜ ਜਮ੍ਹਾਂ ਕਰਨੀ; ਮੋੜ ਦੇਣਾ, ਪਰਤਾਉਣਾ; ਵਾਪਸ ਦੇ ਦੇਣਾ; ਵਾਪਸੀ, ਦੁਬਾਰਾ ਅਦਾਇਗੀ

refusal (ਰਿ'ਫ਼ਯੂਜ਼ਲ) *n* ਇਨਕਾਰ; ਅਪ੍ਰਵਾਨਗੀ; ਅਸਵੀਕ੍ਰਿਤੀ, ਨਾਮਨਜ਼ੂਰੀ

refuse (ਰਿਫ਼ਯੂਜ਼, 'ਰੈਫ਼ਯੂਸ) *v n a* ਨਾਂਹ ਕਰਨੀ, ਇਨਕਾਰ ਕਰਨਾ, ਨਾਬਰ ਹੋਣਾ; ਨਾਮਨਜ਼ੂਰ ਕਰਨਾ, ਅਸਵੀਕਾਰ ਕਰਨਾ; ਕੂੜਾ, ਮੈਲ; ਜੂਠ; ਰਹਿੰਦ-ਖੂਹੰਦ, ਰੱਦੀ, ਫੋਗ

refutation ('ਰੈਫ਼ਯੂਟੇਇਸ਼ਨ) *n* ਖੰਡਨ, ਨਿਸ਼ੇਧ, ਨਿਰਾਕਰਨ

refute (ਰਿ'ਫ਼ਯੂਟ) *v* ਖੰਡਨ ਕਰਨਾ, ਰੱਦ ਕਰਨਾ, ਝੁਠਲਾਉਣਾ, ਅਸਿੱਧ ਕਰਨਾ, ਤਰਦੀਦ ਕਰਨੀ

regal (ਰੀਗਲ) *a* ਰਾਜਕੀ, ਸ਼ਾਹੀ, ਸ਼ਹਾਨਾ, ਸ਼ਾਨਦਾਰ; **~ity** ਪ੍ਰਭੁਤਵ, ਰਾਜਤਵ, ਰਾਜ-ਕਾਜ, ਰਈਸੀ, ਰਾਜਕੀ ਠਾਠ

regale (ਰਿ'ਗੇਇਲ) *n v* ਦਾਅਵਤ; ਤ੍ਰਿਪਤ ਕਰਨਾ, ਪ੍ਰਸੰਨ ਕਰਨਾ, ਪ੍ਰਫੁੱਲਤ ਹੋਣਾ; **~ment** ਜ਼ਿਆਫ਼ਤ; ਜਸ਼ਨ, ਮਨੋਰੰਜਨ

regard (ਰਿ'ਗਾਡ) *v n* ਆਦਰ ਕਰਨਾ, ਸਤਿਕਾਰ ਕਰਨਾ; ਸਮਝਣਾ; ਸਨਮਾਨ, ਆਦਰ, ਸਤਿਕਾਰ; **~ful** ਸਾਵਧਾਨ; ਖ਼ਬਰਦਾਰ, ਸਚੇਤ, ਸਨਮਾਨ ਕਰਨ ਵਾਲਾ; ਆਦਰ ਕਰਨ ਵਾਲਾ; **~less** ਬੇਪਰਵਾਹ, ਬੇਫ਼ਿਕਰ, ਅਣ-ਉਤਸੁਕ

regency ('ਰੀਜਅੰਸਿ) *n* ਨਵਾਬ-ਸ਼ਾਹੀ, ਰਾਜ-ਪ੍ਰਤੀਨਿਧਤਾ, ਰਾਜ-ਪ੍ਰਤੀਨਿਧ ਪਦ

regent ('ਰੀਜਅੰਟ) *n* ਸ਼ਾਹੀ-ਪ੍ਰਤੀਨਿਧ, ਸ਼ਾਸਨ-ਪਾਲ

regime (ਰੇਇ'ਯ਼ੀਮ) *n* ਸ਼ਾਸਨ, ਸ਼ਾਸਨ-ਪੱਧਤੀ, ਰਾਜ-ਸ਼ਾਸਨ-ਪ੍ਰਣਾਲੀ; ਰਾਜ-ਪ੍ਰਬੰਧ, ਸ਼ਾਸਨ-ਕਾਲ, ਰਾਜ-ਕਾਲ

regiment ('ਰੈਜਿਮਅੰਟ, 'ਰੈਜਿਮੈਂਟ) *n v* ਰਜਮੰਟ, ਪਲਟਨ, ਨਿਯਮ, ਵਿਧਾਨ, ਸ਼ਾਸਨ; ਰਜਮੰਟ ਬਣਾਉਣਾ, ਜਥੇਬੰਦ ਕਰਨਾ, ਸੰਗਠਤ ਕਰਨਾ; **~ation** ਜਥੇਬੰਦੀ, ਸੰਗਠਨ; ਕਠੋਰ ਨਿਯੰਤਰਣ

region ('ਰੀਜ(ਅ)ਨ) *n* ਖੇਤਰ, ਪ੍ਰਦੇਸ਼, ਇਲਾਕਾ, ਖੰਡ, ਅਧਿਕਾਰ-ਖੇਤਰ; **~al** ਖੇਤਰੀ; ਪ੍ਰਾਦੇਸ਼ਕ; ਇਲਾਕਾਈ; ਸਥਾਨਕ

register ('ਰੈਜਿਸਟਅ*) *n v* ਰਜਿਸਟਰ, ਵਹੀ, ਸੂਚੀ; (ਭਾਸ਼ਾ) ਪਰਯੁਕਤੀ; ਇੰਦਰਾਜ ਕਰਨਾ, ਲੇਖਬੱਧ ਕਰਨਾ; (ਅਲੰਕਾਰ) ਯਾਦ ਕਰ ਲੈਣਾ

registrar ('ਰੈਜਿ'ਸਟਰਾ*) *n* (ਯੂਨੀਵਰਸਿਟੀ ਦਾ) ਰਜਿਸਟਰਾਰ, ਆਲੇਖਕ, ਪੰਜੀਕਾਰ

registration ('ਰੈਜਿ'ਸਟਰੇਇਸ਼ਨ) *n* ਦਾਖ਼ਲਾ, ਇੰਦਰਾਜ, ਅੰਕਣ

registry ('ਰੈਜਿਸਟਰਿ) *n* ਇੰਦਰਾਜ, ਆਲੇਖਣ, ਦਫ਼ਤਰ ਰਜਿਸਟਰੀ

regress ('ਰੀਗਰੈੱਸ, ਰਿ'ਗਰੈੱਸ) *n v* ਵਾਪਸੀ, ਪਿਛਾੜ, ਉਤਰਾਈ, ਅਵੁਨਤੀ, ਪ੍ਰਤੀਗਮਨ; ਪਿੱਛੇ ਹਟਣਾ, ਵਾਪਸ ਜਾਣਾ; **~ion** ਉਲਟੀ ਚਾਲ, ਵਾਪਸੀ, ਪ੍ਰੀਵਰਤਨ; **~ive** ਮੁੜਵੀਂ, ਪਿਛਾਖੜੀ, ਪਛੜਵੀਂ, ਪ੍ਰਤੀਗਾਮੀ, ਪ੍ਰੀਵਰਤਨਸ਼ੀਲ

regret (ਰਿ'ਗਰੈਟ) *v n* ਅਫ਼ਸੋਸ ਕਰਨਾ, ਖੇਦ ਪਰਗਟ ਕਰਨਾ, ਦੁੱਖੀ ਹੋਣਾ, ਪਛਤਾਉਣਾ, ਸ਼ਰਮਸਾਰ ਹੋਣਾ; ਖੇਦ, ਅਫ਼ਸੋਸ, ਦੁੱਖ

regular ('ਰੈਗੁਲਅ*) *a* ਨਿਯਮਕ, ਬਾਕਾਇਦਾ, ਬਰਾਬਰ, ਨਿਯਮਬੱਧ, ਨਿਯਮ-ਪੂਰਵਕ; **~ity** ਨਿਯਮੱਤਤਾ, ਬਾਕਾਇਦਗੀ, ਸੰਜਮ, ਪਾਬੰਦੀ, ਨਿਰੰਤਰਤਾ; **~ize** ਨਿਯਮਬੱਧ ਕਰਨਾ, ਸੁਵਿਵਸਥਿਤ ਕਰਨਾ; ਵਿਧੀ ਰੂਪ ਦੇਣਾ; ਪੱਕਾ ਕਰਨਾ; **~ization** ਨਿਯਮਿੱਤਾ, ਬਾਕਾਇਦਗੀ, ਨਿਯਮਬੰਧਨ, ਵਿਧੀ ਅਨੁਸਰਣ

regulate ('ਰੈਗਯੁਲੇਇਟ) *v* ਨਿਯਮਤ ਕਰਨਾ, ਵਿਧਾਨ ਬਣਾਉਣਾ, ਸ਼ਾਸਤ ਕਰਨਾ, ਕ੍ਰਮਬੱਧ ਕਰਨਾ, ਦਰੁਸਤ ਕਰਨਾ, ਠੀਕ ਕਰਨਾ

rehabillate ('ਰੀਅ'ਬਿਲਿਟੇਇਟ) *v* ਮੁੜ ਵਸਾਉਣਾ, ਪੁਨਰਵਾਸ ਦੇਣਾ, ਬਹਾਲ ਕਰਨਾ

rehabilitation ('ਰੀਅ'ਬਿਲਿ'ਟੇਇਸ਼ਨ) *n* ਮੁੜ-ਵਸੇਬਾ, ਪੁਨਰਵਾਸ; ਬਹਾਲੀ, ਪੁਨਰ-ਸਥਾਪਨ

rehearsal (ਰਿ'ਹਅ:ਸਲ) *n* ਦੁਹਰਾਉ, ਅਭਿਆਸ, ਤਿਆਰੀ

reign (ਰੇਇਨ) *n v* ਪ੍ਰਭੁਤਾ, ਰਾਜ, ਬਾਦਸ਼ਾਹੀ; ਸ਼ਾਸਨ-ਕਾਲ; ਰਾਜ ਕਰਨਾ, ਸ਼ਾਸਨ ਕਰਨਾ

reimburse ('ਰੀਇਮ'ਬਅ:ਸ) *v* ਅਦਾ ਕਰਨਾ, ਚੁਕਾਉਣਾ, ਵਾਪਸ ਕਰਨਾ, ਭਰਨਾ; **~ment** ਵਾਪਸੀ, ਅਦਾਇਗੀ

rein (ਰੇਇਨ) *n v* ਵਾਗ, ਵਾਗ-ਡੋਰ, ਰਾਸ; ਕਾਬੂ ਕਰਨਾ, ਵਾਗਾਂ ਕੱਸਣੀਆਂ

reinforce ('ਰੀਇਨ'ਫ਼ੋਸ) *v* ਸਹਾਰਾ ਦੇਣਾ, ਬਲਵਾਨ ਬਣਾਉਣਾ, ਤਕੜਾ ਕਰਨਾ; ਵਾਧਾ ਕਰਨਾ, ਸਮਰਥਨ ਕਰਨਾ, ਪੁਸ਼ਟੀ ਕਰਨੀ; **~ment** ਪੁਨਰ ਬਲ-ਸੰਗਠਨ, ਪੁਸ਼ਟੀਕਰਨ

reinstate ('ਰੀਇਨ'ਸਟੇਇਟ) *v* ਮੁੜ ਕੇ ਸਥਾਪਤ ਕਰਨਾ, ਬਹਾਲ ਕਰਨਾ; **~ment** ਬਹਾਲੀ, ਪੁਨਰ-ਸਥਾਪਨਾ

reiterate (ਰੀ'ਇਟਅਰੇਇਟ) *v* ਦੁਹਰਾਉਣਾ, ਬਾਰ ਬਾਰ ਕਹਿਣਾ; ਪੁਨਰਾਵ੍ਰਿਤੀ ਕਰਨੀ

reject (ਰਿ'ਜੈਕਟ) *v* ਰੱਦ ਕਰਨਾ, ਇਨਕਾਰ ਕਰਨਾ, ਅਸਵੀਕਾਰ ਕਰਨਾ, ਪਰਿਤਿਆਗ ਕਰਨਾ; **~ion** ਅਸਵੀਕ੍ਰਿਤੀ, ਅਸਵੀਕਰਨ, ਤਿਆਗ

rejoice (ਰਿ'ਜੌਇਸ) *v* ਖ਼ੁਸ਼ ਕਰਨਾ ਜਾਂ ਹੋਣਾ, ਪ੍ਰਸੰਨ ਕਰਨਾ ਜਾਂ ਹੋਣਾ, ਪ੍ਰਫੁੱਲਤ ਕਰਨਾ, ਆਨੰਦਤ ਕਰਨਾ

rejoicings (ਰਿ'ਜੌਇਸਿਙਜ਼) *n* ਖ਼ੁਸ਼ੀਆਂ, ਆਨੰਦ-ਉਤਸਵ, ਰੰਗ-ਰਲੀਆਂ, ਰਾਗ-ਰੰਗ

rejoin ('ਰੀ'ਜੌਇਨ) *v* ਮੁੜ ਸ਼ਾਮਲ ਹੋਣਾ, ਮੁੜ ਮਿਲਾਉਣਾ; ਦੁਬਾਰਾ ਜੋੜਨਾ; ਪੁਨਰ-ਸੰਮਿਲਤ ਹੋਣਾ; **~der** ਮੋੜਵਾਂ ਉੱਤਰ, ਜਵਾਬ, ਪ੍ਰਤੀ-ਉੱਤਰ

rejuvenate (ਰਿ'ਜੂਵ੍ਅਨੇਇਟ) *v* ਮੁੜ ਕੇ ਜਵਾਨ ਹੋਣਾ, ਕਾਇਆ-ਕਲਪ ਹੋਣੀ

rejuvenation (ਰਿ'ਜੂਵ੍ਅ'ਨੇਇਸ਼ਨ) *n* ਕਾਇਆ ਕਲਪ, ਪੁਨਰ-ਜੋਬਨ

relate ('ਰਿ'ਲੇਇਟ) *v* ਕਹਿਣਾ, ਬਿਆਨ ਕਰਨਾ; ਵਰਣਨ ਕਰਨਾ; ਦੁਹਰਾਉਣਾ; ਪੁਨਰਾਵ੍ਰਿਤੀ ਕਰਨੀ

relation (ਰਿ'ਲੇਇਸ਼ਨ) *n* ਸਬੰਧ ਮੇਲ; ਜੋੜ; ਰਾਬਤਾ, ਵਾਸਤਾ; ਸੰਪਰਕ; **~ship** ਸਬੰਧ; ਨਾਤਾ, ਰਿਸ਼ਤਾ, ਰਿਸ਼ਤੇਦਾਰੀ, ਸ਼ਰੀਕਾ, ਭਾਈਬੰਦੀ

relative ('ਰੈਲੱਅਟਿਵ੍) *a n* (ਵਿਆ) ਸੰਯੋਜਕ, ਸਬੰਧ-ਸੂਚਕ; ਸਾਪੇਖ, ਪਰਸਪਰ ਸਬੰਧ, ਪ੍ਰਾਸੰਗਕ, ਰਿਸ਼ਤੇਦਾਰ, ਸ਼ਰੀਕ

relativism ('ਰੈਲੱਅਟਿਵਿਜ਼(ਅ)ਮ) *n* ਸਾਪੇਖਵਾਦ

relativity (ਰੈੱਲਅ'ਟਿਵ੍ਅਟਿ) *n* ਸਾਪੇਖਤਾ

relax (ਰਿ'ਲੈਕਸ) *v* ਸਿਥਲ ਕਰਨਾ ਜਾਂ ਪੈਣਾ; ਢਿੱਲਾ ਕਰਨਾ ਜਾਂ ਪੈਣਾ, ਰਿਆਇਤ ਕਰਨੀ, ਠੰਢਾ ਪੈ ਜਾਣਾ, ਹਲਕਾ ਕਰਨਾ, ਨਰਮ ਕਰਨਾ; **~ation** ਢਿੱਲ, ਅਲਸਾਹਟ, ਨਰਮੀ, ਰਿਆਇਤ; ਸਿਥਲੀਕਰਨ, ਵਿਸ਼ਰਾਮ

relay ('ਰੀਲੇਇ, ਰੀ'ਲੇਇ) *n v* ਨਵੇਂ ਘੋੜਿਆਂ ਦਾ ਸਮੂਹ; ਰਿਲੇ ਦੌੜ; ਨਵੀਂ ਸਮਗਰੀ ਰਿਲੇ; ਅਲੰਕਰਤ ਕਰਨਾ; ਕ੍ਰਮਵਾਰ ਰੱਖਣਾ, ਮੁੜ ਰੱਖਣਾ; (ਰੇਡਿਓ ਤੋਂ) ਅੱਗੇ ਪ੍ਰਸਾਰਤ ਕਰਨਾ

release (ਰਿ'ਲੀਜ਼) *v n* ਮੁਕਤ ਕਰਨਾ, ਛੱਡ ਦੇਣਾ; ਸੁਤੰਤਰ ਕਰਨਾ, ਆਜ਼ਾਦ ਕਰਨਾ

relegate ('ਰੈੱਲਿਗੇਇਟ) *n* ਦੇਸ਼-ਨਿਕਾਲਾ ਦੇਣਾ; ਪਿੱਛੇ ਸੁੱਟਣਾ, ਦਰਜਾ ਘਟਾਉਣਾ

relegation ('ਰੈੱਲਿ'ਗੇਇਸ਼ਨ) *n* ਦੇਸ਼-ਨਿਕਾਲਾ, ਸਪੁਰਦਗੀ

relent (ਰਿ'ਲੈਂਟ) *v* ਪਸੀਜਣਾ, ਪਿਘਲਣਾ, ਨਰਮ ਪੈਣਾ, ਤਰਸ ਖਾਣਾ

relevance, relevancy ('ਰੈੱਲਅਵ੍ਅੰਸ, 'ਰੈੱਲਅਵ੍ਅੰਸਿ) *n* ਪ੍ਰਸੰਗ ਅਨੁਕੂਲਤਾ, ਸੰਬੱਧਤਾ; ਪ੍ਰਾਸੰਗਕਤਾ

relevant ('ਰੈੱਲਅਵ੍ਅੰਟ) *a* ਸਬੰਧਤ, ਪ੍ਰਾਸੰਗਕ, ਸੰਗਤ, ਸੰਬਧ

reliability (ਰਿ'ਲਾਇਅ'ਬਿਲਅਟਿ) *n* ਵਿਸ਼ਵਾਸ ਯੋਗਤਾ; ਪਕਿਆਈ

reliable (ਰਿ'ਲਾਇਅਬਲ) *a* ਭਰੋਸੇਯੋਗ, ਵਿਸ਼ਵਾਸਯੋਗ

reliance (ਰਿ'ਲਾਇਅੰਸ) *n* ਆਸਰਾ; ਨਿਰਭਰਤਾ, ਵਿਸ਼ਵਾਸ, ਭਰੋਸਾ

relic ('ਰੈੱਲਿਕ) *n* ਨਿਸ਼ਾਨੀ, ਯਾਦਗਾਰ, ਸਮਾਰਕ; ਸਿਮਰਤੀ-ਚਿੰਨ੍ਹ, ਲਾਸ਼ ਜਾਂ ਅਸਥੀਆਂ, ਪਵਿੱਤਰ ਨਿਸ਼ਾਨੀਆਂ

relieve (ਰਿ'ਲੀਵ) *v* ਆਰਾਮ ਦੇਣਾ, ਸ਼ਾਂਤੀ ਦੇਣੀ, ਸਹਾਰਾ ਦੇਣਾ; ਭਾਰਮੁਕਤ ਕਰਨਾ, ਫ਼ਾਰਗ ਕਰਨਾ, ਪਦ-ਮੁਕਤ ਕਰਨਾ

religion (ਰਿ'ਲਿਜ(ਅ)ਨ) *n* ਧਰਮ; ਪੰਥ, ਮੱਤ, ਮਜ਼੍ਹਬ, ਦੀਨ; ਕਰੱਤਵ

religious (ਰਿ'ਲਿਜਅਸ) *n a* ਧਾਰਮਕ, ਭਗਤ, ਦੀਨਦਾਰ, ਧਰਮਾਤਮਾ; ਧਰਮ-ਸੰਘੀ

relinquish (ਰਿ'ਲਿਙਕਵਿਸ਼) *v* ਤਿਆਗਣਾ, ਛੱਡਣਾ, ਮੁਕਤ ਹੋਣਾ, ਤੱਜਣਾ, ਸਬੰਧ ਵਿੱਛੇਦ ਕਰਨੇ, ਸਬੰਧ ਤੋੜਨੇ; **~ment** ਤਿਆਗ, ਛੱਡ-ਛਡਾ, ਦਸਤਬਰਦਾਰਗੀ

relish ('ਰੈੱਲਿਸ਼) *n v* ਸੁਆਦ, ਰਸ, ਮਜ਼ਾ, ਚਾਟ, ਮਸਾਲਾ, ਚਟਣਾ, ਸੁਆਦ ਆਉਣਾ, ਮਜ਼ਾ ਲੈਣਾ; ਰਸ ਲੈਣਾ

reluctance (ਰਿ'ਲਅਕਟਇੰਸ) *n* ਅਸੰਤੁਸ਼ਟਤਾ; ਅਰੁਚੀ, ਝਿਜਕ, ਸੰਕੋਚ, ਵਿਮੁਖਤਾ, ਵਿਰਕਤਤਾ

reluctant (ਰਿ'ਲਅਕਟਅੰਟ) *a* ਅਸੰਤੁਸ਼ਟ, ਵਿਮੁਖ, ਝਿਜਕਦਾ, ਬੇਦਿਲਾ

rely (ਰਿ'ਲਾਇ) *v* ਨਿਰਭਰ ਹੋਣਾ, ਆਸਰਤ ਹੋਣਾ, ਆਸਰਾ ਤੱਕਣਾ ਜਾਂ ਲੈਣਾ; ਭਰੋਸਾ ਕਰਨਾ ਜਾਂ ਰੱਖਣਾ, ਵਿਸਾਹ ਕਰਨਾ

remain (ਰਿ'ਮੇਇਨ) *v* ਬਾਕੀ ਬਚਣਾ, ਰਹਿਣਾ, ਟਿਕਣਾ, ਕਾਇਮ ਰਹਿਣਾ, ਵਿਦਮਾਨ ਹੋਣਾ; **~s** ਦੇਹ, ਲੋਥ, ਹੱਡੀਆਂ, ਫੁੱਲ, ਅਸਥੀਆਂ; ਬਚਿਆ-ਖੁਚਿਆ; ਨਿਸ਼ਾਨ, ਯਾਦਗਾਰ

remand (ਰਿ'ਮਾਂਡ) *n v* ਪੁਨਰ-ਅਰਪਣ, ਸਪੁਰਦਗੀ, ਰੀਮਾਂਡ; ਵਾਪਸੀ, ਹੁਕਮ ਦੇਣਾ, ਵਾਪਸ ਕਰਨਾ, ਸਪੁਰਦ ਕਰਨਾ

remark (ਰਿ'ਮਾਕ) *v* ਆਲੋਚਨਾ ਕਰਨੀ, ਵਿਚਾਰ ਦੇਣਾ, ਟੀਕਾ-ਟਿੱਪਣੀ ਕਰਨੀ; **~able** ਵਚਿੱਤਰ,

ਅਨੂਠਾ; ਉਘੜਵਾਂ, ਅਸਧਾਰਨ; ਮਾਅਰਕੇ ਦਾ; ~ed ਪ੍ਰਮੁੱਖ, ਸਪਸ਼ਟ, ਸਾਫ਼

remedial (ਰਿ'ਮੀਡਯਅਲ) *a* ਉਪਾਉ ਵਾਲਾ, ਸਾਧਕ

remedy ('ਰੈੱਮਅਡਿ) *n v* ਇਲਾਜ, ਉਪਾਉ, ਉਪਚਾਰ; ਇਲਾਜ ਕਰਨਾ, ਉਪਚਾਰ ਕਰਨਾ

remember (ਰਿ'ਮੈੱਮਬ*) *v* ਯਾਦ ਰੱਖਣਾ; ਯਾਦ ਆਉਣਾ; ਖ਼ਿਆਲ ਵਿਚ ਰੱਖਣਾ; ਕੰਠਸਥ ਕਰਨਾ

remembrance (ਰਿ'ਮੈਮਬਰਅੰਸ) *n* ਯਾਦ, ਸਿਮਰਤੀ, ਯਾਦਗਾਰ, ਨਿਸ਼ਾਨੀ

remind (ਰਿ'ਮਾਇੰਡ) *v* ਯਾਦ ਦਿਲਾਉਣਾ, ਚੇਤੇ ਕਰਾਉਣਾ, ਜਤਾਉਣਾ; ~er ਤਾਕੀਦ, ਚੇਤਾਵਨੀ; ਸਮਰਣ-ਪੱਤਰ

reminiscence ('ਰਿਮਿ'ਨਿਸੰਸ) *n* ਯਾਦ, ਸਮਰਣ, ਯਾਦਾਂ, ਆਪ-ਬੀਤੀਆਂ; ਨਿਸ਼ਾਨੀ, ਝਲਕ

reminiscent ('ਰਿਮਿ'ਨਿਸੰਟ) *a* ਸਮਾਰਕ; ਮੇਲ-ਖਾਂਦਾ, ਮਿਲਦਾ

remit (ਰਿ'ਮਿਟ) *v* ਬਖ਼ਸ਼ਣਾ; ਮਾਫ਼ ਕਰਨਾ ਜਾਂ ਹੋਣਾ; ਖਿਮਾ ਕਰਨੀ, ਤਿਆਗ ਕਰਨਾ; ~tence ਭੇਜੀ ਹੋਈ ਰਕਮ, ਘਲਵਾਈ, ਭਿਜਵਾਈ

remnant ('ਰੈੱਮਨਅੰਟ) *n* ਬਚਿਆ-ਖੁਚਿਆ, ਰਹਿੰਦ-ਖੂੰਹਦ

remonstrate ('ਰੈੱਮਅਨਸਟਰੇਇਟ) *v* ਰੋਸ ਪਰਗਟ ਕਰਨਾ, ਵਿਰੋਧ ਕਰਨਾ, ਹੁੱਜਤ ਕਰਨਾ, ਸਮਝਾਉਣਾ-ਬੁਝਾਉਣਾ

remorse (ਰਿ'ਮੋਃਸ) *n* ਪਛਤਾਵਾ, ਪਸ਼ੇਮਾਨੀ, ਪਸ਼ਚਾਤਾਪ; ~ful ਪਸ਼ਚਾਤਾਪ-ਪੂਰਨ

remote (ਰਿ'ਮਅਉਟ) *a* ਦੂਰ, ਅਲੱਗ, ਦੁਰਾਡਾ; ਬੇਗਾਨਾ; ਦੂਰਵਰਤੀ; ਨਿਵੇਕਲਾ, ਇਕਾਂਤ

remove (ਰਿ'ਮੂਵ਼) *v n* ਹਟਾਉਣਾ, ਹਟਾ ਦੇਣਾ, ਮੌਕੂਫ਼ ਕਰ ਦੇਣਾ, ਉਠਾ ਲੈਣਾ

remunerate (ਰਿ'ਮਯੂਨਅਰੇਇਟ) *v* ਮੁਆਵਜ਼ਾ ਦੇਣਾ, ਸੇਵਾ-ਫਲ ਦੇਣਾ, ਪ੍ਰਤੀਫਲ ਦੇਣਾ, ਉਜਰਤ ਦੇਣੀ, ਭਾੜਾ ਦੇਣਾ, ਮਜ਼ਦੂਰੀ ਦੇਣੀ; ਪੁਰਸਕਾਰ ਦੇਣਾ

remuneration (ਰਿ'ਮਯੂਨਅਃਰੇਇਸ਼ਨ) *n* ਸੇਵਾ-ਫਲ, ਬਦਲਾ, ਭੇਟ, ਮਿਹਨਤਾਨਾ, ਪ੍ਰਤੀਫਲ

renal ('ਰੀਨਲ) *a* ਗੁਰਦੇ ਸਬੰਧੀ

renascence (ਰਿ'ਨੈਸੰਸ) *a* ਪੁਨਰ-ਜਨਮ; ਨਵਾਂ ਜਨਮ, ਪੁਨਰ-ਉਤਪਤੀ, ਨਵਾਂ ਯੁੱਗ

rend (ਰੈਂਡ) *v* ਫਾੜ ਦੇਣਾ, ਫੱਟ ਜਾਣਾ, ਚੀਰਨਾ, ਫਾੜਨਾ, ਖੰਡ ਖੰਡ ਕਰਨਾ, ਛਿੰਨ-ਭਿੰਨ ਕਰ ਦੇਣਾ

render (ਰੈਂਡਅ*) *v* (ਲੇਖਾ) ਦੇਣਾ, ਚੁਕਾਉਣਾ; ਅਦਾ ਕਰਨਾ; ਪੂਰਾ ਕਰਨਾ, ਸਾਫ਼ ਕਰਨਾ; ਨਵਾਂ ਪਲਸਤਰ ਕਰਨਾ; ~ing ਅਨੁਵਾਦ, ਉਲਥਾ, ਤਰਜਮਾਨੀ; ਸਮਰਪਣ

renew (ਰਿ'ਨਯੂ) *v* ਨਵਾਂ ਕਰਨਾ, ਜਾਨ ਪਾਉਣੀ, ਤਾਜ਼ਾ ਕਰਨਾ, ਮੌਲਕ ਰੂਪ ਦੇਣਾ, ਪੁਨਰ-ਉਥਾਨ ਕਰਨਾ, ਦਰੁਸਤ ਕਰਨਾ, ਬਦਲ ਦੇਣਾ; ~al ਨਵਿਆਉਣ, ਬਹਾਲੀ, ਪੁਨਰ-ਆਰੰਭ

renounce (ਰਿ'ਨਾਉਂਸ) *v* (ਹੱਕ ਜਾਂ ਕਬਜ਼ਾ) ਤਿਆਗਣਾ, ਤਜਣਾ, ਛੱਡ ਦੇਣਾ, ਸਬੰਧ ਤੋੜ ਲੈਣਾ

renovate ('ਰੈੱਨਅ(ਉ)ਵ਼ੇਇਟ) *v* ਨਵਾਂ ਕਰਨਾ, ਬਹਾਲ ਕਰਨਾ, ਦਰੁਸਤ ਕਰਨਾ; ਠੀਕ-ਠਾਕ ਕਰਨਾ; ਮੁਰੰਮਤ ਕਰਨੀ

renovation ('ਰੈੱਨਅ(ਉ)'ਵ਼ੇਇਸ਼ਨ) *n* ਨਵਿਆਉਣਾ; ਸੁਰਜੀਤੀ

renown (ਰਿ'ਨਾਉਨ) *n* ਪ੍ਰਸਿੱਧੀ, ਨਾਮਣਾ, ਸ਼ੁਹਰਤ, ਮਸ਼ਹੂਰੀ; ~ed ਮਸ਼ਹੂਰ, ਪ੍ਰਸਿੱਧ, ਨਾਮਵਰ

rent (ਰੈਂਟ) *n* (1) ਭਾੜਾ, ਕਿਰਾਇਆ, ਕਿਰਾਇਆ ਤੇ ਕਰਨਾ; (2) ਦਰਾੜ, ਛੇਕ; **~al** ਕਿਰਾਇਆ, ਮਾਲਗੁਜ਼ਾਰੀ ਲਗਾਨ

renunciation (ਰਿ'ਨਅੱਨਸਿ'ਏਇਸ਼ਨ) *n* ਤਿਆਗ; ਵਿਰਾਗ, ਵਿਰਕਤੀ, ਆਤਮ-ਤਿਆਗ, ਸੰਨਿਆਸ

reorient ('ਰੀ'ਓਰਿਅੰਟ) *v a* ਨਵੀਂ ਦਿਸ਼ਾ ਦੇਣਾ, ਮੁੜ ਅਨੁਕੂਲ ਬਣਾਉਣਾ; **~ation** ਪੁਨਰ-ਸ਼ੋਧ; ਪੁਨਰ-ਅਨੁਕੂਲਣ

repair (ਰਿ'ਪੇਅ*) *v* ਮੁਰੰਮਤ ਕਰਨੀ, ਸੁਧਾਰ ਕਰਨਾ, ਸੰਵਾਰਨਾ, ਇਲਾਜ ਕਰਨਾ, ਗੰਢਣਾ

reparation ('ਰੈੱਪਅ'ਰੇਇਸ਼ਨ) *n* ਮੁਰੰਮਤ, ਦਰੁਸਤੀ, ਸੁਧਾਰ, ਨਵ-ਸੰਸਕਾਰ; ਹਾਨਪੂਰਤੀ

rapartee ('ਰੈ'ਪਾਟੀ) *n v* ਪਰਤਾਵਾਂ ਜਵਾਬ, ਵਿਅੰਗਮਈ ਉੱਤਰ, ਹਾਜ਼ਰ-ਜਵਾਬੀ; ਪਰਤਾਵਾਂ ਜਵਾਬ ਦੇਣਾ, ਹਾਜ਼ਰ-ਜਵਾਬ ਹੋਣਾ

repatriate (ਰੀ'ਪੈਟਰਿ'ਏਇਟ) *v* ਵਤਨ ਨੂੰ ਮੋੜਨਾ ਜਾਂ ਮੁੜਨਾ

repartriation ('ਰੀਪੈਟਰਿ'ਏਇਸ਼ਨ) *n* ਵਤਨ-ਮੋੜਾ, ਦੇਸ਼ ਵਾਪਸੀ

repay ('ਰੀ'ਪੇਇ) *v* ਚੁਕਾ ਦੇਣਾ, ਅਦਾ ਕਰਨਾ, ਵਾਪਸ ਕਰ ਦੇਣਾ; ਬਦਲਾ ਲੈਣਾ, ਜਵਾਬ ਦੇਣਾ, ਪ੍ਰਤੀਰੋਧ ਕਰਨਾ, ਪ੍ਰਤੀਕਰਮ ਕਰਨਾ; **~ment** ਅਦਾਇਗੀ, ਚੁਕੌਤੀ

repeal (ਰਿ'ਪੀਲ) *v n* ਖੰਡਤ ਕਰਨਾ, ਕੱਟਣਾ, ਤੋੜਨਾ, ਹਟਾਉਣਾ, ਰੱਦ ਕਰਨਾ, ਬਦਲ ਦੇਣਾ; ਵਾਪਸ ਕਰਨਾ, ਮਨਸੂਖ਼ ਕਰਨਾ; ਖੰਡਨ; ਮਨਸੂਖ਼ੀ

repeat (ਰੀ'ਪੀਟ) *v* ਦੁਹਰਾਉਣਾ; (ਨਾਮ) ਜਪਣਾ; ਵਰਣਨ ਕਰਨਾ; ਚਿਤਰਣ ਕਰਨਾ, ਸੂਚਨਾ ਦੇਣੀ; **~edly** ਵਾਰ ਵਾਰ, ਮੁੜ ਮੁੜ, ਘੜੀ-ਮੁੜੀ

repel (ਰਿ'ਪੈੱਲ) *v* ਪਿਛਾੜਨਾ, ਪਿੱਛੇ ਧੱਕਣਾ, ਹਟਾਉਣਾ; ਨਿਵਿਰਤ ਕਰਨਾ, ਪ੍ਰਤਿਰੋਧ ਕਰਨਾ, ਦੁਰਕਾਰਨਾ, ਪਰਾਂ ਸੁੱਟਣਾ; ਅਸਵੀਕਰਨ ਕਰਨਾ

repent (ਰਿ'ਪੈਂਟ) *v* ਪਸ਼ਚਾਤਾਪ ਕਰਨਾ, ਪਛਤਾਉਣਾ, ਸ਼ਰਮਿੰਦਾ ਹੋਣਾ, ਪਸ਼ੇਮਾਨ ਹੋਣਾ, ਹੱਥ ਮਲਣੇ, ਤੋਬਾ ਕਰਨੀ; **~ance** ਪਛਤਾਵਾ, ਤੋਬਾ, ਪਸ਼ੇਮਾਨੀ, ਪਸ਼ਚਾਤਾਪ; **~ant** ਪਛਤਾਵੇ ਨਾਲ ਭਰਿਆ, ਪਸ਼ੇਮਾਨ

repercussion ('ਰੀਪਅ'ਕਅੱਸ਼ਨ) *n* ਧਮਕ, ਗੂੰਜ; ਪ੍ਰਤਿਕਿਰਿਆ, ਮੋੜਵਾਂ ਅਸਰ

repertoire, repertory ('ਰੈੱਪਅਟਵਾ, 'ਰੈੱਪਅਟ(ਅ)ਰਿ) *n* ਖ਼ਜ਼ਾਨਾ; ਕੋਸ਼-ਭਵਨ, ਗੁਦਾਮ

repetition ('ਰੈੱਪਿ'ਟਿਸ਼ਨ) *n* ਦੁਹਰਾਉ, ਨਕਲ, ਪ੍ਰਤੀਲਿਪੀ, ਪ੍ਰਤਿਰੂਪ; (ਵਿਆ) ਪੁਨਰ-ਉਕਤੀ

replace (ਰਿ'ਪਲੇਇਸ) *v* ਬਦਲਾਉਣਾ, (ਕਿਸੇ ਦੀ) ਥਾਂ ਮੱਲਣੀ; ਪੁਨਰ-ਸਥਾਪਤ ਕਰਨਾ, ਅਸਲੀ ਥਾਂ ਤੇ ਕਾਇਮ ਰੱਖਣਾ; **~ment** ਥਾਂ ਬਦਲੀ; ਸਥਾਨਾਂਤਰਣ, ਪਦ ਤੋਂ ਅਲਹਿਦਗੀ;

replenish (ਰਿ'ਪਲੈਨਿਸ਼) *v* ਫਿਰ ਤੋਂ ਭਰਨਾ, ਭਰਪੂਰ ਕਰਨਾ, ਪਰਿਪੂਰਨ ਕਰਨਾ; **~ed** ਪੂਰਨ, ਪਰਿਪੂਰਨ, ਲਬਾਲਬ ਭਰਿਆ

replete (ਰਿ'ਪਲੀਟ) *a* ਭਰਪੂਰ, ਭਰਿਆ, ਪਰਿਪੂਰਨ; ਤ੍ਰਿਪਤ

repletion (ਰਿ'ਪਲੀਸ਼ਨ) *n* ਭਰਪੂਰਨ, ਪਰਿਪੂਰਨਤਾ; ਬਹੁਤਾਤ; ਤ੍ਰਿਪਤੀ, ਸੰਤੁਸ਼ਟਤਾ

replica ('ਰੈੱਪਲਿਕਅ) *n* ਪ੍ਰਤੀਰੂਪ, ਪ੍ਰਤੀਲਿਪੀ, ਨਕਲ, ਹੂਬਹੂ ਨਕਲ, ਜੋੜ

reply (ਰਿ'ਪਲਾਇ) *v n* ਉੱਤਰ ਦੇਣਾ, ਜਵਾਬ ਦੇਣਾ; ਉੱਤਰ, ਜਵਾਬ

report (ਰਿ'ਪੋਟ) *v n* ਸੂਚਨਾ ਦੇਣੀ, ਖ਼ਬਰ ਦੇਣੀ,

ਆਗਾਹ ਕਰਨਾ, ਸਮਾਚਾਰ ਦੇਣਾ, ਸੁਣਾਉਣਾ; **~er** ਸੰਵਾਦਦਾਤਾ, ਸੰਵਾਦ ਲੇਖਕ, ਰਿਪੋਰਟਰ, ਨਾਮਾਨਿਗਾਰ, ਮੁਖ਼ਬਰ

repose (ਰਿ'ਪਅਉਜ਼) *v n* ਵਿਸ਼ਰਾਮ ਕਰਨਾ, ਆਰਾਮ ਪਹੁੰਚਾਉਣਾ; ਦਮ ਲੈਣਾ, ਕਿਸੇ ਦੇ ਸਹਾਰੇ ਟਿਕਿਆ ਹੋਣਾ; (ਕਿਸੇ ਉੱਤੇ) ਭਰੋਸਾ ਰੱਖਣਾ; **~ful** ਸ਼ਾਂਤੀਪੂਰਨ, ਟਿਕਾਉ ਵਿਚ, ਆਰਾਮ ਵਾਲੀ

reposit (ਰਿ'ਪੌਜ਼ਿਟ) *v* ਨਿਯੁਕਤ ਕਰਨਾ, ਜਮ੍ਹਾਂ ਕਰਨਾ, ਧਰਨਾ, ਰੱਖਣਾ; **~or** ਨਿਯੋਜਕ, ਜਮ੍ਹਾਂ-ਕਰਤਾ; **~ory** ਭਾਂਡਾ, ਖ਼ਾਨਾ; ਭੰਡਾਰ, ਗੁਦਾਮ, ਮਾਲਖ਼ਾਨਾ, ਖ਼ਜ਼ਾਨਾ; ਅਜਾਇਬ-ਘਰ

reprehend ('ਰੈੱਪਰਿ'ਹੈਂਡ) *v* ਡਾਂਟਣਾ, ਝਾੜਨਾ, ਫਿਟਕਾਰਨਾ; ਝਿੜਕਣਾ

reprehensible ('ਰੈੱਪਰਿ'ਹੈਂਸਅਬਲ) *a* ਨਿੰਦਣੀ, ਨਿੰਦਣਯੋਗ, ਧਿਰਕਾਰਨਯੋਗ

reprehension ('ਰੈੱਪਰਿ'ਹੈੱਨਸ਼ਨ) *n* ਤਾੜਨਾ, ਨਿੰਦਾ, ਡਾਂਟ, ਫਿਟਕਾਰ, ਧਿਰਕਾਰ

represent ('ਰੈੱਪਰਿ'ਜ਼ੈਂਟ) *v* ਵਰਣਨ ਕਰਨਾ; ਪ੍ਰਸਤੁਤ ਕਰਨਾ, ਚਿਤਰਣ ਕਰਨਾ, ਨਿਰੂਪਣ ਕਰਨਾ, ਪ੍ਰਤਿਨਿਧ ਹੋਣਾ; **~ation** ਪ੍ਰਤੀਨਿਧਤਾ; ਪ੍ਰਤੀਰੂਪ, ਮੂਰਤ, ਖ਼ਾਕਾ; ਪ੍ਰਸਤੁਤੀਕਰਨ, ਆਵੇਦਨ-ਪੱਤਰ; ਵਰਣਨ, ਨਿਰੂਪਣ, ਚਿਤਰਣ; **~ative** ਪ੍ਰਤੀਨਿਧੀ; ਉਦਾਹਰਣ, ਆਦਰਸ਼

repress (ਰਿ'ਪਰੈੱਸ) *v* ਦਮਨ ਕਰਨਾ, ਦਬਾਉਣਾ, ਰੋਕ ਰੱਖਣਾ, ਘੁੱਟ ਰੱਖਣਾ, ਕਾਬੂ ਰੱਖਣਾ; **~ion** ਦਬਾਉ, ਦਮਨ, ਜਬਰ; **~or** ਅੱਤਿਆਚਾਰੀ

reprieve (ਰਿ'ਪਰੀਵ਼) *n* (ਫਾਂਸੀ) ਮੁਹਲਤ ਦੇਣੀ, ਮੁਲਤਵੀ ਕਰਨਾ, ਮੁਹਲਤ, ਪ੍ਰਾਣ-ਦੰਡ ਦੀ ਅਸਥਾਈ ਸਮੇਂ ਲਈ ਰੁਕਾਵਟ, ਵਿਸ਼ਰਾਮ, ਛੁੱਟੀ

reprimand ('ਰੈੱਪਰਿਮਾਂਡ) *n v* ਝਾੜ, ਡਾਂਟ-ਡਪਟ, ਤਾੜਨਾ, ਡਾਂਟ, ਫਿਟਕਾਰ; ਝਾੜਨਾ

reprint ('ਰਿ'ਪਰਿੰਟ, 'ਰੀਪਰਿੰਟ) *v n* ਦੁਬਾਰਾ ਛਾਪਣਾ, ਮੁੜ ਛਾਪ, ਦੂਜੀ ਛਾਪ

reprisal (ਰਿ'ਪਰਾਇਜ਼ਲ) *n* ਬਦਲਾ, ਮੋੜਵੀਂ ਕਾਰਵਾਈ, ਹਰਜਾਨਾ, ਪ੍ਰਤਿਹਿੰਸਾ

reproach (ਰਿ'ਪਰਅਉਚ) *v* ਧਿਰਕਾਰਨਾ, ਬੁਰਾ-ਭਲਾ ਕਹਿਣਾ, ਨਿੰਦਾ ਕਰਨੀ; **~ful** ਨੀਚ, ਨਿੰਦਾਮਈ, ਲੱਜਾਜਨਕ

reprobation ('ਰੈੱਪਰਅ(ਉ)'ਬੇਇਸ਼ਨ) *n* ਫਿਟਕਾਰ, ਮਲਾਮਤ

reproduce ('ਰੀਪਰ'ਡਯੂਸ) *v* ਦੁਬਾਰਾ ਉਤਪੰਨ ਕਰਨਾ; ਯਾਦ ਤੋਂ ਲਿਖਣਾ, ਬੋਲਣਾ ਜਾਂ ਸੁਣਾਉਣਾ

reproof (ਰਿ'ਪਰੂਫ਼) *v* ਨਿੰਦਾ, ਧਿਰਕਾਰ, ਝਿੜਕ, ਝਾੜ, ਫਿਟਕਾਰ

reprove (ਰਿ'ਪਰੂਵ) *v* ਝਿੜਕਣਾ, ਡਾਂਟਣਾ, ਨਿੰਦਣਾ, ਫਿਟਕਾਰਨਾ

republic (ਰਿ'ਪਅੱਬਲਿਕ) *n* ਗਣਰਾਜ, ਗਣਤੰਤਰ, ਲੋਕਤੰਤਰ, ਲੋਕ-ਰਾਜ; **~an** ਗਣਤੰਤਰਵਾਦੀ, ਲੋਕ-ਤੰਤਰ ਸਮਰਥਕ

repudiate (ਰਿ'ਪਯੂਡਿਏਇਟ) *v* ਤਲਾਕ ਦੇਣਾ, ਇਸਤਰੀ ਦਾ ਪਰਿਤਿਆਗ ਕਰਨਾ, ਖੰਡਨ ਕਰਨਾ; **~d** ਅਸਵੀਕ੍ਰਿਤ

repudiation (ਰਿ'ਪਯੂਡਿ'ਏਇਸ਼ਨ) *n* ਤਲਾਕ; ਤਿਆਗ, ਨਕਾਰਨ, ਰੱਦਣ, ਇਨਕਾਰ

repugn (ਰਿ'ਪਯੂਨ) *v* ਵਿਰੋਧ ਹੋਣਾ, ਵਿਰੋਧ ਕਰਨਾ; ਵਿਪਰੀਤ ਹੋਣਾ, ਪ੍ਰਤੀਕੂਲ ਹੋਣਾ; **~ance** (ਭਾਵਾਂ, ਮਨੁੱਖਾਂ ਵਿਚ) ਵਿਰੋਧ, ਅਸੰਗਤੀ, ਪ੍ਰਤੀਕੂਲਤਾ, ਵਿਪਰੀਤਤਾ; **~ant** ਵਿਪਰੀਤ, ਵਿਰੁਧ, ਵਿਮੁੱਖ, ਵਿਦਰੋਹੀ, ਪਰਸਪਰ ਵਿਰੋਧੀ, ਅਸੰਗਤ ਅਣਮੇਲ

repulse (ਰਿ'ਪਅੱਲਸ) *v n* ਹਟਾ ਦੇਣਾ, ਪਿਛਾੜ ਦੇਣਾ, ਪਿਛੇ ਹਟਾਉਣਾ, ਹਰਾਉਣਾ, ਖਦੇੜਨਾ, ਅਸਵੀਕਾਰ ਕਰਨਾ

repulsion (ਰਿ'ਪਅੱਲਸ਼ਨ) *n* ਵਿਕਰਸ਼ਣ, ਹਾਰ, ਅਸਵੀਕਾਰ, ਵਿਰਾਗ, ਵਿਰਕਤੀ

repulsive (ਰਿ'ਪਅੱਲਸਿਵ਼) *a* ਨਿਸ਼ੇਧਕ, ਵਿਰੋਧਕ; ਨਿਰਉਤਸ਼ਾਹ, ਘਿਰਣਤ

reputable ('ਰੈਂਪਯੁਟਅਬਲ) *a* ਪ੍ਰਤਿਸ਼ਠਤ, ਪ੍ਰਸਿੱਧ, ਨਾਮੀ, ਨਾਮਵਰ, ਵਿਖਿਆਤ

reputation ('ਰੈਂਪਯੁ'ਟੇਇਸ਼ਨ) *n* ਕੀਰਤੀ, ਜਸ, ਪ੍ਰੱਸਿਧੀ, ਮਸ਼ਹੂਰੀ, ਸ਼ੁਹਰਤ; ਪ੍ਰਤਿਸ਼ਠਾ;

repute (ਰਿ'ਪਯੂਟ) *v n* ਮਸ਼ਹੂਰ ਹੋਣਾ, ਗਿਣਿਆ ਜਾਣਾ, ਮਸ਼ਹੂਰੀ, ਸ਼ੁਹਰਤ, ਮਾਨਤਾ, ਪ੍ਰੱਸਿਧੀ; ~d ਪ੍ਰੱਸਿਧ, ਨਾਮੀ, ਮਸ਼ਹੂਰ, ਨਾਮਵਰ, ਪ੍ਰਤਿਸ਼ਠਤ, ਵਿਖਿਆਤ

request (ਰਿ'ਕਵੈੱਸਟ) *n v* ਬੇਨਤੀ, ਪ੍ਰਾਰਥਨਾ, ਅਰਜੋਈ; ਬੇਨਤੀ ਕਰਨੀ, ਪ੍ਰਾਰਥਨਾ ਕਰਨੀ, ਮਿੰਨਤ ਕਰਨੀ, ਨਿਵੇਦਨ ਕਰਨਾ

requiem ('ਰੈੱਕਵਿਅਮ) *n* (ਮਰ ਚੁਕੇ ਲੋਕਾਂ ਲਈ ਈਸ਼ਵਰ ਅੱਗੇ) ਅਰਦਾਸ, ਫ਼ਾਤਿਹਾ; ਸੋਗ ਸੰਗੀਤ; ਵੈਣ, ਕੀਰਨੇ, ਮਰਸੀਆ

require (ਰਿ'ਕਵਾਇਅ) *v* ਲੋੜ ਸਮਝਣੀ, ਜ਼ਰੂਰਤ ਅਨੁਭਵ ਕਰਨੀ, ਮੰਗਣਾ, ਚਾਹੁਣਾ, ਲੋੜ ਹੋਣੀ; ~ment ਮੰਗ, ਲੋੜ, ਅਵੱਸ਼ਕਤਾ, ਜ਼ਰੂਰਤ, ਪ੍ਰਾਰਥਨਾ

requisite ('ਰੈੱਕਵਿਜ਼ਿਟ) *a n* ਜ਼ਰੂਰੀ, ਲੋੜੀਂਦੀ, ਅਵੱਸ਼ਕ

requisition (ਰੈੱਕਵਿ'ਜ਼ਿਸ਼ਨ) *n v* ਪ੍ਰਾਰਥਨਾ, ਲਿਖਤੀ, ਪ੍ਰਾਰਥਨਾ, ਜਾਚ੍ਹਨਾ, ਮੰਗ; ਫ਼ਰਮਾਇਸ਼; ਕਿਸੇ ਕੰਮ ਲਈ ਸੱਦਣਾ, ਮੰਗਣਾ

rescind (ਰਿ'ਸਿੰਡ) *v* ਮਨਸੂਖ਼ ਕਰਨਾ, ਖੰਡਨ ਕਰਨਾ, ਰੱਦ ਕਰਨਾ

rescission ('ਰਿਸਿਯ਼ਨ) *n* ਮਨਸੂਖ਼ੀ, ਖੰਡਨ, ਨਿਰਾਕਰਨ, ਰੱਦਣ

rescript ('ਰੀਸਕਰਿਪਟ) *n* ਸ਼ਾਹੀ ਫ਼ਰਮਾਨ, ਪੋਪ ਦਾ ਹੁਕਮਨਾਮਾ; ਨਿਰਦੇਸ਼

rescue ('ਰੈੱਸਕਯੂ) *n v* ਪਰਿਤ੍ਰਾਣ, ਬਚਾਉ; ਮੁਕਤੀ; ਨਿਸਤਾਰਾ, ਛੁਟਕਾਰਾ; ਖ਼ਲਾਸੀ; ਬਚਾਉਣਾ, ਉੱਧਾਰ ਕਰਨਾ, ਛੁਟਕਾਰਾ ਕਰਨਾ

research (ਰਿ'ਸਅ:ਚ) *n v* ਸੋਧ; ਖੋਜ, ਤੱਤ-ਨਿਰੀਖਣ, ਛਾਣਬੀਣ, ਖੋਜ ਕਰਨੀ, ਛਾਣਬੀਣ ਕਰਨੀ, ਅਨੁਸ਼ੀਲਣ ਕਰਨਾ; ਅਨੁਸੰਧਾਨ ਕਰਨਾ

resect (ਰਿ'ਸੈੱਕਟ) *v* ਦੁਬਾਰਾ ਟੁਕੜੇ ਕਰਨਾ, ਕੱਟ ਦੇਣਾ, ਕਤਰਨਾ

resemble (ਰਿ'ਜ਼ੈਂਮਬਲ) *v* ਮੇਲ ਖਾਣਾ; ਸ਼ਕਲ ਮਿਲਣੀ, ਸਦ੍ਰਿਸ਼ ਹੋਣਾ; ਸਮਰੂਪ ਹੋਣਾ; ਮਿਲਦਾ ਹੋਣਾ

resembling (ਰਿ'ਜ਼ੈਂਬਲਿਙ) *a* ਸਮਰੂਪ ਮਿਲਦਾ-ਜੁਲਦਾ; ਸਮਾਨ; ਸਦ੍ਰਿਸ਼

resent (ਰਿ'ਜ਼ੈਂਟ) *v* ਬੁਰਾ ਮਨਾਉਣਾ; ਕਰੋਧ ਕਰਨਾ; ਨਾਰਾਜ਼ ਹੋਣਾ; ਰੋਸ ਪਰਗਟ ਕਰਨਾ; ~ment ਕਰੋਧੀ, ਨਾਰਾਜ਼ਗੀ, ਗੁੱਸਾ

reservation ('ਰੈਜ਼ੱਅ'ਵ੍ਹੇਇਸ਼ਨ) *n* ਰਾਖਵਾਂ ਕਰਨ, ਰਾਖਵਾਂ ਹੱਕ; ਸੰਜਮ; ਸੰਕੋਚ, ਪ੍ਰਤੀਬੰਧ

reservoir ('ਰੈਜ਼ੱਅਵ੍ਹਵਾ*) *n v* ਹੌਜ; ਸਰੋਵਰ; ਕੁੰਡ; ਸੰਗ੍ਰਹ, ਖ਼ਜਾਨਾ, ਭੰਡਾਰ; ਇਕੱਠਾ ਕਰਨਾ, ਸੰਚਤ ਕਰਨਾ

reside (ਰਿ'ਜ਼ਾਇਡ) *v* ਵੱਸਣਾ; ਟਿਕਣਾ, ਰਹਿਣਾ; ਵਾਸ ਕਰਨਾ; ~nce ਘਰ, ਨਿਵਾਸ-ਸਥਾਨ, ਰਿਹਾਇਸ਼, ਟਿਕਾਣਾ, ਡੇਰਾ; ~nt ਵਾਸੀ, ਵਸਨੀਕ, ਰੈਜ਼ੀਡੈਂਟ, ਰਾਜ ਪ੍ਰਤੀਨਿਧੀ; ~ntial ਨਿਵਾਸ ਸਬੰਧੀ, ਰਿਹਾਇਸ਼ੀ

residual (ਰਿ'ਜ਼ਿਡਯੁਅਲ) *a* ਬਾਕੀ (ਗਣਿ); ਰਹਿੰਦ-ਖੂੰਹਦ

residuary (ਰਿ'ਜ਼ਿਡਯੁਅਰਿ) *a* ਪਿੱਛੇ ਰਿਹਾ, ਅਣਵਰਤਿਆ, ਅਣਵੰਡਿਆ, ਬਾਕੀ ਬਚਿਆ

residue ('ਰੈਜ਼ਿਡਯੂ) *n* ਬਕਾਇਆ; ਬਚਿਆ-ਖੁਚਿਆ, ਰਹਿੰਦ-ਖੂੰਹਦ, ਫੋਗ

resign (ਰਿ'ਜ਼ਾਇਨ) *v* ਅਸਤੀਫ਼ਾ ਦੇਣਾ; ਤਿਆਗ-ਪੱਤਰ ਦੇਣਾ, ਅਹੁਦਾ ਤਿਆਗਣਾ, ਛੱਡ ਦੇਣਾ; **~ation** ਅਸਤੀਫ਼ਾ, ਤਿਆਗ-ਪੱਤਰ, ਪਦ-ਤਿਆਗ; ਵੈਰਾਗ; **~ed** ਸੰਤੋਖੀ; ਸਹਿਨਸ਼ੀਲ, ਗੰਭੀਰ, ਵਿਰਕਤ, ਸਮਰਪਤ

resilience, resiliency (ਰਿ'ਜ਼ਿਲਿਅੰਸ, ਰਿ'ਜ਼ਿ-ਲਿਅੰਸਿ) *n* ਲਚਕ, ਲੋਚ

resilient (ਰਿ'ਜ਼ਿਲਅੰਟ) *a* ਲਚਕਦਾਰ, ਲਚਕੀਲਾ

resist (ਰਿ'ਜ਼ਿਸਟ) *v* ਵਿਰੋਧ ਕਰਨਾ; ਰੋਕਣਾ; ਖ਼ਿਲਾਫ਼ ਹੋਣਾ, ਦੂਰ ਰੱਖਣਾ; **~ance** ਰੋਕ, ਰੁਕਾਵਟ, ਟਾਕਰਾ, ਵਿਰੋਧ, ਅੜਿੰਗਾ

resolute ('ਰੈਜ਼ਿਅਲੂਟ) *a* ਦ੍ਰਿੜ੍ਹ, ਸਥਿਰ, ਪੱਕਾ, ਹਠੀ, ਅੱਟਲ, ਦ੍ਰਿੜ੍ਹ ਸੰਕਲਪ, ਹਿੰਮਤੀ, ਸਾਹਸੀ

resolution ('ਰੈਜ਼ਅ'ਲੂਸ਼ਨ) *n* ਪ੍ਰਸਤਾਵ, ਸੰਕਲਪ; ਰੂਪਾਂਤਰ, ਮਤਾ, ਸਥਿਰ ਚਿੱਤ, ਦ੍ਰਿੜ੍ਹਤਾ; ਵਿਸ਼ਲੇਸ਼ਣ

resolve (ਰਿ'ਜ਼ੌਲਵ਼) *n v* ਸੰਕਲਪ ਸ਼ਕਤੀ, ਦ੍ਰਿੜ੍ਹਤਾ, ਪ੍ਰਤਿਗਿਆ; ਪੱਕਾ ਇਰਾਦਾ ਕਰਨਾ, ਦ੍ਰਿੜ੍ਹ ਹੋਣਾ, ਸੰਕਲਪ ਕਰਨਾ; ਠਾਣਨਾ, ਹੱਲ ਕਰਨਾ

resonance ('ਰੈਜ਼ਅਨਅੰਸ) *n* ਗੂੰਜ, ਪ੍ਰਤੀਧੁਨੀ

resonant (ਰੈਜ਼ਅਨਅੰਟ) *a* ਗੂੰਜਵਾਂ, ਪ੍ਰਤੀਧੁਨਿਤ

resort (ਰਿ'ਜ਼ੋਟ) *v n* (ਦਾ) ਆਸਰਾ ਲੈਣਾ, ਸਹਾਰਾ ਲੈਣਾ; ਆਸਰਾ, ਤਫ਼ਰੀਹਗਾਹ

resource (ਰਿ'ਸੋਃਸ) *n* ਸਾਧਨ, ਸਰੋਤ, ਵਸੀਲਾ, ਜੁਗਤੀ, ਚਾਰਾ; **~ful** ਸਾਧਨ-ਸੰਪੰਨ, ਉਦਯੋਗਸ਼ੀਲ, ਜੁਗਤੀਪੂਰਨ, ਹਾਜ਼ਰ ਦਿਮਾਗ਼, ਚੁਸਤ

respect (ਰਿ'ਸਪੈਕਟ) *n v* ਸਤਿਕਾਰ, ਮਾਣ, ਆਦਰ, ਇੱਜ਼ਤ, ਲਿਹਾਜ਼; ਸਤਿਕਾਰ ਕਰਨਾ, ਮਾਨਤਾ ਦੇਣੀ, ਸਨਮਾਨ ਕਰਨਾ; **~able** ਪੂਜਣਯੋਗ, ਮਾਣਯੋਗ, ਕੁਲੀਨ, ਸਾਊ, ਆਦਰਯੋਗ, ਮਹੱਤਵਪੂਰਨ; **~ful** ਸਤਿਕਾਰ ਸੂਚਕ, ਆਦਰਯੋਗ; ਆਦਰ ਸੂਚਕ, ਸਨਮਾਨ-ਪੂਰਨ, ਸ਼ਰਧਾਯੁਕਤ

respective (ਰਿ'ਸਪੈੱਕਟਿਵ਼) *a* ਆਪੋ-ਆਪਣਾ, ਅਲੱਗ ਅਲੱਗ, ਪਰਸਪਰ ਸਬੰਧੀ; **~ly** ਤਰਤੀਬਵਾਰ, ਕ੍ਰਮਵਾਰ, ਇਕ ਇਕ ਕਰਕੇ, ਆਪਣੇ ਆਪਣੇ ਢੰਗ ਨਾਲ

respiration ('ਰੈੱਸਪਅ'ਰੇਇਸ਼ਨ) *n* ਸੁਆਸ-ਕਿਰਿਆ, ਸੁਆਸ-ਗਤੀ, ਪ੍ਰਾਣ, ਸੁਆਸ, ਸਾਹ

respirator (ਰਿੱਸਪਅਰੇਇਟਅ*) *n* ਸਵਾਸ-ਜੰਤਰ

respire (ਰਿ'ਸਪਾਇਅ*) *v* ਸੁਆਸ ਲੈਣਾ, ਸਾਹ ਲੈਣਾ, ਆਰਾਮ ਕਰਨਾ, ਦਮ ਲੈਣਾ

respite ('ਰੈੱਸਪਾਇਟ) *n v* ਮੁਹਲਤ, ਦੇਰ, ਵਿਰਾਮ, ਫ਼ੁਰਸਤ, ਢਿੱਲ, ਵਿਸ਼ਰਾਮ, ਨਾਗ਼ਾ; ਮੁਹਲਤ ਦੇਣੀ

respond (ਰਿ'ਸਪੌਂਡ) *n v* ਉੱਤਰ ਦੇਣਾ, ਸਵਾਲ-ਜਵਾਬ ਕਰਨਾ, ਪ੍ਰਸ਼ਨ-ਉੱਤਰ ਕਰਨਾ, ਪ੍ਰਭਾਵਤ ਹੋਣਾ, ਪ੍ਰਤੀਕਿਰਿਆ ਵਿਖਾਉਣੀ, ਅਨੁਕੂਲ ਹੋਣਾ

response (ਰਿ'ਸਪੌਂਸ) *n* ਉੱਤਰ, ਜਵਾਬ, ਪ੍ਰਤੀ-ਕਿਰਿਆ

responsibility (ਰਿ'ਸਪੌਂਸਅ'ਬਿਲਅਟਿ) *n* ਜ਼ੁੰਮੇਵਾਰੀ, ਉੱਤਰਦਾਇਤਾ, ਜਵਾਬਦੇਹੀ; ਬੀੜਾ

responsible (ਰਿ'ਸਪੌਂਸਅਬਲ) *a* ਜ਼ੁੰਮੇਵਾਰ, ਉੱਤਰਦਾਈ, ਜਵਾਬਦੇਹ

rest (ਰੈੱਸਟ) *v n* ਆਰਾਮ ਕਰਨਾ, ਸੁਸਤਾਉਣਾ, ਸ਼ਾਂਤ ਹੋਣਾ, ਟਿਕਣਾ, ਸਹਾਰਾ ਦੇਣਾ; ਬਾਕੀ ਰਹਿਣਾ, ਬਚਣਾ, ਆਰਾਮ, ਸੁਖ; ਚੈਨ, ਵਿਰਾਮ; ਬਾਕੀ ਹਿੱਸਾ, ਅਵਸ਼ੇਸ਼; **~house** ਡਾਕ-ਬੰਗਲਾ, ਵਿਸ਼ਰਾਮ ਘਰ; **~ful** ਸ਼ਾਂਤ; ਨਿਚਲਾ, ਸ਼ਾਂਤੀ ਵਾਲਾ, ਸੁਖਦਾਈ

restaurant (’ਰੈੱਸਟਅਰੌਂਙ) *n* ਰੈਸਟਰਾਂ, ਆਰਾਮ-ਘਰ, ਭੋਜਨਸ਼ਾਲਾ

restitution (’ਰੈੱਸਟਿਯੂਸ਼ਨ) *n* ਵਾਪਸੀ, ਬਹਾਲੀ, ਪੁਨਰ-ਸਥਾਪਨ, ਸ਼ਕਤੀ ਪੂਰਤੀ

restive (’ਰੈੱਸਟਿਵ਼) *a* ਬੇਕਾਬੂ, ਅਸ਼ਾਂਤ, ਅੜੀਅਲ, ਹਠੀ; ਮੂੰਹਜ਼ੋਰ (ਘੋੜਾ); ਚੱਲਣਸ਼ੀਲ; **~ness** ਅਸ਼ਾਂਤੀ, ਵਿਆਕੁਲਤਾ; ਅੜੀਅਲਪਣ, ਹਠ, ਜ਼ਿੱਦ

restoration (’ਰੈੱਸਟਅ’ਰੇਇਸ਼ਨ) *n* ਵਾਪਸੀ, ਪ੍ਰਾਵਰਤਨ, ਬਹਾਲੀ, ਪੁਨਰ-ਸਥਾਪਨ, ਪੁਨਰ-ਉਧਾਰ

restore (ਰਿ’ਸਟੋ*) *v* ਮੋੜ ਦੇਣਾ, ਵਾਪਸ ਕਰਨਾ, ਪੁਨਰ-ਸਥਾਪਤ ਕਰਨਾ, ਬਹਾਲ ਕਰਨਾ, ਸੰਵਾਰਨਾ

restrain (ਰਿ’ਸਟਰੇਇਨ) *v* ਰੋਕਣਾ, ਬੰਦਸ਼ ਲਾਉਣਾ, ਜ਼ਬਤ ਵਿਚ ਰੱਖਣਾ, ਕਾਬੂ ਵਿਚ ਰੱਖਣਾ; **~t** ਦਮਨ, ਸੰਜਮ, ਪ੍ਰਤੀਬੰਧ, ਬੰਦਸ਼, ਪਾਬੰਦੀ, ਅਟਕਾ, ਮਨਾਹੀ, ਕੈਦ

restrict (ਰਿ’ਸਟਰਿਕਟ) *v* ਸੀਮਤ ਕਰਨਾ, ਸੀਮਾਬੱਧ ਕਰਨਾ, ਰੋਕ ਪਾਉਣੀ, ਰੋਕਣਾ, ਪਾਬੰਦੀ ਲਾਉਣੀ; ਪ੍ਰਤੀਬੰਧ ਲਾਉਣਾ; **~ion** ਪਾਬੰਦੀ; ਬੰਧੇਜ; ਬੰਦਸ਼; ਰੁਕਾਵਟ, ਪ੍ਰਤੀਬੰਧਨ; **~ive** ਪ੍ਰਤੀਬੰਧਕ, ਬੰਦਸ਼ੀ; ਬੰਨ੍ਹਵਾਂ, ਅਵਰੋਧਕ

result (ਰਿ’ਜ਼ਅਲਟ) *v n* ਨਤੀਜਾ ਨਿਕਲਣਾ; ਸਿੱਟਾ ਨਿਕਲਣਾ; ਪਰਿਣਾਮ; **~ant** ਸਹਿ-ਉਤਪੰਨ; ਪਰਿਣਾਮੀ, ਪਰਿਣਾਮ

resume (ਰਿ’ਜ਼ਯੂਮ) *v n* ਪੁਨਰ-ਗ੍ਰਹਿਣ ਕਰਨਾ; ਪੁਨਰਧਾਰਨ ਕਰਨਾ, ਮੁੜ ਪ੍ਰਾਪਤ ਕਰਨਾ; ਪੁਨਰ-ਆਰੰਭ ਕਰਨਾ; ਜਾਰੀ ਰੱਖਣਾ; ਸੰਖਿਪਤ ਕਰਨਾ; ਸਾਰ-ਅੰਸ਼

resumption (ਰਿ’ਜ਼ਅੰਮਪਸ਼ਨ) *n* ਪੁਨਰ-ਗ੍ਰਹਿਣ; ਪੁਨਰ-ਅਧਿਕਾਰ, ਦੁਬਾਰਾ ਦਖ਼ਲ, ਪੁਨਰ-ਆਰੰਭ

resurge (ਰਿ’ਸਅ:ਜ) *v* ਫਿਰ ਉੱਠਣਾ; ਦੁਬਾਰਾ ਤਾਕਤ ਫੜਨਾ; **~nce** ਪੁਨਰ-ਉਦਗਮ, ਪੁਨਰ-ਉੱਥਾਨ, ਪੁਨਰ-ਉੱਥਾਨਸ਼ੀਲਤਾ, ਪੁਨਰ-ਜੀਵਨ

resurrect (’ਰੈਂਜ਼ਅ’ਰੈੱਕਟ) *v* ਪੁਨਰ-ਜੀਵਨ ਕਰਨਾ; ਮੁੜ ਚਾਲੂ ਕਰਨਾ; **~ion** (ਹਜ਼ਰਤ ਈਸਾ ਦੇ ਕਬਰ ’ਚੋਂ ਉੱਠਣ ਦੀ ਯਾਦ ਵਿਚ) ਇਕ ਇਸਾਈ ਪੁਰਬ, ਪੁਨਰ-ਉੱਥਾਨ; ਕਿਆਮਤ; ਪੁਨਰ-ਜੀਵਨ, ਪੁਨਰ-ਉਧਾਰ

retail (’ਰੀਟੇਇਲ, ਰੀ’ਟੇਇਲ) *n v* ਪ੍ਰਚੂਨ; ਪ੍ਰਚੂਨ ਵੇਚਣਾ, ਵੇਰਵਾ ਦੇਣਾ; **~er** ਪ੍ਰਚੂਨ ਮਾਲ ਵੇਚਣ ਵਾਲਾ, ਫੁਟਕਲ ਵਿਕਰੇਤਾ

retain (ਰਿ’ਟੇਇਨ) *v* ਰੱਖਣਾ, ਫੜਨਾ, ਧਾਰਨ ਕਰਨਾ, ਰੋਕਣਾ, ਅਟਕਾਉਣਾ; ਕਬਜ਼ਾ ਰੱਖਣਾ, ਨਾ ਛੱਡਣਾ, ਅਧਿਕਾਰ ਵਿਚ ਰੱਖਣਾ

retaliate (ਰਿ’ਟੈਲਿਏਇਟ) *v* ਜਵਾਬ ਦੇਣਾ, ਉਲਟਾ ਦੋਸ਼ ਥੱਪਣਾ, ਕਸਰ ਕੱਢਣੀ

retaliation (ਰਿ’ਟੈਲਿ’ਏਇਸ਼ਨ) *n* ਬਦਲਾ, ਜਵਾਬੀ ਇਲਜ਼ਾਮ; ਜਵਾਬੀ ਮਹਿਸੂਲ

retard (ਰਿ’ਟਾਡ) *n v* ਗਤੀਰੋਧ; ਢਿੱਲਾ ਛੱਡਣਾ, ਢਿੱਲਾ ਕਰਨਾ, ਧੀਮਾ ਕਰਨਾ, ਮੱਠਾ ਕਰਨਾ, ਅਟਕਾਉਣਾ, ਗਤੀ ਰੋਕਣੀ; **~ation, ~ment** ਢਿੱਲ, ਦੇਰੀ; ਅਟਕਾ, ਰੋਕ, ਰੁਕਾਵਟ

retention (ਰਿ’ਟੈਨਸ਼ਨ) *n* ਰੁਕਾਵਟ; ਚੇਤਾ, ਯਾਦ-ਸ਼ਕਤੀ, ਧਾਰਣਾ; ਕੈਦ, ਪਕੜ

retina (’ਰੈਟਿਨਅ) *n* ਅੱਖ ਦਾ ਪਰਦਾ, ਦ੍ਰਿਸ਼ਟੀਪਟ,

ਰੈਟੀਨਾ

retinue ('ਰੈਟਿਨਯੂ) *n* ਨੌਕਰ-ਚਾਕਰ, ਅਮਲਾ-ਫੈਲਾ, ਅਰਦਲੀ ਲੋਕ

retire (ਰਿ'ਟਾਇਅ*) *n* ਪਿੱਛੇ ਹਟਣਾ, ਵਾਪਸ ਹੋਣਾ; ਇਕਾਂਤ ਵਿਚ ਜਾਣਾ, ਪੈਨਸ਼ਨ ਲੈ ਲੈਣਾ, ਸੇਵਾਨਿਵਿਰਤ ਹੋਣਾ; **~ment** ਕਾਰਜ-ਤਿਆਗ, ਪਦ-ਤਿਆਗ, ਸੇਵਾ-ਨਿਵਿਰਤੀ, ਸੰਨਿਆਸ, ਇਕਾਂਤ

retiring (ਰਿ'ਟਾਇਰਿਙ) *a* ਸ਼ਰਮੀਲਾ, ਖ਼ਮੋਸ਼, ਲੱਜਾਸ਼ੀਲ, ਇਕਾਂਤ-ਪਰੇਮੀ, ਸੰਗਾਊ; ਵੈਰਾਗੀ, ਤਿਆਗੀ; **~room** ਵਿਸ਼ਰਾਮ-ਕਮਰਾ, ਆਰਾਮ-ਕਮਰਾ

retort (ਰਿ'ਟੋਟ) *v n* ਤੁਰੰਤ ਉੱਤਰ ਦੇਣਾ, ਮੂੰਹ ਤੋੜ ਜਵਾਬ ਦੇਣਾ, ਬਦਲਾ ਚੁਕਾਉਣਾ, ਪਲਟਾਉਣਾ; ਤੁਰੰਤ ਉੱਤਰ, ਮੂੰਹ-ਤੋੜ ਜਵਾਬ, ਪ੍ਰਤੀਸ਼ੋਧ, ਪ੍ਰਤੀਵਿਧਾਨ

retrace (ਰਿ'ਟਰੇਇਸ) *v* ਆਰੰਭ ਦਾ ਪਤਾ ਲਾਉਣਾ, ਮੂਲ-ਸਰੋਤ ਖੋਜਣਾ; ਢੂੰਡਣਾ, ਤਲਾਸ਼ ਕਰਨੀ, ਸੁਰਾਗ ਲਾਉਣਾ, ਪਰਤਣਾ; ਪਾਣੀ ਫੇਰਨਾ, ਆਪਣੀ ਕਾਰਵਾਈ ਰੱਦ ਕਰਨੀ

retread ('ਰੀਟਰੈਡ) *v* ਟਾਇਰ ਉੱਤੇ ਮੁੜ ਰਬੜ ਚੜ੍ਹਾਉਣਾ; ਫਿਰ ਚੱਲਣਾ

retreat (ਰਿ'ਟਰੀਟ) *v n* ਪਿਛੇ ਹਟਣਾ, ਮੋਰਚਾ ਛੱਡਣਾ, ਪਲਾਇਨ ਕਰਨਾ, ਪਿੱਛੇ ਹਟਾਉਣਾ; ਇਕਾਂਤ ਵਾਸ, ਪਲਾਇਨ

retrench (ਰਿ'ਟਰੈਂਚ) *v* (ਅਮਲਾ) ਛਾਂਟਣਾ, ਛਾਂਟੀ ਕਰਨੀ, ਕਟੌਤੀ ਕਰਨੀ; **~ment** ਛਾਂਟੀ, ਕਮੀ, ਕਟੌਤੀ; ਘੱਟ ਖ਼ਰਚ, ਮੋਰਚਾਬੰਦੀ

retribute ('ਰੈਟੱਰਿਬਯੂਟ) *v* ਪ੍ਰਤੀਦਾਨ ਕਰਨਾ, ਵਾਪਸ ਪਲਟਾ ਦੇਣਾ

retribution ('ਰੈਟੱਰ'ਬਯੂਸ਼ਨ) *n* ਬਦਲਾ, ਪਲਟਾ, ਬੁਰਾਈ ਦਾ ਬਦਲਾ, ਪ੍ਰਤੀਫ਼ਲ

retrieval (ਰਿ'ਟਰੀਵ਼ਲ) *n* ਮੁੜ-ਪ੍ਰਾਪਤੀ, ਦੁਬਾਰਾ ਪ੍ਰਾਪਤੀ, ਪੁਨਰ-ਸਥਾਪਨਾ, ਦੁਬਾਰਾ ਯਾਦ

retrieve (ਰਿ'ਟਰੀਵ਼) *v* ਲੱਭ ਲੈਣਾ; ਕਢਾ ਲੈਣਾ, ਦੁਬਾਰਾ ਪ੍ਰਾਪਤ ਕਰ ਲੈਣਾ; ਯਾਦ ਹੋ ਜਾਣਾ, ਦਿਮਾਗ਼ ਵਿਚ ਬੈਠ ਜਾਣਾ; ਸਪੁਰਦ ਹੋਣਾ

retrograde ('ਰੈਟੱਰਅ(ਉ)ਗਰੇਇਡ) *a v* ਪ੍ਰਤੀਗਾਮੀ, ਪਿਛਾਂਹ-ਖਿਚੂ, ਡਿੱਗਦਾ; ਉਲਟਾ, ਵਿਪਰੀਤ; ਪ੍ਰਤੀਕੂਲ; ਉਲਟਾ ਚੱਲਣਾ, ਪਿੱਛੇ ਹੋਣਾ

retrospect ('ਰੈਟੱਰਅ(ਉ)ਸਪੈੱਕਟ) *n* ਪਰਤਵੀਂ ਨਜ਼ਰ, ਪੂਰਵ, ਦ੍ਰਿਸ਼ਟੀ, ਪੁਰਾਣਾ ਵਿਚਾਰ, ਪ੍ਰਤੀਗਾਮੀ ਦ੍ਰਿਸ਼ਟੀਕੋਣ; **~ion** ਪਿੱਛਲ-ਝਾਤ; **~ive** ਪਿਛਲਾ, ਅਤੀਤ-ਪ੍ਰਭਾਵੀ, ਅਤੀਤ-ਦਰਸ਼ੀ; (ਕਾ) ਪੂਰਵ-ਵਿਆਪੀ

return (ਰਿ'ਟਅ:ਨ) *v n* ਵਾਪਸ ਆਉਣਾ ਜਾਂ ਹੋਣਾ, ਪਰਤਣਾ ਜਾਂ ਪਰਤਾਉਣਾ, ਮੁੜਨਾ ਮੋੜਨਾ, ਮੋੜ ਦੇਣਾ, ਵਾਪਸ ਕਰਨਾ, ਦੇ ਦੇਣਾ, ਚੁਕਾਉਣਾ, ਵਾਪਸੀ, ਆਮਦਨ; ਲਾਭ; ਰਿਪੋਰਟ, ਲੇਖਾ

reveal (ਰਿ'ਵ਼ੀਲ) *v* ਵਿਅਕਤ ਕਰਨਾ, ਪਰਗਟ ਕਰਨਾ, ਪ੍ਰਕਾਸ਼ਤ ਕਰਨਾ, ਖੋਲ੍ਹਣਾ, ਦੱਸਣਾ; ਉਘਾੜਨਾ, ਪੋਲ ਖੋਲ੍ਹਣਾ

revenge (ਰਿ'ਵ਼ੈਂਜ) *v n* ਬਦਲਾ ਲੈਣਾ, ਪ੍ਰਤਿਸ਼ੋਧ ਕਰਨਾ; ਪ੍ਰਤਿਸ਼ੋਧ, ਬਦਲਾ

revenue (ਰੈਵ਼ੱਅਨਯੂ) *n* ਲਗਾਨ, ਮਾਲ-ਗੁਜ਼ਾਰੀ, ਲਾਭ, ਕਰ, ਸਰਕਾਰੀ ਆਮਦਨ

reverberation (ਰਿ'ਵ਼ਅ:ਬਅ'ਰੇਇਸ਼ਨ) *n* ਗੂੰਜ, ਪ੍ਰਤੀਧੁਨੀ, ਪ੍ਰਤੀਕਿਰਿਆ, ਪ੍ਰਾਵਰਤਨ

revere ('ਰਿਵ਼ਿਅ*) *v* ਸਤਿਕਾਰਨਾ, ਸਨਮਾਨਣਾ, ਆਦਰ ਕਰਨਾ, ਇੱਜ਼ਤ ਕਰਨੀ, ਅਦਬ ਕਰਨਾ;

~d ਪੂਜਣਯੋਗ, ਸਤਿਕਾਰਯੋਗ, ਆਦਰਯੋਗ, ਸਨਮਾਨ-ਯੋਗ; ~nce ਸਨਮਾਨ, ਸਤਿਕਾਰ, ਆਦਰ, ਇੱਜ਼ਤ, ਅਦਬ, ਪੂਜਾ-ਭਾਵ, ਸ਼ਰਧਾ; ਆਦਰ ਕਨਾ, ਸਨਮਾਨ ਕਰਨਾ; ~nd ਪਾਦਰੀ; ਸਨਮਾਨਯੋਗ, ਸਤਿਕਾਰਯੋਗ, ਪੂਜਨੀਕ, ਆਦਰਯੋਗ; ~nt ਸਨਮਾਨਕਾਰੀ, ਆਦਰਭਾਵੀ, ਸ਼ਰਧਾਲੂ, ਸ਼ਰਧਾਪੂਰਨ

reversal (ਰਿ'ਵ੍ਹਅ:ਸਲ) *n* ਉਲਟ-ਪੁਲਟ; ਮਨਸੂਖ਼ੀ; ਪਰਾਵਰਤਨ, ਵਿਪਰੀਤਤਾ

reverse (ਰਿ'ਵ੍ਹਅ:ਸ) *a v n* (ਲਹਿਰਾਂ) ਪ੍ਰਤੀਵਰਤੀ, ਉਲਟੀ; ਪੁੱਠੀ, ਮੂਧੀ; ਵਿਪਰੀਤ, ਪ੍ਰਤੀਕੂਲ; ਉਲਟਾਉਣਾ ਜਾਂ ਉਲਟਣਾ; ਪ੍ਰਤੀਕੂਲਤਾ, ਵਿਪਰੀਤਤਾ, ਵਿਪੱਖ,. ਪ੍ਰਤੀਪੱਖ

reversible (ਰਿ'ਵ੍ਹਅ:ਸਅਬਲ) *a* ਉਲਟਣਯੋਗ, ਉਲਟਵਾਂ, ਮੁੜਵਾਂ, ਪਰਿਵਰਤਨੀ

reversion (ਰਿ'ਵ੍ਹਅ:ਸ਼ਨ) *n* ਵਾਪਸੀ, ਪਰਤਾਉ, ਉਤਰਾਧਿਕਾਰ (ਜਾਇਦਾਦ ਦਾ)

revert (ਰਿ'ਵ੍ਹਅ:ਟ) *v* ਪਰਤਣਾ, ਪਿੱਛੇ ਕਰਨਾ ਜਾਂ ਹੋਣਾ, ਵਾਪਸ ਲਿਆਉਣਾ. ਪਹਿਲੀ ਹਾਲਤ ਵਿਚ ਪਹੁੰਚਣਾ

review (ਰਿ'ਵਯੂ) *n v* ਆਲੋਚਨਾ, ਸਮੀਖਿਆ, ਪੁਸਤਕ ਪੜਚੋਲ, ਪੁਨਰ-ਨਿਰੀਖਣ, ਪੁਨਰ-ਅਵਲੋਕਨ; ਆਲੋਚਨਾ ਕਰਨੀ; ~er ਸਮੀਖਿਅਕ, ਸਮਾਲੋਚਕ, ਆਲੋਚਕ

revile (ਰਿ'ਵ੍ਹਾਇਲ) *v* ਬੁਰਾ-ਭਲਾ ਕਹਿਣਾ, ਨਿੰਦਾ ਕਰਨੀ, ਸਖ਼ਤ ਸ਼ਬਦ ਬੋਲਣਾ

revise (ਰਿ'ਵ੍ਹਾਇਜ਼) *v n* ਦੁਹਰਾਉਣਾ, ਸੁਧਾਰਨਾ; ਦੁਬਾਰਾ ਜਾਂਚਣਾ, (ਕਾ) ਨਿਗਰਾਨੀ ਕਰਨੀ

revision (ਰਿ'ਵਿਯ਼ਨ) *n* ਦੁਬਾਰਾ ਪਰੀਖਿਆ, ਸੰਸ਼ੋਧਨ, ਪੁਨਰ-ਨਿਰੀਖਣ

revival (ਰਿ'ਵ੍ਹਾਇਵ੍ਹਲ) *n* ਪੁਨਰ-ਉੱਥਾਨ, ਪੁਨਰ-ਜੀਵਨ, ਪੁਨਰ-ਉੱਧਾਰ, ਪੁਨਰ-ਪ੍ਰਚਲਨ; ਜਾਗਰਤੀ, ਜਾਗਰਣ; ~ism ਧਾਰਮਕ, ਪੁਨਰ-ਜਾਗਰਣਵਾਦ

revive (ਰਿ'ਵ੍ਹਾਇਵ੍ਹ) *v* ਜਿਵਾਉਣਾ, ਜੀ ਉੱਠਣਾ; ਫਿਰ ਹੋਸ਼ ਵਿਚ ਲਿਆਉਣਾ, ਮੁੜ ਚਾਲੂ ਕਰਨਾ, ਪ੍ਰਚਲਤ ਹੋਣਾ, ਰਿਵਾਜ ਵਿਚ ਆਉਣਾ

revocation ('ਰੈੱਵ੍ਹਅ'ਕੇਇਸ਼ਨ) *n* ਖੰਡਨ, ਪ੍ਰਤਾਈ, ਮਨਸੂਖ਼ੀ

revoke (ਰਿ'ਵ੍ਹਅਉਕ) *v* ਖੰਡਨ ਕਰਨਾ, ਰੱਦ ਕਰਨਾ, ਮਨਸੂਖ਼ ਕਰਨਾ, ਹਟਾਉਣਾ

revolt (ਰਿ'ਵ੍ਹਅਉਲਟ) *v n* ਰਾਜ-ਧਰੋਹ ਕਰਨਾ, ਬਗ਼ਾਵਤ ਕਰਨੀ, ਬਾਗ਼ੀ ਹੋਣਾ, ਗ਼ਦਰ ਮਚਾਉਣਾ, ਵਿਦਰੋਹ ਕਰਨਾ, ਆਕੀ ਹੋ ਜਾਣਾ; ਗ਼ਦਰ, ਬਗ਼ਾਵਤ, ਰਾਜ-ਧਰੋਹ

revolution ('ਰੈੱਵ੍ਹਅ'ਲੂਸ਼ਨ) *n* ਇਨਕਲਾਬ, ਅੰਦੋਲਨ, ਕਰਾਂਤੀ; ਰਾਜ-ਰੌਲਾ, ਰਾਜ-ਗ਼ਰਦੀ; ~ary ਕਰਾਂਤੀਕਾਰੀ, ਇਨਕਲਾਬੀ, ਰਾਜ-ਪਰਿਵਰਤਨ ਸਬੰਧੀ

revolve (ਰਿ'ਵ੍ਹੌਲਵ੍ਹ) *v* ਚੱਕਰ ਖਾਣਾ, ਘੁੰਮਣਾ ਜਾਂ ਘੁਮਾਉਣਾ, ਫੇਰਨਾ ਜਾਂ ਫਿਰਨਾ, ਗੇੜਨਾ ਜਾਂ ਗਿੜਨਾ

reward (ਰਿ'ਵੋਡ) *n v* ਇਨਾਮ, ਪੁਰਸਕਾਰ; ਫਲ ਦੇਣਾ, ਇਨਾਮ ਦੇਣਾ

rhetoric ('ਰੀਟਅ*ਇਕ) *n* ਅਲੰਕਾਰ-ਵਿੱਦਿਆ, ਪ੍ਰਭਾਵਸ਼ਾਲੀ ਲਿਖਤ ਜਾਂ ਬੋਲ, ਆਕਰਸ਼ਕ ਭਾਸ਼ਣ, ਪ੍ਰਭਾਵਸ਼ਾਲੀ ਭਾਸ਼ਣ, ਅਲੰਕਾਰ-ਸ਼ਾਸਤਰ; ~ical ਅਲੰਕਰਤ, ਪ੍ਰਭਾਵਸ਼ਾਲੀ; ~ician ਅਲੰਕਾਰ-ਸ਼ਾਸਤਰੀ, ਭਾਸ਼ਣਕਾਰ

rheumatic (ਰੁਮੈਟਿਕ) *n* ਸਰੀਰ ਤੋਂ ਤਰਲ ਪਦਾਰਥਾਂ ਦਾ ਨਿਕਾਸ, ਹੰਝੂ, ਥੁੱਕ, ਕਫ, ਨਜ਼ਲਾ; ਜੋੜਾਂ ਜਾਂ ਗੰਠੀਏ ਦਾ ਦਰਦ; ਗੰਠੀਆ, ਵਾਈ,

ਜੋੜਾਂ ਦੇ ਦਰਦ ਦਾ ਰੋਗ

rhinoceros (ਰਾਇ'ਨੌਸ(ਅ)ਰਅਸ) *n* ਗੈਂਡਾ

rhyme, rime (ਰਾਇਮ) *n v* ਕਾਫ਼ੀਆ, ਅੰਤ ਅਨੁਪ੍ਰਾਸ, ਤੁਕਬੰਦੀ; ਤੁਕਾਂਤ ਮਿਲਾਉਣਾ, ਕਵਿਤਾ ਲਿਖਣੀ

rhythm ('ਰਿਦ(ਅ)ਮ) *n* (ਕਵਿਤਾ ਵਿਚ) ਪਰਵਾਹ, ਰਵਾਨੀ, ਲੈਅ; ਸੁਰਾਂ ਦੀ ਇਕਸਾਰਤਾ

rib (ਰਿਬ) *n v* (1) ਪਸਲੀ; (2) ਪਤਨੀ, ਘਰ ਵਾਲੀ, (3) ਖੰਭ ਦੀ ਡੰਡੀ; (4) (ਸਿਆੜ ਜਾਂ ਨਾਲੀ ਦੀ) ਵੱਟ; (5) (ਖਾਣ ਵਿਚ) ਧਾਤ ਦੀ ਤਹਿ; (6) (ਪਹਾੜ ਦਾ) ਅਗਾਂਹ ਵਧਿਆ ਹਿੱਸਾ; (7) ਰੇਤ ਉੱਤੇ ਲਹਿਰਾਂ ਦੇ ਚਿੰਨ੍ਹ; (8) (ਗੁੰਬਦ ਦੀ) ਡਾਟ; (9) ਪੁਲ ਦੇ ਗਾਰਡਰ, ਛਤਰੀ ਦੀ ਕਮਾਨੀ; ਪਸਲੀ ਚੜ੍ਹਾਉਣਾ, ਪਸਲੀਆਂ ਜੋੜਨਾ; ਡਾਟ ਲਗਾਉਣਾ, ਉੱਭਰੀਆਂ ਰੇਖਾਵਾਂ ਉੱਤੇ ਨਿਸ਼ਾਨ ਲਾਉਣੇ

ribbon, riband ('ਰਿਬਅਨ, 'ਰਿਬਅਨਡ) *n* ਰਿਬਨ, ਫ਼ੀਤਾ; ਕੋਰ

rice (ਰਾਇਸ) *n* ਚੌਲ, ਜੀਰੀ, ਧਾਨ; **~paper** ਬਹੁਤ ਪਤਲਾ ਕਾਗ਼ਜ਼

rich (ਰਿਚ) *a* ਧਨਵਾਨ, ਧਨਾਡ, ਅਮੀਰ, ਦੌਲਤਮੰਦ, ਰੱਜਿਆ-ਪੁੱਜਿਆ; **~ly** ਪੂਰੀ ਤਰ੍ਹਾਂ, ਚੰਗੀ ਤਰ੍ਹਾਂ, ਭਰਪੂਰ, ਅਮੀਰੀ ਨਾਲ

rid (ਰਿਡ) *v* ਛੁਟਕਾਰਾ ਦੇਣਾ, ਮੁਕਤ ਕਰਨਾ, ਖ਼ਲਾਸੀ ਕਰਨੀ, (ਕਿਸੇ ਥਾਂ ਨੂੰ) ਛੱਡ ਦੇਣਾ, ਨਸ਼ਟ ਕਰਨਾ, ਨਾਸ ਕਰਨਾ, ਦੂਰ ਕਰਨਾ; **~dance** ਛੁਟਕਾਰਾ, ਖ਼ਲਾਸੀ, ਮੁਕਤੀ, ਰਿਹਾਈ, ਨਜਾਤ

riddle ('ਰਿਡਲ) *n v* ਮੋਟੀ ਛਾਨਣੀ, ਛਾਨਣਾ; ਬੁਝਾਰਤ, ਗੁੰਝਲ, ਗੁੰਝਲਦਾਰ ਗੱਲ; ਬੁਝਾਰਤਾਂ ਪਾਉਣੀਆਂ, ਬੁਝਾਰਤ ਬੁੱਝਣੀ

ride (ਰਾਇਡ) *v n* ਸਵਾਰੀ ਕਰਨੀ; **~r** ਸਵਾਰ; ਘੋੜ-ਚੜ੍ਹਿਆ

ridge (ਰਿਜ) *n v* ਪਹਾੜੀ; ਛੱਤ; ਉਭਰੀ ਰੇਖਾ; ਚੋਟੀ

ridicule ('ਰਿਡਿਕਯੂਲ) *v* ਟਿਚਕਰ ਕਰਨੀ, ਖਿੱਲੀ ਉਡਾਉਣੀ, ਮਜ਼ਾਕ ਬਣਾਉਣਾ

riding ('ਰਾਇਡਿਙ) *n* ਸਵਾਰੀ; ਘੋੜੇ ਦੀ ਸਵਾਰੀ

rifle ('ਰਾਇਫ਼ਲ) *n v* ਬੰਦੂਕ ਦੀ ਨਾਲੀ; ਬੰਦੂਕ ਚਲਾਉਣਾ

rift (ਰਿਫ਼ਟ) *n* ਦਰਾੜ, ਕਾਟ; ਫੁੱਟ, ਅਣਬਣ

rig (ਰਿਗ) *n v* ਛਲ, ਧੋਖਾ, ਕਪਟ; ਛਲ ਕਰਨਾ, ਹੇਰਾ ਫੇਰੀ ਕਰਨਾ; ਸਜਾਉਣਾ; ਪੁਸ਼ਾਕ ਪਵਾਉਣੀ; ਕੰਮ ਚਲਾਊ ਪ੍ਰਬੰਧ ਕਰਨਾ

right (ਰਾਇਟ) *a n v adv* ਠੀਕ, ਸੱਚਾ; ਸਹੀ; ਸਿੱਧਾ; ਸਮਕੋਣੀ, ਮੁਨਾਸਬ; ਯੋਗ, ਉਚਿਤ; **~angle** ਖੜ੍ਹਾ ਕੋਣ, 90 ਡਿਗਰੀ ਦਾ ਕੋਣ; **~minded** ਸਾਫ਼-ਦਿਲ, ਸੱਚਾ, ਨੇਕ, ਚੰਗਾ; **~eous** ਨੇਕ, ਨਿਆਂਕਾਰੀ, ਨਿਆਂਈਂ, ਸੱਚਾ, ਭੱਦਰ, ਈਮਾਨਦਾਰ, ਧਰਮਾਤਮਾ, ਸਤਵਾਦੀ; **~ful** ਜਾਇਜ਼, ਠੀਕ, ਉਚਿਤ, ਨਿਆਂ-ਪੂਰਵਕ, ਨਿਆਂਯੁਕਤ, ਅਧਿਕਾਰੀ, ਅਧਿਕਾਰ-ਪੂਰਨ, ਵਿਸ਼ਿਸ਼ਟ; **~ist** ਸੱਜੇ ਪੱਖੀ, ਸੱਜੂ; **~ly** ਮੁਨਾਸਬ ਢੰਗ ਨਾਲ, ਜਾਇਜ਼ ਤਰੀਕੇ ਨਾਲ, ਠੀਕ ਤਰ੍ਹਾਂ

rigid ('ਰਿਜਿਡ) *a* ਕਰੜਾ, ਸਖ਼ਤ, ਦ੍ਰਿੜ੍ਹ, ਕੱਟੜ; **~ity** ਕਠੋਰਤਾ, ਦ੍ਰਿੜ੍ਹਤਾ, ਕਰੜਾਪਣ, ਕੱਟੜਤਾ

rigorous ('ਰਿਗਅਰਅਸ) *a* ਕਰੜਾ, ਸਖ਼ਤ, ਕਠੋਰ, ਨਿਰਦਈ, ਦੁਖਦਾਈ, ਬੇਰਹਿਮ

rigour ('ਰਿਗਅ*) *n* ਸਖ਼ਤੀ, ਕਰੜਾਈ, ਕਠੋਰਤਾ, ਨਿਰਦਇਤਾ

ring (ਰਿਙ) *n v* (1) ਛੱਲਾ, ਮੁੰਦਰੀ; ਵਾਲੀ; (2) ਚੱਕਰ, ਘੇਰਾ, ਫਿਰਨੀ; ਗੋਲ; (3) ਅਖਾੜਾ, ਛਣਕ, ਟਣਕਾਰ, ਗੁੰਜਾਰ; ਵੱਜਣਾ, ਵਜਾਉਣਾ,

ਛਣਕਣਾ, ਛਣਕਾਉਣਾ, ਟਣਕਾਉਣਾ; ਟੱਲੀ ਵਜਾਇਣੀ; ਟੇਲੀਫੋਨ ਰਾਹੀਂ ਬੁਲਾਉਣਾ; ~leader ਵਿਦਰੋਹੀਆਂ ਦਾ ਸਰਦਾਰ; ਦਾਦਾ, ਸਰਗਨਾ; ~worm ਦੱਦ, ਧੱਦਰ ਦੀ ਬੀਮਾਰੀ

rinse (ਰਿੰਸ) *v* ਹੰਘਾਲਣਾ, ਨਚੋੜਨਾ; ਕੁਰਲੀ ਕਰਨੀ, ਚੁਲੀ ਕਰਨੀ

riot ('ਰਾਇਅਟ) *n v* ਦੰਗਾ, ਫ਼ਸਾਦ, ਬਲਵਾ; ਹੁੱਲੜ; ਦੰਗਾ-ਫ਼ਸਾਦ ਕਰਨਾ

rip (ਰਿਪ) *v n* ਪਾੜਨਾ ਜਾਂ ਪਾਟਣਾ, ਚੀਰਨਾ ਜਾਂ ਚਿਰਨਾ, ਉਧੇੜਨਾ ਜਾਂ ਉੱਧੜਨਾ; ਚੀਰਨ, ਪਾੜਨ; ਚੀਰ, ਵੱਢ; ਨਿਕੰਮਾ ਟੱਟੂ, ਕਾਮੀ, ਆਦਮੀ, ਬਦਚਲਨ ਬੰਦਾ; ~per ਇਕ ਆਰਾ, ਚੀਰਨ ਵਾਲਾ, ਪਾੜਨ ਵਾਲਾ

ripe (ਰਾਇਪ) *a* ਪੱਕ, ਤਿਆਰ, ਰਸਿਆ, ਹੰਢਿਆ; ~n ਪੱਕਣਾ, ਰਸਣਾ; ਸੂਝਵਾਨ ਬਣਨਾ, ਅਨੁਭਵ ਵਧਣਾ

ripple ('ਰਿਪਲ) *n v* ਛੋਟੀ ਲਹਿਰ, ਲਹਿਰਦਾਰ ਅਵਾਜ਼; ਲਹਿਰਨਾ, ਲਹਿਰਾਂ ਉਠਣੀਆਂ, ਛਲਕਣਾ

rise (ਰਾਇਜ਼) *v n* ਉੱਠਣਾ, ਉੱਠ ਬੈਠਣਾ, ਉੱਠ ਖਲੋਣਾ, ਜਾਗਣਾ; (ਸੂਰਜ, ਚੰਦ ਦਾ) ਚੜ੍ਹਨਾ, ਨਿਕਲਣਾ; ਜਿਉ ਉੱਠਣਾ, ਜੀ ਪੈਣਾ; ਵਿਦਰੋਹ ਕਰਨਾ; ਉਦੈ; ਚੜ੍ਹਾਈ; ਉਭਾਰ; ਪਹਾੜੀ, ਟਿੱਲਾ; ਉੱਨਤੀ, ਵਾਧਾ, ਮੂਲ ਸਰੋਤ

rising ('ਰਾਇਜ਼ਿਙ) *n* ਵਿਦਰੋਹ, ਉੱਨਤੀ, ਵਿਕਾਸ; ਉਦੈ, ਨਿਕਾਸ

risk (ਰਿਸਕ) *n* ਖ਼ਤਰਾ, ਸੰਕਟ, ਬਿਪਤਾ, ਆਫ਼ਤ; ~y ਖ਼ਤਰੇ ਵਾਲਾ, ਸੰਕਟਮਈ, ਇਤਰਾਜ਼ਯੋਗ

rite (ਰਾਇਟ) *n* ਰਸਮ, ਰੀਤ, ਸੰਸਕਾਰ, ਧਾਰਮਕ ਮਰਯਾਦਾ, ਕਰਮ ਕਾਂਡ

ritual ('ਰਿਚੁਅਲ) *a n* ਰਸਮੀ, ਰਿਵਾਜੀ, ਸੰਸਕਾਰਕ; ਧਾਰਮਕ ਰੀਤਾਂ

rival ('ਰਾਇਵ੍ਲ) *n v* ਸ਼ਰੀਕ; ਵਿਰੋਧੀ, ਰਕੀਬ, ਪ੍ਰਤੀਪੱਖੀ; ਵਿਰੋਧ ਕਰਨਾ, ਟਾਕਰਾ ਕਰਨਾ, ਲਾਗ-ਡਾਟ ਕਰਨੀ; ਬਰਾਬਰੀ ਕਰਨੀ; ~ry ਸ਼ਰੀਕਾ, ਵਿਰੋਧ; ਬਰਾਬਰੀ, ਰੀਸ, ਟਾਕਰਾ

rive ('ਰਾਇਵ੍) *v* ਚੀਰਨਾ ਜਾਂ ਚਿਰਨਾ, ਪਾੜਨਾ ਜਾਂ ਪਾਟਣਾ

river ('ਰਿਵ੍ਅ*) *n* ਦਰਿਆ, ਨਦੀ; ~ain, ~ine ਦਰਿਆ ਦਾ, ਦਰਿਆਈ

rivulet ('ਰਿਵ੍ਯੁਲਿਟ) *n* ਛੋਟਾ ਦਰਿਆ, ਨਦੀ, ਨਾਲਾ

road ('ਰਅਉਡ) *n* ਸੜਕ, ਮਾਰਗ, ਰਾਹ, ਰਸਤਾ

roam (ਰਅਉਮ) *v* ਟੁਰਨਾ-ਫਿਰਨਾ, ਸੈਰ-ਸਪਾਟਾ ਕਰਨਾ, ਘੁਮੰਣਾ-ਘੁਮਾਉਣਾ, ਅਵਾਰਾ ਫਿਰਨਾ, ਬਿਨਾ ਕੰਮ ਘੁੰਮਣਾ

roar (ਰੋ*) *n v* ਭਬਕ (ਸ਼ੇਰ ਦੀ); ਚਿੰਘਾੜ, ਦਹਾੜ; ਗੱਜਣਾ, ਬੜ੍ਹਕਣਾ

roast (ਰਅਉਸਟ) *v n* ਭੁੰਨਣਾ ਜਾਂ ਭੁੱਜਣਾ, ਸੇਕਣਾ ਜਾਂ ਸਿਕਣਾ, ਰਾੜ੍ਹਨਾ ਜਾਂ ਰੜ੍ਹਨਾ; (ਧਾਤ ਨੂੰ) ਤਪਾਉਣਾ; ਭੁੰਨਵਾਂ ਮਾਸ, ਕਬਾਬ

rob (ਰੌਬ) *v* ਲੁੱਟਣਾ, ਡਾਕਾ ਮਾਰਨਾ, ਖੋਹ ਲੈਣਾ; ~ber ਲੁਟੇਰਾ, ਡਾਕੂ, ਡਕੈਤ, ਰਾਹਜ਼ਨ; ~bery ਡਾਕਾ, ਧਾੜ, ਲੁੱਟ-ਮਾਰ

robe (ਰਅਉਬ) *n v* ਪੁਸ਼ਾਕ, ਚੋਗਾ, ਵਸਤਰ, ਉੱਪਰਲਾ ਕੋਟ, ਵੱਡਾ ਕੋਟ; ਪੁਸ਼ਾਕ ਪਹਿਨਣਾ

robust (ਰਅ(ਉ)'ਬਅੱਸਟ) *a* ਤਕੜਾ, ਮਜ਼ਬੂਤ, ਹੱਟਾ-ਕੱਟਾ, ਰਿਸ਼ਟਪੁਸ਼ਟ

rock (ਰੌਕ) *n v* ਚਟਾਨ; ਪਹਾੜੀ, ਪੱਥਰ; ਸ਼ਕਤੀ, ਬਲ; ਆਸਰਾ; ਝੂਲਣਾ, ਝੂਮਣਾ, ਹਲੂਣਾ, ਝੂਟਾ ਦੇਣਾ; ~er ਪੰਘੂੜਾ; ਝੂਲਣ ਜਾਂ ਝੁਲਾਉਣ ਵਾਲਾ

rod (ਰੌਡ) *n* ਸੀਖ, ਡੰਡਾ, ਛੜੀ, ਬੈਂਤ, ਸੋਟਾ

rodent (ਰਅਉਡਅੰਟ) *a n* ਕੁਤਰਨ ਵਾਲਾ ਜੀਵ (ਜਿਵੇਂ ਚੂਹਾ ਆਦਿ)

rogue (ਰਅਉਗ) *n* (ਪ੍ਰਾ) ਬਦਮਾਸ਼, ਗੁੰਡਾ, ਲੁੱਚਾ, ਮਸਤ (ਹਾਥੀ)

role (ਰਅਉਲ) *n* ਫ਼ਰਜ਼, ਜ਼ੁੰਮੇਵਾਰੀ, (ਐਕਟਰ ਦਾ) ਪਾਰਟ, ਭੂਮਕਾ

roll (ਰਅਉਲ) *n v* ਸੂਚੀ, ਫਹਿਰਿਸਤ, ਨਾਮਾਵਲੀ, ਹਾਜ਼ਰੀ ਦਾ ਰਜਿਸਟਰ; ਰੇੜ੍ਹਨਾ; ਵਲ੍ਹੇਟਣਾ ਜਾਂ ਵਲ੍ਹੇਟੇ ਜਾਣਾ; ਘੁਮਾਉਣਾ ਜਾਂ ਘੁੰਮਣਾ, ਫੇਰਨਾ ਜਾਂ ਫਿਰਨਾ; ਲੇਟਣਾ; ਝਮਣਾ, ਝਲਣਾ, ਝੁਲਾਉਣਾ; **~call** ਹਾਜ਼ਰੀ; **~er** (ਲੱਕੜੀ ਜਾਂ ਧਾਤ ਦਾ) ਵੇਲਣ, ਵੇਲਣਾ, ਰੋਲਰ; ਰਿੜ੍ਹਨ ਜਾ ਰੇੜ੍ਹਨ ਵਾਲਾ

Roman ('ਰਅਉਮਅਨ) *a n* ਰੋਮ ਦਾ, ਰੋਮ-ਸਬੰਧੀ, ਰੋਮ ਬਾਰੇ; ਰੋਮ-ਨਿਵਾਸੀ

romance, Romance (ਰਅ(ਉ)'ਮੈਂਸ) *n v* ਰੋਮਾਂਚਕ ਕਹਾਣੀ, ਪਿਆਰ, ਇਸ਼ਕ; ਮੱਧ-ਕਾਲ ਦੀ ਵੀਰ ਕਥਾ, ਸਰਲ ਗੀਤ, ਛੋਟਾ ਗੀਤ; ਰੋਮਾਂਸ

romantic (ਰਅ(ਉ)'ਮੈਂਟਿਕ) *a* ਰੋਮਾਂਚਕ; ਰੋਮਾਂਸ ਵਾਲਾ, ਕਲਪਤ, ਭਾਵੁਕ, ਕਲਪਨਾ ਪ੍ਰਧਾਨ; ਚਿੱਤਰਮਈ, ਰੋਮਾਂਸਵਾਦੀ; **~ism** ਰੋਮਾਂਸਵਾਦ; ਰੋਮਾਂਸਕਤਾ, ਭਾਵਪ੍ਰਧਾਨਤਾ

roof (ਰੂਫ਼) *n v* ਛੱਤ, ਛੱਪਰ, ਅਸਮਾਨ; ਘਰ, ਟਿਕਾਣਾ

room (ਰੂਮ) *n* ਕਮਰਾ, ਕੋਠਾ, ਥਾਂ, ਜਗ੍ਹਾ, ਸਥਾਨ, ਸਮਾਈ, ਗੁੰਜਾਇਸ਼, ਮੌਕਾ

root (ਰੂਟ) *n v* ਜੜ੍ਹ, ਧਾਤੂ, ਮੂਲ, ਨੀਂਹ, ਆਧਾਰ, ਬੁਨਿਆਦ; ਦ੍ਰਿੜ੍ਹ ਕਰਨਾ, ਪੱਕਾ ਕਰਨਾ, ਜੜ੍ਹ ਲਾਉਣੀ; (ਕਿਸੇ ਨੂੰ) ਹੱਲਾਸ਼ੇਰੀ ਦੇਣੀ, ਵਾਹਵਾ ਕਰਨੀ, ਸ਼ਾਬਾਸ਼ ਕਹਿਣੀ

rope (ਰਅਉਪ) *n v* ਰੱਸੀ, ਕਮੰਦ; ਲੜੀ; ਰੱਸਾ ਵੱਟਣਾ; (ਪਹਾੜਾਂ ਦੀ ਚੜ੍ਹਾਈ ਵਿਚ) ਰੱਸੀ ਨਾਲ ਬੰਨ੍ਹਣਾ; **~dancer** ਰੱਸੇ ਤੇ ਨੱਚਣ ਵਾਲਾ, ਨਟ

rosary ('ਰਅਉਜ਼ਅਰਿ) *n* ਮਾਲਾ, ਤਸਬੀ, ਸਿਮਰਨੀ, ਗੁਲਾਬ ਦਾ ਬਗ਼ੀਚਾ

rose (ਰਅਉਜ਼) *n* ਗੁਲਾਬ; ਗੁਲਾਲ, ਗੁਲਾਬੀ ਰੰਗ; **~bud** ਗੁਲਾਬ ਦੀ ਕਲੀ; ਸੁੰਦਰ ਮੁਟਿਆਰ; **~colour** ਗੁਲਾਬੀ ਰੰਗ; **~water** ਗੁਲਾਬ ਦਾ ਅਰਕ

roset ('ਰਅਉਜ਼ੈੱਟ) *n* ਲਾਲ ਰੰਗ

rosette (ਰਅ(ਉ)'ਜ਼ੈੱਟ) *n* ਬਣਾਉਟੀ ਫੁੱਲ

roster ('ਰੌਸਟਅ*) *n* ਕਾਰਜ-ਸੂਚੀ, ਸਮਾਂ-ਸਾਰਨੀ

rostrum ('ਰੌਸਟਰਅਮ) *n* ਸਭਾ-ਮੰਚ; ਡਾਇਸ; (ਪੰਛੀਆਂ ਦੀ) ਚੁੰਝ

rosy ('ਰਅਉਜ਼ਿ) *a* ਗੁਲਾਬੀ, ਗੁਲਾਬੀ ਰੰਗ ਦਾ, ਆਸ਼ਾਜਨਕ

rot (ਰੌਟ) *v n* ਗਲਣਾ ਜਾਂ ਗਾਲਣਾ, ਗਲ-ਸੜ ਜਾਣਾ, ਬੁੱਸਣਾ, ਸੜਾਂਦ ਮਾਰਨੀ, (ਕੈਦ ਵਿਚ) ਸੜਨਾ; ਨਿਰਰਥਕ ਗੱਲ, ਫ਼ਜ਼ੂਲ ਬਕਵਾਸ; ਯੱਕੜ

rotate (ਰਅ(ਉ)'ਟੇਇਟ) *v* ਆਪਣੇ ਧੁਰੇ ਦੇ ਦੁਆਲੇ ਘੁੰਮਣਾ; ਗਿੜਨਾ ਜਾਂ ਗੇੜਨਾ; ਵਾਰੀ ਬੰਨ੍ਹਣੀ, ਵਾਰੀ ਅਨੁਸਾਰ ਹੋਣਾ

rotation (ਰਅ(ਉ)'ਟੇਇਸ਼ਨ) *n* ਗੇੜਾ, ਗੇੜ, ਚੱਕਰ, ਵਾਰੀ

rote (ਰਅਉਟ) *n* ਰੱਟਾ, ਘੋਟਾ

rotten ('ਰੌਟਨ) *a* ਬੁੱਸਿਆ, ਸੜਾਂਦ ਮਾਰਦਾ, ਗਲਿਆ-ਸੜਿਆ, ਨਿਕੰਮਾ, ਰੱਦੀ, (ਹਾਲਤ) ਵਿਗੜੀ ਹੋਈ, ਭੈੜੀ; ਨਾਕਸ, ਖ਼ਰਾਬ; ਗੰਦਾ

rough (ਰਅੱਫ਼) *a n v* ਖਰ੍ਹਵਾ; ਅਲੱਪਧਰਾ; ਉੱਚਾ-ਨੀਵਾਂ; ਕੋੜਾ; ਅਣਘੜਤ; ਕਰਖ਼ਤ; ਮੋਟਾ;

ਅਣਸਵਰਿਆ; ਕੱਚਾ-ਪੱਕਾ; ਖਿੱਚਣਾ; ਮੋਟੀ ਰੂਪ-ਰੇਖਾ ਬਣਾਉਣੀ

round (ਰਾਉਂਡ) *a n prep v* ਗੋਲ, ਗੋਲ ਆਕਾਰ, ਚੱਕਰ ਵਾਲੀ ਵਸਤੂ, ਗੋਲ ਪਦਾਰਥ; ਮੂੰਹਫਟ, ਬੜਬੋਲਾ, ਤਕਰੀਬਨ, ਲਗਭਗ; ਚੱਕਰ, ਦਾਇਰਾ, ਘੇਰਾ; ਘੇਰਨਾ, ਵਲਗਣਾ; **~about** ਕਰੀਬ-ਕਰੀਬ, ਨੇੜੇ-ਨੇੜੇ, ਲਾਗੇ-ਚਾਗੇ; **~ly** ਪੂਰੀ ਤਰ੍ਹਾਂ, ਚੰਗੀ ਤਰ੍ਹਾਂ, ਸਾਫ਼ ਸ਼ਬਦਾਂ ਵਿਚ, ਗੋਲਾਈ ਵਿਚ; ਘੇਰਾ ਬਣਾ ਕੇ

rousing ('ਰਾਉਜ਼ਿਙ) *a* ਤੇਜ਼, ਤਿੱਖਾ; ਗਰਮ; ਸ਼ਾਨਦਾਰ; ਉਤੇਜਕ

roust (ਰਾਉਸਟ) *v n* ਹਟਾਉਣਾ, ਕੱਢਣਾ

rout (ਰਾਉਟ) *n v* ਪੂਰੀ ਹਾਰ; (ਕਾ) ਫ਼ਸਾਦ; ਦੰਗਾ; ਜੜ੍ਹ, ਮੂਲ; ਬੁਰੀ ਤਰ੍ਹਾਂ ਹਰਾਉਣਾ, ਖਦੇੜਨਾ; ਜੜ੍ਹ ਲਾਉਣੀ; ਜੜ੍ਹ ਫੜਨਾ

route (ਰੂਟ) *n* ਰਸਤਾ; ਕੂਚ ਕਰਨ ਦਾ ਲਿਖਤੀ ਹੁਕਮ

routine (ਰੁ'ਟੀਨ) *n a* ਨਿੱਤ ਦਾ ਕੰਮ; ਰੋਜ਼ ਦੀ ਕਾਰਵਾਈ, ਨਿੱਤ-ਨੇਮ, ਨਿਯਮਬੱਧ, ਨੇਮੀ

row (ਰਅਉ) *n v* ਪਾਲ, ਪੰਗਤ, ਕਤਾਰ; ਫ਼ਸਾਦ, ਝਗੜਾ, ਰੌਲਾ-ਰੱਪਾ, ਮਾਰ-ਕੁਟਾਈ; ਬੇੜੀ ਚਲਾਉਣਾ, ਚੱਪੂ ਚਲਾਉਣਾ; ਝਿੜਕਣਾ, ਡਾਂਟਣਾ, ਫਿਟਕਾਰਨਾ; **~er** ਮਾਂਝੀ, ਖੇਵਟ, ਖਵੈਯਾ, ਮਲਾਹ; **~ing** ਝਿੜਕ-ਝੰਬ, ਝਾੜ-ਫਿਟਕਾਰ

rowdiness ('ਰਾਉਡਿਨਿਸ) *n* ਹੁੱਲੜਬਾਜ਼ੀ; ਝਗੜਾ-ਲੂਪਣ, ਊਧਮ

rowdy ('ਰਾਉਡਿ) *n adv* ਕੁਪੱਤਾ, ਝਗੜਾਲੂ, ਫ਼ਸਾਦੀ, ਹੁੱਲੜਬਾਜ਼, ਦੰਗਈ; **~ism** ਹੁੱਲੜਬਾਜ਼ੀ

royal ('ਰੌਇਅਲ) *a n* ਬਾਦਸ਼ਾਹੀ, ਰਾਜਸੀ, ਰਾਜਨੀਤਕ, ਸ਼ਾਨਦਾਰ; ਰਾਯਲ (ਕਾਗਜ਼) **~standard** ਸ਼ਾਹੀ ਝੰਡਾ; **~ty** ਬਾਦਸ਼ਾਹੀ, ਸ਼ਾਹੀ, ਸ਼ਾਹੀ ਪਦ, ਸ਼ਾਹੀ ਖ਼ਾਨਦਾਨ, ਰਾਜਵੰਸ਼, ਰਾਜ ਹੱਕ, ਹੱਕ-ਮਾਲਕੀ; ਪ੍ਰਕਾਸ਼ਕ ਵੱਲੋਂ ਪੁਸਤਕ ਦੇ ਲੇਖਕ ਨੂੰ ਦਿੱਤੇ ਜਾਣ ਵਾਲੇ ਕ੍ਰਿਤਫਲ ਦੇ ਦਰ

rub (ਰਅੱਬ) *v n* ਰਗੜਨਾ, ਮਲਣਾ, ਘਸਾਉਣਾ, ਮਾਂਜਣਾ, ਖਰੋਚਣਾ, ਮਾਲਸ਼ ਕਰਨੀ, ਰਗੜ ਖਾਣੀ; ਰਗੜ, ਘਸਾਈ; ਰੋੜਾ; **~ber** ਰਬੜ, ਮਲਣ ਵਾਲਾ, ਘਸਾਉਣ ਵਾਲਾ, ਮਾਲਸ਼ ਕਰਨ ਵਾਲਾ

rubbish ('ਰਅੱਬਿਸ਼) *n* ਕੂੜਾ, ਰੱਦੀ, ਗੰਦ-ਮੰਦ; ਨਿਕੰਮੀ ਚੀਜ਼; ਬਹੁਤ ਘਟੀਆ ਮਾਲ, ਫ਼ਜ਼ੂਲ, ਬਕਵਾਸ; **~y** ਨਿਕੰਮਾ; ਅਣ-ਉਪਯੋਗੀ; ਨਿਰਰਥਕ; ਬੇਕਾਰ; ਫ਼ਜ਼ੂਲ

rubble ('ਰਅੱਬਲ) *n* ਮਲਬਾ, ਇੱਟਾਂ-ਰੋੜੇ, ਅਣਘੜੇ ਪੱਥਰ

rubric ('ਰੂਬਰਿਕ) *n* ਸਿਰਲੇਖ, ਹੈਡਿੰਗ, ਸੁਰਖ਼ੀ

rude (ਰੂਡ) *a* ਉਜੱਡ, ਅਸੱਭਿਆ, ਗੁਸਤਾਖ਼, ਅਸ਼ਿਸ਼ਟ, ਬਦਤਮੀਜ਼; (ਘਰ-ਘਾਟ) ਅਣਘੜਤ

rudiment ('ਰੂਡਿਮਅੰਟ) *n* ਆਰੰਭਕ ਸਿਧਾਂਤ, ਬੁਨਿਆਦ, ਅਸੂਲ; ਆਰੰਭ, ਪ੍ਰਾਰੰਭ; **~ary** ਆਰੰਭਕ, ਬੁਨਿਆਦੀ, ਅਪੂਰਨ, ਅਧੂਰਾ

ruffian ('ਰਅੱਫ਼ਯਅਨ) *n* ਗੁੰਡਾ, ਬਦਮਾਸ਼; ਖ਼ੂਨੀ, ਹਤਿਆਰਾ; **~ism** ਗੁੰਡਪਣਾ; ਬਦਮਾਸ਼ੀ, ਗੁੰਡਾਗਰਦੀ

ruffle ('ਰਅੱਫ਼ਲ) *v n* ਖਿਲਾਰ ਦੇਣਾ; ਬੇਤਰਤੀਬ ਕਰ ਦੇਣਾ, ਪਰੇਸ਼ਾਨ ਕਰ ਦੇਣਾ ਹੋਣਾ, ਸ਼ਾਂਤੀ ਭੰਗ ਕਰ ਦੇਣੀ; ਗੜਬੜ ਪਾ ਦੇਣੀ; ਅਸ਼ਾਂਤੀ, ਘਬਰਾਹਟ, ਗੜਬੜ

rugged ('ਰਅੱਗਿਡ) *a* ਅਣ-ਪੱਧਰਾ, ਉਚਾ-ਨੀਵਾਂ, ਪਥਰੀਲਾ, ਅਣਘੜਤ, ਬੇਡੌਲ

ruin (ਰੁਇਨ) *n v* ਤਬਾਹੀ, ਬਰਬਾਦੀ, ਨਾਸ, ਵੀਰਾਨੀ; ਉਜਾੜਾ, ਪਤਨ, ਗਿਰਾਵਟ, ਮਲੀਆਮੇਟ; ਉਜਾੜਨਾ, ਬਰਬਾਦ ਕਰਨਾ, ਗਰਕ

ਕਰਨਾ, ਮਲੀਆਮੇਟ ਕਰਨਾ; ~ation ਤਬਾਹੀ, ਉਜਾੜਾ, ਬਰਬਾਦੀ

rule (ਰੂਲ) *n v* (1) ਨਿਯਮ, ਅਸੂਲ; (2) ਸਿਧਾਂਤ, ਰੀਤ, ਰਿਵਾਜ; ਤਰੀਕਾ, ਢੰਗ; (3) ਹਕੂਮਤ, ਰਾਜ, ਸ਼ਾਸਨ; ਫੁੱਟਾ, ਪੈਮਾਨਾ; ਹਕੂਮਤ ਕਰਨੀ, ਰਾਜ ਕਰਨਾ, ਹੁਕਮ ਦੇਣਾ; ਨਿਰਣੈ ਕਰਨਾ; ~r ਰਾਜਾ, ਬਾਦਸ਼ਾਹ, ਸ਼ਾਸਕ, ਪੈਮਾਨਾ

ruling ('ਰੂਲਿਙ) *n* ਫ਼ੈਸਲਾ; ਹੁਕਮ

rumble ('ਰਅੰਬਲ) *v n* ਗੁੜਗੁੜਾਉਣਾ, (ਪੇਟ ਦਾ) ਗੁੜਗੁੜ ਕਰਨਾ; ਗੜ-ਗੜ, ਕੜ-ਕੜ, ਗੜਗੜ੍ਹਾਟ

ruminate ('ਰੂਮਿਨੇਇਟ) *v* ਉਗਾਲੀ ਕਰਨੀ, ਸੋਚਣਾ, ਸੋਚੀਂ ਪੈਣਾ, ਗੰਭੀਰ ਵਿਚਾਰ ਕਰਨਾ

rumination ('ਰੂਮਿ'ਨੇਇਸ਼ਨ) *n* ਉਗਾਲੀ; ਸੋਚ-ਵਿਚਾਰ, ਧਿਆਨ, ਚਿੰਤਨ

rumour ('ਰੂਮਅ*) *n v* ਅਫ਼ਵਾਹ, ਭਿਣਕ, ਉਡਦੀ ਉਡਦੀ ਖ਼ਬਰ, ਅਪ੍ਰਮਾਣਤ ਕਥਨ, ਨਿਰਾਧਾਰ ਖ਼ਬਰ; ਅਫ਼ਵਾਹ ਉਡਾਉਣੀ

run (ਰਅੱਨ) *v n* ਦੌੜਨਾ, ਭੱਜਣਾ, ਨੱਸਣਾ; ਚਲਾਉਣਾ; ਫਰਾਰ ਹੋ ਜਾਣਾ; ਦੌੜ; ਸ਼ੂਟ, ਭਾਜੜ; (ਕ੍ਰਿਕਟ ਦੀ) ਰਨ; ~away ਭਗੌੜਾ, ਅੱਥਰਾ; ~over ਝਾਤ ਮਾਰਨਾ; ਲਿਤਾੜਨਾ; ~way ਹਵਾਈ ਅੱਡੇ ਦੀ ਪਟੜੀ; ~ning ਦੌੜ-ਭੱਜ, ਦੌੜ; ਵਗਦਾ ਹੋਇਆ; ਲਗਾਤਾਰ

rupee (ਰੁ'ਪੀ) *n* ਰੁਪਇਆ

rupture ('ਰਅੱਪਚਅ*) *n v* ਵਿਗਾੜ, ਅਣਬਣ, ਆਂਦਰ ਦਾ ਵਧਾ, 'ਹਰਨੀਆ'; ਤੋੜਨਾ, ਫਟਣਾ; ਆਂਦਰ ਵਧਣੀ, ਹਰਨੀਆ ਹੋਣਾ

rural ('ਰੁਅਰ(ਅ)ਲ) *a* ਪੇਂਡੂ, ਗ੍ਰਾਮੀਣ, ਦਿਹਾਤੀ; ਖੇਤੀ ਸਬੰਧੀ

rush (ਰਅੱਸ਼) *n v* ਦੌੜ, ਕਾਹਲ ਨਾਲ ਪੁੱਜਣਾ; ਧਾਵਾ; ਭੀੜ, ਗਾਹੜ, ਘੜਮੱਸ; ਤੇਜ਼ੀ ਨਾਲ ਵਧਣਾ; ਕਾਹਲ ਨਾਲ ਵਗਣਾ, ਧੁੱਸ ਦੇਣਾ

rust (ਰਅੱਸਟ) *n v* ਜੰਗਾਲ, ਜ਼ੰਗ, ਬੁਰੀ ਹਾਲਤ, ਸੜੀ-ਗਲੀ ਹਾਲਤ; ਜੰਗਾਲ ਲੱਗਣਾ

rustic ('ਰਅੱਸਟਿਕ) *a n* ਪੇਂਡੂ, ਗ੍ਰਾਮੀਣ, ਦਿਹਾਤੀ; ਗੰਵਾਰ, ਉਜਡ, ਸਿੱਧੜ

rustle ('ਰਅੱਸਲ) *n v* ਸਰਸਰਾਹਟ, ਖੜਖੜਾਹਟ; ਸਰਵਰ ਕਰਨਾ, ਖੜਖੜ ਕਰਨਾ

ruth (ਰੂਥ) *n* ਤਰਸ, ਦਇਆ, ਰਹਿਮ; ~ful ਤਰਸਵਾਨ, ਦਇਆਵਾਨ, ਰਹਿਮ-ਦਿਲ; ~less ਬੇਤਰਸ, ਨਿਰਦਈ, ਪੱਥਰ-ਦਿਲ, ਬੇਰਹਿਮ

rux (ਰਅੱਕਸ) *n* ਵਾਸਨਾ, ਲਾਲਸਾ, ਕਾਮਨਾ

ryot ('ਰਾਇਅਟ) *n* ਕਿਸਾਨ, ਕ੍ਰਿਸ਼ਕ, ਹਲਵਾਹਕ

S

S, s (ਐੱਸ) *n* ਐੱਸ, ਰੋਮਨ ਵਰਣਮਾਲਾ ਦਾ ਉਨੀਵਾਂ ਅੱਖਰ; ਲਹਿਰੀਆ ਮੋੜ

sabotage ('ਸੈਬਅਟਾਯ਼) *n v* ਤੋੜ-ਫੋੜ, ਗੁਪਤ ਤੋੜ-ਫੋੜ, ਨੁਕਸਾਨ; ਤੋੜ-ਫੋੜ ਕਰਨਾ, ਨੁਕਸਾਨ ਪਹੁੰਚਾਉਣਾ, ਵਿਗਾੜ ਦੇਣਾ

sack (ਸੈਕ) *n v* ਬੋਰੀ, ਥੈਲੀ, ਢਿੱਲਾ ਪਹਿਰਾਵਾ; ਇਸਤਰੀਆਂ ਦਾ ਚੋਗਾ, ਲੁੱਟ-ਮਾਰ; ਬੋਰਾ ਭਰਨਾ, ਥੈਲੀ ਵਿਚ ਪਾਉਣਾ; ਨੌਕਰੀ ਵਿਚੋਂ ਕੱਢਣਾ, ਬਰਖ਼ਾਸਤ ਕਰਨਾ; ਲੁੱਟਣਾ

sacrament ('ਸੈਕਰਅਮਅੰਟ) *n v* ਇਸਾਈਆਂ ਦਾ ਧਾਰਮਕ ਸੰਸਕਾਰ; ਪਵਿੱਤਰ ਭਾਵ; ਪ੍ਰਤਿੱਗਿਆ; ਵਚਨਬੱਧ ਕਰਨਾ

sacred ('ਸੇਇਕਰਿਡ) *a* ਪਾਕ, ਮੁਤੱਬਰਕ; ਮੁੱਕਦਸ, ਸੁੱਚਾ, ਸ਼ੁੱਧ, ਪਵਿੱਤਰ, ਪੁਨੀਤ

sacrifice ('ਸੈਕਰਿਫ਼ਾਇਸ) *n v* ਬਲੀਦਾਨ, ਕੁਰਬਾਨੀ, ਤਿਆਗ, ਸਮਰਪਣ; ਯੱਗ; ਭੇਟ; ਬਲੀ ਦੇਣੀ, ਕੁਰਬਾਨ ਕਰਨਾ; ਅਰਪਣ ਕਰਨਾ

sacrilege ('ਸੈਕਰਿਲਿਜ) *n* ਬੇਅਦਬੀ, ਪਵਿੱਤਰ ਥਾਂ ਦਾ ਅਪਵਿੱਤਰੀਕਰਨ, ਬੇ-ਹੁਰਮਤੀ, ਮਰਯਾਦਾ-ਭੰਗ, ਧਰਮ-ਉਲੰਘਣ

sacrosanct ('ਸੈਕਰਅ(ਉ)ਸੈਙ(ਕ)ਟ) *a* ਪਾਕ, ਮੁਕੱਦਸ, ਮੁਤਬੱਰਕ, ਪੁਨੀਤ, ਅਤੀ ਪਵਿੱਤਰ, ਪਾਵਨ

sad (ਸੈਡ) *a* ਦਿਲਗੀਰ, ਰੰਜੀਦਾ, ਉਦਾਸ, ਗ਼ਮਗੀਨ, ਦੁਖੀ; **~ness** ਦੁੱਖ, ਚਿੰਤਾ, ਉਦਾਸੀ, ਅਫ਼ਸੋਸ, ਮਲਾਲ, ਗ਼ਮ, ਰੰਜ

saddle ('ਸੈਡਲ) *n v* ਪਾਲਣਾ, ਕਾਠੀ, ਜ਼ੀਨ; ਭਾਰ ਲੱਦਣਾ

safari (ਸਅ'ਫ਼ਾਰਿ) *n* ਸ਼ਿਕਾਰ ਦਾ ਸਫ਼ਰ, ਯਾਤਰੀਆਂ ਦਾ ਦਲ, ਬੰਦ ਗੱਡੀ; **~park** ਜੰਗਲੀ ਜਾਨਵਰਾਂ ਦੀ ਰੱਖ

safe (ਸੇਇਫ਼) *n a* ਸੁਰੱਖਿਆ, ਸਹੀ-ਸਲਾਮਤ; ਯਕੀਨੀ; **~guard** ਆੜ, ਬਚਾਉ; **~ty** ਸੁਰੱਖਿਆ, ਕੁਸ਼ਲ ਰੱਖਿਆ, ਖ਼ੈਰੀਅਤ, ਨਿਰਭੈਤਾ, ਬਚਾਉ, ਸਲਾਮਤੀ

saffron ('ਸੈਫ਼ਰ(ਅ)ਨ) *n a* ਕੇਸਰ, ਜ਼ਾਅਫਰਾਨ; ਕੇਸਰੀ ਰੰਗ

saga ('ਸਾਗਅ) *n* ਵੀਰਗਾਥਾ, ਸ਼ਾਹਨਾਮਾ; (ਮੱਧ ਯੁੱਗ ਦੇ ਨਾਰਵੇ ਦਾ) ਗੱਦ-ਸਾਹਿਤ; ਸਾਕਾ

sagacious (ਸਅ'ਗੇਇਸ਼ਅਸ਼) *a* ਸੂਝਵਾਨ, ਸਿਆਣਾ, ਹੁਸ਼ਿਆਰ; ਅਕਲਮੰਦ; ਦੂਰਦਰਸ਼ੀ

sagacity (ਸਅ'ਗੈਸਅਟਿ) *n* ਤੀਖਣ ਬੁੱਧੀ, ਤੇਜ਼ ਸੂਝ, ਸਮਝਦਾਰੀ, ਹੁਸ਼ਿਆਰੀ

sage (ਸੇਇਜ) *n a* ਦਾਰਸ਼ਨਕ; ਰਿਸ਼ੀ, ਮੁਨੀ; ਵਿਵੇਕੀ, ਦਾਨਾ

sail (ਸੇਇਲ) *n v* ਜਹਾਜ਼; ਜਹਾਜ਼ੀ ਬੇੜਾ; ਬਾਦਬਾਨ; ਜਲ-ਯਾਤਰਾ; ਜਹਾਜ਼ ਵਿਚ ਸਮੁੰਦਰੀ ਸਫ਼ਰ ਕਰਨਾ; ਜਹਾਜ਼ ਚਲਾਉਣਾ; ਆਕਾਸ਼ ਵਿਚ ਉੱਡਣਾ; **~or** ਮੱਲਾਹ, ਜਹਾਜ਼ਰਾਨ, ਕਿਸ਼ਤੀਵਾਨ

saint (ਸੇਇੰਟ) *n v a* ਸੰਤ, ਸਾਧੂ, ਮੁਨੀ, ਸਿੱਧ, ਮਹਾਤਮਾ, ਦਰਵੇਸ਼; ਸੰਤ ਮੰਨਣਾ; ਧਾਰਮਕ, ਅਤਿ ਪਵਿੱਤਰ

sake (ਸੇਇਕ) *n* ਨਿਮਿੱਤ, ਹਿਤ, ਕਾਰਨ, ਖ਼ਾਤਰ

salad (ਸੈਲਅਡ) *n* ਕੱਚਾ ਸਾਗ, ਸਲਾਦ

salaried ('ਸੈਲਅਰਿਡ) *a* ਤਰਖ਼ਾਹਦਾਰ

salary ('ਸੈਲਅਰਿ) *n v* ਤਨਖ਼ਾਹ, ਵੇਤਨ; ਵੇਤਨ

ਦੇਣਾ, ਤਨਖ਼ਾਹ ਦੇਣੀ

sale (ਸੇਇਲ) *n* ਵੇਚ, ਵਿਕਰੀ; ਵੱਟਕ; ਬੋਲੀ; ~sman ਵੇਚਣ ਵਾਲਾ

salient ('ਸੇਇਲਯੰਟ) *n a* ਪ੍ਰਾਪਤ, ਮੁੱਖ; ਉੱਘੜਵਾਂ, ਮਹੱਤਵਪੂਰਨ

saline ('ਸੇਇਲਾਇਨ) *a n* ਖਾਰਾ, ਲੂਣਾ, ਨਮਕੀਨ

saliva (ਸਅ'ਲਾਇਵ੍ਅ) *n* ਲਾਰ, ਥੁੱਕ, ਲੁਆਬ

saloon (ਸਅ'ਲੂਨ) *n* ਹਾਲ, ਬੈਠਕ; ਸਭਾ; ਸੈਲੂਨ; ਰੇਲ ਦਾ ਪਹਿਲੇ ਦਰਜੇ ਦਾ ਡੱਬਾ

salt (ਸੋਲਟ) *n a v* ਲੂਣ, ਨਮਕ, ਕਟੁਤਾ, ਉਤੇਜਕਤਾ, ਤੀਬਰਤਾ; ਲੂਣ-ਮਿਰਚ ਲਾਉਣਾ, ਨਮਕ ਛਿੜਕਣਾ

salutary ('ਸੈਲਯੁਟ(ਅ)ਰਿ) *a* ਸਿਹਤਮੰਦ ਕਲਿਆਣਕਾਰੀ, ਹਿਤਕਾਰੀ ਉਪਯੋਗੀ,

salutation ('ਸੈਲਯ'ਟੈਇਸ਼ਨ) *n* ਨਮਸਕਾਰ, ਪ੍ਰਣਾਮ, ਸਲਾਮ, ਅਭਿਵਾਦਨ, ਬੰਦਗੀ

salute (ਸਅ'ਲੂਟ) *n v* ਸਲਾਮ, ਅਭਿਨੰਦਨ, ਨਮਸਕਾਰ, ਪ੍ਰਣਾਮ; (ਸੈਨਾ) ਤੋਪਾਂ ਦੀ ਸਲਾਮੀ, ਫ਼ੌਜੀ ਸਨਮਾਨ; ਸਲਾਮ ਕਰਨਾ, ਨਮਸਕਾਰ ਕਰਨੀ, ਸੁਆਗਤ ਕਰਨਾ

salvage ('ਸੈਲਵ੍ਹਿਜ) *n v* ਬਚਾਉ, ਨਿਸਤਾਰਾ; ਸਮਗਰੀ, ਸਾਮਾਨ; ਮਿਹਨਤਾਨਾ; ਨਸ਼ਟ ਹੋਣ ਤੋਂ ਬਚਾਉਣਾ

salvation (ਸੈਲ'ਵ੍ਹੇਇਸ਼ਨ) *n* ਰੱਖਿਆ; ਨਿਸਤਾਰਾ, ਮੋਖ, ਮੁਕਤੀ, ਨਿਰਵਾਣ, ਨਜਾਤ

same (ਸੇਇਮ) *a pron adv* ਸਮਾਨ, ਉਹ, ਉਸੇ ਵਰਗਾ, ਉਸੇ ਤਰ੍ਹਾਂ ਨਾਲ ਨਾਲ, ਉਹੀ ਗੱਲ, ਉਹੀ ਚੀਜ਼; ਸਮਾਨ ਰੂਪ ਵਿਚ, ਉਸੇ ਤਰ੍ਹਾਂ, ਉਸੇ ਢੰਗ ਨਾਲ

sample ('ਸਾਂਪਲ) *n v* ਵੰਨਗੀ; ਉਦਾਹਰਣ, ਨਮੂਨਾ; ਨਮੂਨਾ ਲੈਣਾ

Samson ('ਸੈਮਸਅਨ) *n* ਸ਼ਕਤੀਸ਼ਾਲੀ ਆਦਮੀ, ਬਲਵਾਨ ਪੁਰਸ਼

sanatorium ('ਸੈਨਅ'ਟੋਰਿਅਮ) *n* ਅਰੋਗਤਾ-ਸਥਾਨ, ਸੈਨੇਟੋਰੀਅਮ

sanctify ('ਸੈਙ(ਕ)ਟਿਫ਼ਾਇ) *v* ਪਵਿੱਤਰ ਕਰਨਾ, ਪਾਵਨ ਕਰਨਾ, ਪਵਿੱਤਰਤਾ ਵਧਾਉਣੀ, ਸ਼ੁੱਧ ਕਰਨਾ, ਪਾਕੀਜ਼ਾ ਕਰਨਾ

sanctimony ('ਸੈਙ(ਕ)ਟਿਮਅਨਿ) *n* ਦੰਭ; ਕਪਟ, ਪਖੰਡ, ਢੌਂਗ

sanction ('ਸੈਙ(ਕ)ਸ਼ਨ) *n v* (1) ਸਵੀਕ੍ਰਿਤੀ, ਮਨਜ਼ੂਰੀ; (2) ਪ੍ਰਤੀਬੰਧ, ਪਾਬੰਦੀ; ਦੰਡ, ਸਜ਼ਾ, ਦੰਡ ਦੀ ਕਾਨੂੰਨੀ ਧਾਰਾ; ਅਧਿਕਾਰ ਦੇਣਾ, ਮਨਜ਼ੂਰੀ ਦੇਣੀ; ~ed ਮਨਜ਼ੂਰ, ਸਵੀਕ੍ਰਿਤ

sanctity ('ਸੈਙ(ਕ)ਟਅਟਿ) *n* ਪਵਿੱਤਰਤਾ, ਧਾਰਮਕਤਾ; ਪਾਵਨਤਾ

sanctuary ('ਸੈਙ(ਕ)ਚੁਅਰਿ) *n* ਧਰਮ-ਸਥਾਨ, ਮੰਦਰ, ਦਰਗਾਹ; ਪਨਾਹਗਾਹ

sanctum ('ਸੈਙ(ਕ)ਟਅਮ) *n* ਉਪਾਸਨਾ-ਗ੍ਰਿਹ, ਇਕਾਂਤ ਕਮਰਾ; ਤੀਰਥ; ਪਵਿੱਤਰ ਆਸਣ

sand (ਸੈਂਡ) *n v* ਰੇਤ, ਧੂੜ, ਰੇਤ ਦੇ ਕਿਣਕੇ; ਰੇਤਲੀ ਧਰਤੀ, ਰੇਗਿਸਤਾਨ, ਰੇਤੇ ਵਿਚ ਗੱਡਣਾ; ਰੇਗਮਾਰ ਮਾਰਨਾ, ਘਸਾਉਣਾ; ~y ਰੇਤਲਾ; ਰੇਗਿਸਤਾਨੀ; ਕੱਚਾ, ਬੂਰਾ, ਭੂਰਾ

sandal ('ਸੈਂਡਲ) *n* ਸੰਦਲ, ਚੰਦਨ; ਸੈਂਡਲ; ~wood ਚੰਦਨ ਦੀ ਲੱਕੜੀ, ਚਿੱਟਾ ਚੰਦਨ

sandwich ('ਸੈਨਵਿਜ) *n v* ਸੈਂਡਵਿਚ, ਘੁਸੇੜਨਾ, ਠੋਸਣਾ; ਨਪੀੜਨਾ

sane (ਸੇਇਨ) *a* ਸਮਝਦਾਰ, ਸਿਆਣਾ; ਉਦਾਰ

sanitary ('ਸੈਨਿਟ(ਅ)ਰਿ) *a* ਸਫ਼ਾਈ ਬਾਰੇ; ਨਿਰੋਗਤਾ ਸਬੰਧੀ, ਅਰੋਗ ਰੱਖਿਅਕ; ਸੁਆਸਥ-ਵਰਧਕ

sanitation ('ਸੈਨਿ'ਟੇਇਸ਼ਨ) *n* ਸਫ਼ਾਈ, ਅਰੋਗ-ਪ੍ਰਬੰਧ

sanity ('ਸੈਨਅਟਿ) *n* ਸਿਹਤ, ਸੁਅਸਥ, ਦਿਮਾਗ਼ੀ ਸਿਹਤ

sans (ਸੈਂਜ਼) *prep* ਬਿਨਾਂ, ਬਗ਼ੈਰ, ਹੀਣ, ਰਹਿਤ, ਬਿਲਾ, ਵਿਹੀਣ

sap (ਸੈਪ) *n* ਰਸ; ਸਤ, ਸਾਰ, ਤੱਤ, (ਪੌਦਿਆਂ ਦਾ) ਦੁੱਧ, ਦ੍ਰਵ; ਰਸ ਸੁੱਕਣਾ, ਰਸ ਨਚੋੜਨਾ, ਸਤ ਕੱਢਣਾ, ਸਾਰ ਜਾਂ ਤੱਤ ਕੱਢ ਲੈਣਾ, ਸਾਹ-ਸਤ ਕੱਢਣਾ

sapling ('ਸੈਪਲਿਙ) *n* ਬਰੂਟਾ, ਨਵਾਂ ਪੌਦਾ; ਬਿਰਵਾ, ਨੌਨਿਹਾਲ, ਯੁਵਕ

sapphire ('ਸੈਫ਼ਾਇਅ*) *n a* ਨੀਲਮ, ਨੀਲ-ਕਾਂਤਮਣੀ, ਨੀਲਮਣੀ

sarcasm ('ਸਾਕੈਜ਼(ਅ)ਮ) *n* ਚੁਭਣ ਵਾਲੀ ਗੱਲ, ਕਟਾਕਸ਼, ਵਿਅੰਗ-ਵਾਕ, ਵਿਅੰਗ

sarcastic (ਸਾ'ਕੈਸਟਿਕ) *a* ਵਿਅੰਗਪੂਰਨ, ਵਿਅੰਗਮਈ; ਤੀਖਣ

Satan ('ਸੇਇਟ(ਅ)ਨ) *n* ਸ਼ੈਤਾਨ, ਇਬਲੀਸ

satellite ('ਸੈਟਅਲਾਇਟ) *n* ਉਪਗ੍ਰਹਿ; ਪਿਛਲੱਗ, ਅਨਗਾਮੀ, ਅਨੁਯਾਈ, ਸਹਾਇਕ

satire ('ਸੈਟਾਇਅ*) *n* ਵਿਅੰਗ, ਵਿਅੰਗ-ਲੇਖ, ਵਿਅੰਗ ਉਕਤੀ, ਵਿਅੰਗ-ਕਾਵਿ

satiric (ਸਅ'ਟਿਰਿਕ) *a* ਵਿਅੰਗਪੂਰਨ, ਵਿਅੰਗ-ਸਾਹਿਤ, ਨਿੰਦਾਤਮਕ

satirist ('ਸੈਟਅਰਿਸਟ) *n* ਵਿਅੰਗਕਾਰ, ਨਿੰਦਕ

satisfaction ('ਸੈਟਿਸ'ਫ਼ੈਕਸ਼ਨ) *n* ਸੰਤੋਖ, ਸੰਤੁਸ਼ਟੀ, ਤ੍ਰਿਪਤੀ, ਤੁਸ਼ਟੀ, ਇੱਛਾ-ਪੂਰਤੀ

satisfactory ('ਸੈਟਿਸ'ਫ਼ੈਕਟ(ਅ)ਰਿ) *a* ਸੰਤੋਖਜਨਕ, ਤਸੱਲੀਬਖ਼ਸ਼

satisfied ('ਸੈਟਿਸਫ਼ਾਇਡ) *a* ਸੰਤੁਸ਼ਟ, ਤ੍ਰਿਪਤ

satisfy ('ਸੈਟਿਸਫ਼ਾਇ) *v* ਸੰਤੁਸ਼ਟ ਕਰਨਾ, ਸੰਤੋਖ ਦੇਣਾ, ਤ੍ਰਿਪਤਾਉਣਾ, ਤ੍ਰਿਪਤ ਕਰਨਾ; ਮੰਨਣਾ, ਖ਼ੁਸ਼ ਹੋਣਾ, ਰਾਜ਼ੀ ਹੋਣਾ

saturation ('ਸੈਚਅ'ਰੇਇਸ਼ਨ) *n* ਸੰਤ੍ਰਿਪਤੀ, ਸੰਪੂਰਤੀ, ਤਵਾਰਤ, ਰਜਾਓ

Saturday ('ਸੈਟਅਡਿ) *n* ਸਨਿੱਚਰਵਾਰ, ਸ਼ਨੀਵਾਰ

sauce (ਸੋਸ) *n v* ਚਟਣੀ; ਲੂਣ ਘੋਲ; ਸੁਆਦ, ਰਸ ਮਜ਼ਾ, ਗੁਸਤਾਖ਼ੀ, ਸ਼ੋਖ਼ੀ; ਮਸਾਲੇਦਾਰ ਬਣਾਉਣਾ, ਚਟਪਟਾ ਬਣਾਉਣਾ

saucer ('ਸੋਸਅ*) *n* (ਚਾਹ ਦੀ) ਪਲੇਟ; ਤਸ਼ਤਰੀ; ਰਕਾਬੀ

saucy ('ਸੋਸਿ) *a* ਚੰਚਲ, ਮੂੰਹ ਫਟ, ਗੁਸਤਾਖ਼, ਸ਼ੋਖ਼; ਚੁਸਤ, ਜ਼ਿੰਦਾਦਿਲ

savage (ਸੈਵਿਜ਼) *a n v* ਜੰਗਲੀ, ਦਰਿੰਦਾ ਖ਼ੂੰਖਾਰ, ਅਸੱਭਿਅ, ਰਾਖਸ਼ੀ, ਅੱਖੜ; ਰਾਖਸ਼, ਅੱਖੜ ਬੰਦਾ; ਜੰਗਲੀ ਬਣਾਉਣਾ; **~ness** ਅਸੱਭਿਅਤਾ, ਜੰਗਲੀਪਣ; ਬਰਬਰਤਾ, ਬੇਰਹਿਮੀ, ਵਹਿਸ਼ੀਪਣ; **~ry** ਬਰਬਰਤਾ, ਨਿਸ਼ਠੁਰਤਾ, ਵਹਿਸ਼ੀਪਣ, ਦਰਿੰਦਗੀ

savant ('ਸੈਵਅੰਟ) *n* ਬੁੱਧੀਵਾਨ ਲੋਕ, ਵਿਦਵਾਨ ਪੁਰਸ਼, ਮਹਾਂ ਪੰਡਤ, ਗਿਆਨੀ

save (ਸੇਇਵ਼) *v n prep* ਬਚਾਉਣਾ, ਬੱਚਤ ਕਰਨੀ; ਰੱਖ ਲੈਣਾ, ਜੋੜਨਾ, ਜਮ੍ਹਾਂ ਕਰਨਾ; ਨਾ ਦੇਣਾ, ਗ੍ਰਹਿਣ ਕਰਨਾ; (ਫੁਟਬਾਲ) ਗੋਲ ਦਾ ਬਚਾਉ; ਧਨ ਬਚਾਉਣਾ; ਪਰ, ਲੇਕਿਨ, ਕਿੰਤੂ, ਬਿਨਾ

saving ('ਸੇਇਵ਼ਿਙ) ਬਚਤ, ਜੋੜਿਆ ਧਨ; ਬਚਾਉ, ਕਿਫ਼ਾਇਤ

saviour ('ਸੇਇਵ਼ਯਅ*) *n* ਰਾਜ-ਰੱਖਿਅਕ, ਮੁਕਤੀਦਾਤਾ

savour ('ਸੇਇਵ਼ਅ*) *n v* ਗੰਧ, ਮਹਿਕ; ਬਾਸ;

ਸੁਆਦ, ਮਜ਼ਾ; ਜ਼ਾਇਕਾ; ਸੁਆਦੀ ਬਣਾਉਣਾ, ਸੁਗੰਧਤ ਕਰਨਾ; ~y ਸੁਆਦੀ; ਮਸਾਲੇਦਾਰ, ਚਟਪਟਾ

savvy (’ਸੈਵ਼ਿ) *n* (ਅਪ) ਚਤਰਾਈ, ਹੁਸ਼ਿਆਰੀ, ਸਮਝ

saw (ਸੋ) *n* ਆਰਾ, ਆਰੀ, ਕਲਵੱਤਰ; ਆਰਾ ਚਲਾਉਣਾ, ਚੀਰਨਾ; (ਜਿਲਦਸਾਜ਼ੀ) ਚੀਰਾ ਦੇਣਾ; ~ing ਚਿਰਾਈ

say (ਸੇਇ) *n v* ਕਥਨ, ਮੱਤ, ਕਹਿਣੀ, ਗੱਲ-ਬਾਤ; ਉਚਾਰਨਾ, ਆਖਣਾ; ਬੋਲਣਾ, ਟਿੱਪਣੀ ਦੇਣੀ; ਵਚਨ ਦੇਣਾ; ਵਰਣਨ ਕਰਨਾ; ~ing ਉਕਤੀ, ਕਥਨ, ਬਾਣੀ, ਮੱਤ, ਅਖਾਣ, ਬਚਨ; ਕਹਾਵਤ, ਮੁਹਾਵਰਾ, ਲੋਕੋਕਤੀ; ਮਿਸਾਲ

scale (ਸਕੇਇਲ) *n v* ਤਰਾਜੂ ਦਾ ਪਲੜਾ, ਤੁਲਾ; ਸਧਾਰਨ ਤੱਕੜੀ; ਪੰਗਤੀ, ਦਰਜਾ; ਅੰਕਾਂ ਦਾ ਪੈਮਾਨਾ, ਅੰਕਨ ਚਿੰਨ੍ਹ; ਮਾਪ-ਦੰਡ; ਪ੍ਰਤੀਮਾਨ; ਜਾਂਚਣਾ, ਤੱਕੜੀ ਵਿਚ ਤੋਲਣਾ, ਜੋਖਣਾ, ਪੈਮਾਇਸ਼ ਕਰਨੀ; ਮਾਪਣਾ

scalp (ਸਕੈਲਪ) *n v* ਖੋਪੜੀ, ਸਿਰ ਦਾ ਉਤਲਾ ਭਾਗ; ਖੋਪਰੀ ਲਾਹੁਣੀ, ਸਿਰ ਕਲਮ ਕਰਨਾ

scam (ਸਕੈਮ) *n* (ਅਪ) ਘੋਟਾਲਾ

scamble (’ਸਕੈਂਬਲ) *v* ਸੰਘਰਸ਼ ਕਰਨਾ, ਧੱਕਮ-ਧੱਕਾ ਕਰਨਾ, ਗੋਡਿਆਂ ਆਸਰੇ ਚੜ੍ਹਨਾ

scamp (ਸਕੈਂਪ) *n v* ਲੁੱਚਾ, ਬਦਮਾਸ਼, ਕੰਮਚੋਰ; ਵਗਾਰ ਟਾਲਣੀ

scan (ਸਕੈਨ) *v* ਤਕਤੀਹ ਕਰਨੀ; ਛੰਦ ਦੀਆਂ ਮਾਤਰਾਂ ਗਿਣਨਾ; ਪਰਖਣਾ, ਜਾਂਚਣਾ; ~ning ਬਾਰੀਕ ਜਾਂਚ, ਪਰੀਖਣ

scandal (’ਸਕੈਂਡਲ) *n* ਘੋਟਾਲਾ, ਕੁਕਰਮ, ਬੁਰਾਈ, ਲੋਕ-ਨਿੰਦਿਆ, ਨਿੰਦਾ

scant (ਸਕੈਂਟ) *v a* ਸੀਮਤ ਕਰਨਾ, ਘੱਟ ਘੱਟ ਦੇਣਾ; ਬਹੁਤ ਘੱਟ, ਬਹੁਤ ਥੋੜ੍ਹਾ, ਨਾਕਾਫ਼ੀ, ਬਰਾਏ ਨਾਮ; ~y ਵਿਰਲਾ, ਘੱਟ, ਨਾਕਾਫ਼ੀ, ਦੁਰਲੱਭ

scapegoat (’ਸਕੇਇਪਗਅਉਟ) *a* ਕੁਰਬਾਨੀ ਦਾ ਬੱਕਰਾ, ਬਲੀ

scar (ਸਕਾ*) *n* ਦਾਗ਼, ਬੀਜ-ਨਾਭੀ; ਨਿਸ਼ਾਨ, ਖਰੀਂਢ, ਝਰੀਟ, ਧੱਬਾ; ਦਾਗ਼; ਰਾਜ਼ੀ ਹੋਣਾ; ਜ਼ਖ਼ਮ ਤੇ ਖਰੀਂਢ ਆਉਣਾ, ਦਾਗ਼ ਲੱਗਣਾ

scarce (ਸਕੇਅ:ਸ) *a* ਮਸਾਂ, ਮੁਸ਼ਕਲ ਨਾਲ, ਅਲਪ, ਬਹੁਤ ਘੱਟ; ਥੋੜ੍ਹਾ; ~ly ਮੁਸ਼ਕਲ ਨਾਲ; ਬਿਲਕੁਲ ਨਹੀਂ, ਨਾਂਹ ਦੇ ਬਰਾਬਰ; ਸ਼ਾਇਦ, ਹੁਣੇ ਹੁਣੇ

scarcity (’ਸਕੇਅ:ਸਅਟਿ) *n* ਥੁੜ੍ਹ, ਤੰਗੀ, ਟੋਟ, ਦੁਰਲੱਭਤਾ, ਅਭਾਵ

scare (ਸਕੇਅ*) *n v* ਸਹਿਮ, ਡਰ, ਦਹਿਲ, ਧੁੜਕੂ, ਅਚਾਨਕ ਭੈਭੀਤ ਕਰਨਾ, ਡਰਾਉਣਾ

scarf (ਸਕਾ:ਫ਼) *n v* ਦੁਪੱਟਾ, ਪਟਕਾ, ਰੁਮਾਲ, ਗੁਲੂਬੰਦ, ਸਕਾਰਫ਼; ਚੂਲ ਬੈਠਾਉਣਾ, ਮੇਲ ਮਿਲਾਉਣਾ

scarlet (’ਸਕਾ:ਲਅਟ) *n a* ਲਾਲ ਰੰਗ ਦਾ ਕੱਪੜਾ; ਸੰਧੂਰੀ, ਗੁਲਨਾਰੀ, ਕਿਰਮਚੀ

scatter (’ਸਕੈਟਅ*) *v* ਖਿੰਡਾਉਣਾ, ਖਿੰਡਣਾ; ਖਿਲਾਰਨਾ, ਬਿਖੇਰਨਾ, ਤਿੱਤਰ-ਬਿੱਤਰ ਕਰਨਾ; ਫੈਲਾਉਣਾ, ਭਗਦੜ ਮਚਾਉਣੀ; ~ed ਬਿਖਰਿਆ, ਤਿੱਤਰ-ਬਿੱਤਰ

scavenge (’ਸਕੈਵ਼ਿੰਜ) *v* ਕੂੜਾ-ਕਰਕਟ ਉਠਾਉਣਾ, ਸਫ਼ਾਈ ਕਰਨਾ; ~r ਮਿਹਤਰ, ਜਮਾਂਦਾਰ, ਸੜਕਾਂ ਸਾਫ਼ ਕਰਨ ਵਾਲਾ; ਅਸ਼ਲੀਲ ਲੇਖਕ, ਲੱਚਰ ਲੇਖਕ

scene (ਸੀਨ) *n* ਦ੍ਰਿਸ਼, ਘਟਨਾ ਸਥਾਨ; ਰੰਗ-ਮੰਚ, ਰੰਗ-ਭੂਮੀ, ਰੰਗਸ਼ਾਲਾ, ਪਰਦਰਸ਼ਨ-ਭੂਮੀ;

ਨਾਟਕ ਦੇ ਅੰਕ ਦਾ ਭਾਗ; ਝੜਪ; ~ry ਦ੍ਰਿਸ਼ ਦ੍ਰਿਸ਼ਾਵਲੀ, ਕੁਦਰਤੀ ਦ੍ਰਿਸ਼

scenic ('ਸੀਨਿਕ) *a* ਰਮਣੀਕ, ਸਜੀਵ, ਰੰਗਮੰਚੀ

scent (ਸੈਂਟ) *n v* ਸੁਗੰਧੀ, ਮਹਿਕ, ਖ਼ੁਸ਼ਬੂ; ਅਤਰ, ਫੁਲੇਲ; ਅਤਰ ਲਾਉਣਾ, ਸੁਗੰਧਤ ਕਰਨਾ

schedule ('ਸੈੱਡਯੂਲ) *n v* ਸੂਚੀ, ਸਾਰਨੀ, ਫ਼ਰਦ, ਪੱਟੀ, ਸਮਾਂ-ਸੂਚੀ, ਕਾਰਜ-ਕ੍ਰਮ, ਨਾਮਾਵਲੀ; ਚਿੱਠਾ, ਯੋਜਨਾਲੇਖ; ਸੂਚੀ ਬਣਾਉਣੀ, ਅਨੁਸੂਚਤ ਕਰਨਾ; ~d ਅਨੁਸੂਚਤ, ਨਿਯਤ

schema ('ਸਕੀਮਅ) *n* ਯੋਜਨਾ, ਖ਼ਾਕਾ, ਨਕਸ਼ਾ, ਆਕਾਰ

scheme (ਸਕੀਮ) *n v* ਯੋਜਨਾ, ਪ੍ਰਬੰਧ, ਜੁਗਤ, ਉਪਾਉ, ਮਨਸੂਬਾ, ਚਾਲ, ਸਾਜ਼ਸ; ਸੂਚੀ, ਵੇਰਵਾ, ਰੂਪ-ਰੇਖਾ, ਨਕਸ਼ਾ; ਯੋਜਨਾ ਬਣਾਉਣੀ; ਰੂਪ-ਰੇਖਾ ਬਣਾਉਣਾ

schism (ਸਕਿਜ਼(ਅਮ) *n* ਧੜੇਬੰਦੀ, ਫੁੱਟ, ਮੱਤ-ਭੇਦ; ਸੰਪਰਦਾਇਕ ਵਖਰੇਵਾਂ; ਫ਼ਿਰਕੇਬੰਦੀ

scholar ('ਸਕੌਲਅ*) *n* ਵਿਦਵਾਨ, ਪੰਡਤ, ਗਿਆਨੀ; ਵਿਦਿਆਰਥੀ, ਸ਼ਾਗਿਰਦ; ~ly ਵਿਦਵਾਨ-ਵਰਗਾ; ਵਿਦਵਤਾਪੂਰਨ; ~ship ਵਜ਼ੀਫਾ; ਵਿਦਵਤਾ ਗਿਆਨ

school (ਸਕੂਲ) *n* (1) ਵਿਦਿਆਲਾ, ਮਦਰਸਾ, ਪਾਠਸ਼ਾਲਾ; (2) ਸੰਪਰਦਾਇ, ਫ਼ਿਰਕਾ; (3) ਮੱਤ, ਵਾਦ, ਪੰਥ, ਮਾਰਗ, ਵਰਗ

schwa (ਸ਼ਵਾ) *n* (ਵਿਆ) ਲਘੂ ਸਵਰ ਧੁਨੀ

science ('ਸਾਇੰਸ) *n* ਵਿਗਿਆਨ, ਗਿਆਨ, ਵਿੱਦਿਆ ਸ਼ਾਸਤਰੀ

scientific ('ਸਾਇਅੰ'ਟਿਫ਼ਿਕ) *a* ਵਿਗਿਆਨਕ, ਸ਼ਾਸਤਰ-ਅਨੁਕੂਲ; ਵਿਵਸਥਿਤ, ਕ੍ਰਮਬੱਧ

scientist ('ਸਾਇਅੰਟਿਸਟ) *n* ਵਿਗਿਆਨੀ, ਸਾਇੰਸਦਾਨ

sciolism ('ਸਾਇਅ(ਉ)ਲਿਜ਼(ਅ)ਮ) *n* ਸਧਾਰਨ ਗਿਆਨ, ਗਿਆਨ ਦਾ ਝੂਠਾ ਅਹੰਕਾਰ, ਪਖੰਡ

scissor ('ਸਿਜ਼ਅ*) *v* ਕੱਟਣਾ, ਕਤਰਨਾ, ਛਾਂਟਣਾ, ਕੈਂਚੀ ਨਾਲ ਕਤਰਨਾ; ~s ਕੈਂਚੀ, ਕਾਤੀ, ਕਤਰਨੀ

scissure ('ਸਿਸ਼ਅ*) *n* ਚੀਰਾ, ਚੀਰ, ਘਾਉ

scoff (ਸਕੌਫ਼) *n v* ਖਿੱਲੀ, ਟਿਚਕਰ, ਮਸਖ਼ਰੀ, ਮਖੌਲ; ਗੁੱਡਾ; ਉਪਹਾਸ; ਮਜ਼ਾਕ, ਠੱਠਾ; ਹਾਸਾ-ਠੱਠਾ ਕਰਨਾ, ਮਜ਼ਾਕ ਉਡਾਉਣਾ, ਤਿਰਸਕਾਰ ਕਰਨਾ

scold (ਸਕਅਉਲਡ) *n v* ਤਾੜਨਾ, ਝਿੜਕਣਾ, ਡਾਂਟਣਾ, ਧਮਕਾਉਣਾ; ਬੁਰਾ-ਭਲਾ ਆਖਣਾ, ਖ਼ਬਰ ਲੈਣੀ, ਲਿਤਾੜਨਾ; ~ing ਨਿੰਦਾ, ਧਿੱਕਾਰ, ਝਿੜਕ, ਡਾਂਟ-ਡਪਟ, ਡਾਂਟ-ਫਿਟਕਾਰ

scoop (ਸਕੂਪ) *n v* ਕੜਛੀ; ਕੋਲੇ ਪਾਉਣ ਵਾਲਾ ਬੇਲਚਾ, ਤਕੜਾ ਲਾਭ; ਤਾਜ਼ਾ ਖ਼ਬਰ, ਚਪੇੜ, ਮਾਰ-ਕੁੱਟ; (ਡੋਈ ਨਾਲ) ਕੱਢਣਾ, ਖੋਖਲਾ ਕਰਨਾ; ਅਫ਼ਵਾਹ ਫੈਲਾਉਣਾ

scoot (ਸਕੂਟ) *v* ਭੱਜ ਜਾਣਾ, ਰਫ਼ੂੱਚਕਰ ਹੋਣਾ, ਭੱਜ ਨਿਕਲਣਾ; ਝਪਟਣਾ; ~er ਗੱਡੀ, ਯਾਨ, ਸਕੂਟਰ, ਮੋਟਰ ਬੋਟ

scope (ਸਕਅਉਪ) *n* (rare) ਮੰਤਵ, ਗੁੰਜਾਇਸ਼; ਕਾਰਜ-ਖੇਤਰ, ਪਹੁੰਚ

score (ਸਕੋ*) *n v* ਵੀਹ ਦੀ ਗਿਣਤੀ, ਕੋੜੀ, ਬੀਸੀ; ਅੰਕ ਬਣਾਉਣੇ, ਪੁਆਇੰਟ ਜਿੱਤਣੇ; ਗੋਲ ਕਰਨਾ, ਰਨ ਬਣਾਉਣਾ

scorn (ਸਕੋਨ) *a v* ਘਿਰਣਾ, ਨਫ਼ਰਤ, ਹਿਕਾਰਤ; ਨਫ਼ਰਤ ਕਰਨੀ; ~ful ਤਿਰਸਕਾਰਪੂਰਨ, ਅਪਮਾਨਜਨਕ, ਘਿਣਾਉਣਾ

scorpio ('ਸਕੋਪਿਅਉ) *n* ਬਿਰਖ ਰਾਸ਼ੀ; ~n ਬਿੱਛੂ, ਠੂਹਾਂ, ਅਠੂਹਾਂ; ਬ੍ਰਿਸ਼ਚਕ ਰਾਸ਼ੀ

scoundrel ('ਸਕਾਉਨਡਰ(ਅ)ਲ) *n* ਲੁੱਚਾ, ਗੁੰਡਾ,

ਪਾਜੀ, ਬਦਮਾਸ਼, ਸ਼ੋਹਦਾ

scour ('ਸਕਾਉਅ*) *n v* ਸਫ਼ਾਈ, ਧੁਆਈ; ਮਾਂਜਣਾ, ਰਗੜਨਾ, ਮਲਣਾ, ਸਾਫ਼ ਕਰਨਾ, ਚਮਕਾਉਣਾ; ਧੋਣਾ

scourge (ਸਕਅ:ਜ) *n v* ਛਾਂਬਾ, ਕੋਰੜਾ, ਚਾਬੁਕ; ਅੱਤਿਆਚਾਰ ਕਰਨਾ, ਕਸ਼ਟ ਦੇਣਾ, ਛੰਬਣਾ, ਛੰਮਣਾ, ਬੈਂਤਾਂ ਲਾਉਣੀਆਂ

scout (ਸਕਾਉਟ) *n v* ਸਕਾਊਟ; ਮੁਖ਼ਬਰ ਗੁਪਤਚਰ; ਪਹਿਰੇਦਾਰ; ਜਾਸੂਸੀ ਕਰਨੀ, ਭੇਤ ਲਾਉਣਾ, ਦੇਖਣਾ; ਤਿਰਸਕਾਰ ਕਰਨਾ; ਹਾਸਾ ਉਡਾਉਣਾ, ਨਾਮਨਜ਼ੂਰ ਕਰਨਾ

scrab (ਸਕਰੈਬ) *v* ਖੁਰਚਣਾ, ਖਾਜ ਕਰਨੀ, ਖੁਜਲਾਉਣਾ, ਰਗੜਨਾ

scrabble ('ਸਕਰੈਬਲ) *n v* ਚੀਂਧੜ-ਮੀਧੜ ਲਿਖਤ; ਹਨੇਰੇ ਵਿਚ ਭਾਲਣਾ, ਟੋਲਣਾ, ਧੱਕਮ-ਧੱਕੀ ਹੋਣਾ; ਅਸਪਸ਼ਟ ਲਿਖਣਾ

scramble ('ਸਕਰੈਂਬਲ) *n v* ਧੱਕਾ-ਮੁੱਕੀ, ਹਫੜਾ-ਦਫੜੀ, ਦੌੜ-ਭੱਜ; ਧੱਕਮ-ਧੱਕਾ ਕਰਨਾ

scrape (ਸਕਰੇਇਪ) *n v* ਰਗੜਨ ਦੀ ਅਵਾਜ਼, ਘਸਣ ਦੀ ਅਵਾਜ਼; ਰਗੜ; ਰਗੜਨਾ, ਘਸਾਉਣਾ; ਇਕਸਾਰ ਪੱਧਰਾ ਕਰਨਾ

scratch (ਸਕਰੈਚ) *n v a* ਵਲੂੰਧਰ, ਘਰੂੰਡ, ਖਰੂੰਢ, ਝਰੀਟ, ਰਗੜ, ਖੁਰਚਣ; ਖੁਰਕਣ; ਖਰੋਚਣਾ, ਖੁਰਕਣਾ; ਘਿੱਚਮਿੱਚ ਲਿਖਣਾ

scream (ਸਕਰੀਮ) *v* ਚੀਕਣਾ, ਕੂਕਣਾ, ਡਡਿਆਉਣਾ, ਕਿਲਕਾਰੀਆਂ ਮਾਰਨੀਆਂ, ਲੇਰਾਂ ਮਾਰਨੀਆਂ; ਕਰਾਹੁਣਾ, ਢਾਹਾਂ ਮਾਰਨੀਆਂ

screen (ਸਕਰੀਨ) *n v* ਪਰਦਾ, ਓਟ, ਆੜ, ਖੱਸ ਦੀ ਟੱਟੀ; ਪਰਦਾ, ਕਨਾਤ, ਚਿਕ, ਚਿਲਮਨ; ਸੂਚਨਾ-ਪਟ; ਚਿੱਤਰਪਟ; ਸਿਨੇਮਾ ਦਾ ਚਿੱਟਾ ਪਰਦਾ; ਲੁਕਾਉਣਾ, ਬਚਾਉਣਾ, ਪਰਦਾ ਪਾਉਣਾ, ਅੱਖਾਂ ਤੋਂ ਓਝਲ ਕਰਨਾ; ~ing ਐਕਸ-ਰੇ ਪ੍ਰੇਖਣ, ਛਾਣ-ਬੀਣ

screw (ਸਕਰੂ) *n v* ਪੇਚ ਦੀ ਮਰੋੜੀ; ਤਮਾਕੂ ਆਦਿ ਦਾ ਛੋਟਾ ਮਰੋੜਿਆ ਹੋਇਆ ਕਾਗ਼ਜ਼; ਤਨਖ਼ਾਹ ਦੀ ਰਕਮ, ਸੂਮ; ਪੇਚਾਂ ਨਾਲ ਪੀਚਣਾ, ਕੱਸਣਾ; ~driver ਪੇਚਕੱਸ

scribble ('ਸਕਰਿਬਲ) *v n* ਚੀਂਧੜ-ਮੀਂਧੜ ਲਿਖਤ ਲਿਖਣਾ, ਅਸਪਸ਼ਟ ਤੇ ਭੱਦਾ ਲਿਖਣਾ, ਊਟ-ਪਟਾਂਗ ਲਿਖਣਾ, ਕੁਲੇਖ ਲਿਖਣਾ; ਕਲਮ ਘਸਾਉਣਾ : ਘਸੀਟ

scribe (ਸਕਰਾਇਬ) *n v* ਲਿਖਾਰੀ, ਮੁਨਸ਼ੀ, ਮੁਹੱਰਰ, ਕਾਤਿਬ, ਕਲਰਕ, ਲੇਖਕ, ਲਿਪੀਕਾਰ, ਨਕਲਨਵੀਸ; ਲਕੀਰਨਾ, ਨਿਸ਼ਾਨ ਲਾਉਣੇ, ਅੰਕਤ ਕਰਨਾ, ਲਿਖਣਾ

scrimmage ('ਸਕਰਿਮਿਜ) *n v* ਹੱਥੋ-ਪਾਈ, ਗੁੱਥਮ-ਗੁੱਥਾ, ਖਿੱਚੋਤਾਣ; ਖਿੱਚੋਤਾਣ ਕਰਨੀ, ਗੁੱਥਮ-ਗੁੱਥਾ ਹੋਣਾ, ਤੋੜਾ-ਖੋਹੀ ਕਰਨੀ, ਸੰਘਰਸ਼ ਕਰਨਾ

script (ਸਕਰਿਪਟ) *n* ਲਿਪੀ, ਵਰਣਮਾਲਾ

scripture ('ਸਕਰਿਪਚਅ*) *n* ਧਰਮ-ਗ੍ਰੰਥ, ਪਵਿੱਤਰ ਗ੍ਰੰਥ

scroll (ਸਕਰਅਉਲ) *n v* (ਪ੍ਰਾ) ਫਹਿਰਿਸਤ, ਸੂਚੀ, ਤਾਲਕਾ; ਗੋਲ ਵਲ੍ਹੇਟਣਾ, ਵੇਲ-ਬੂਟੇ ਕੱਢਣੇ, ਵੇਲ-ਬੂਟਿਆਂ ਨਾਲ ਸਜਾਉਣਾ

scrub (ਸਕਰਅੱਬ) *n v* ਝਾੜ-ਬਰੋਟਾ; ਖੜ੍ਹੀਆਂ ਮੁੱਛਾਂ, ਅਜਿਹਾ ਬੁਰਸ਼; ਤੁੱਛ ਵਿਅਕਤੀ, ਕੂਚੀ ਮਾਂਜਣਾ, ਝੜਨਾ, ਪੂੰਝਣਾ, ਮਲਣਾ, ਘਸਾਉਣਾ, ਰਗੜਨਾ; ਝਾੜੂ ਦੇਣਾ, ਬੁਰਸ਼ ਕਰਨਾ

scrutinize ('ਸਕਰੂਟਿਨਾਇਜ਼) *v* ਸੂਖਮ ਪਰੀਖਿਆ ਕਰਨਾ, ਪੜਤਾਲਣਾ, ਜਾਚਣਾ, ਛਾਣ-ਬੀਣ ਕਰਨੀ

scrutiny ('ਸਕਰੂਟਿਨਿ) *n* ਦੇਖ-ਭਾਲ, ਪਰਖ, ਪੜਤਾਲ, ਪਰੀਖਿਆ, ਨਿਰੀਖਣ, ਖੋਜ

scuffle ('ਸਕਅੱਫ਼ਲ) *n v* ਹੱਥੋ-ਪਾਈ, ਗੁੱਥਮ-ਗੁੱਥਾ, ਧੱਕਮ-ਧੱਕਾ, ਧੀਂਗਾ-ਮੁਸ਼ਤੀ, ਹੱਥੋ-ਪਾਈ ਹੋਣੀ; ਗੁੱਥਮ-ਗੁੱਥਾ ਹੋਣਾ, ਭਿੜਨਾ

sculp (ਸਕਅੱਲਪ) *v* ਨੱਕਾਸ਼ੀ ਕਰਨਾ, ਸੰਗਤਰਾਸ਼ੀ ਕਰਨਾ; **~ture** ਬੁੱਤ-ਤਰਾਸ਼ੀ, ਸੰਗ-ਤਰਾਸ਼ੀ; ਮੂਰਤੀ ਕਲਾ; ਮੂਰਤੀ ਪ੍ਰਤਿਮਾ; **~tor** ਸੰਗ-ਤਰਾਸ਼; ਮੂਰਤੀਕਾਰ

scum (ਸਕਅੱਮ) *n v* ਝੱਗ, ਮੈਲ, ਰਹਿੰਦ-ਖੂੰਹਦ; ਝੱਗ ਉਠਣਾ

scuttle ('ਸਕਅੱਟਲ) *n v* ਨੱਠ-ਭੱਜ; ਝੱਗ ਆਉਣੀ; ਨਾਕਾਮ ਬਣਾਉਣਾ; ਖਿਸਕਣਾ, ਭੱਜ ਜਾਣਾ, ਹਵਾ ਹੋਣਾ, ਚੱਲਦੇ ਬਣਨਾ

sea (ਸੀ) *n* ਸਮੁੰਦਰ, ਸਾਗਰ, ਤਰੰਗ, ਵਿਸ਼ਾਲਤਾ, ਫੈਲਾਉ, ਵਿਸਤਾਰ; **~man** ਜਹਾਜ਼ੀ; **~shore** ਸਾਗਰ-ਤੱਟ; **~sickness** ਕਚਿਆਣ

seal (ਸੀਲ) *n v* ਛਾਪ, ਮੁਹਰ, ਠੱਪਾ, ਮੁਦਰਾ, ਸੀਲ; ਸਬੂਤ; ਸੀਲ ਮੱਛੀ; ਸ਼ਿਕਾਰ ਕਰਨਾ, ਮੁਹਰ ਲਾਉਣਾ, ਠੱਪਾ ਲਾਉਣਾ, ਪੱਕਾ ਕਰਨਾ; ਸੱਚਾ ਪਰੇਮ ਜਤਲਾਉਣਾ; **~ed** ਮੁਹਰਬੰਦ, ਮੁਹਰ ਲੱਗਿਆ; ਬੰਦ ਕੀਤਾ

search (ਸਅ:ਚ) *n v* ਖੋਜ, ਢੂੰਡ, ਜਾਂਚ, ਤਲਾਸ਼, ਦੇਖ-ਭਾਲ; ਭਾਲਣਾ, ਖੋਜਣਾ, ਢੂੰਡਣਾ, ਜਾਂਚਣਾ, ਤਲਾਸ਼ ਕਰਨੀ, ਦੇਖ-ਭਾਲ ਕਰਨੀ

season ('ਸੀਜ਼ਨ) *n v* ਰੁੱਤ, ਮੌਸਮ, ਅਨੁਕੂਲ ਅਵਸਰ; ਛੌਂਕਣਾ; **~al** ਮੌਸਮੀ

seat (ਸੀਟ) *n* ਆਸਣ, ਗੱਦੀ, ਕੁਰਸੀ; ਆਧਾਰ ਪੇਂਦਾ; ਟਿਕਾਣਾ, ਕੇਂਦਰ; ਕਾਠੀ

secession (ਸਿ'ਸੈਸ਼ਨ) *n* ਸਮਾਜ-ਤਿਆਗ; ਸਬੰਧ-ਤਿਆਗ; ਅਲਹਿਦਗੀ, ਵਖਰੇਵਾਂ

seclude (ਸਿ'ਕਲੂਡ) *v* ਇਕਾਂਤ ਵਿਚ ਰੱਖਣਾ, ਲੋਕ-ਸੰਪਰਕ ਤੋਂ ਦੂਰ ਰੱਖਣਾ, ਸੁਤੰਤਰ ਰੱਖਣਾ; **~d** ਦੂਰਸਥਾਪਤ, ਨਿਰਜਨ, ਇਕਾਂਤ

seclusion (ਸਿ'ਕਲੂਯ਼ਨ) *n* ਇਕਾਂਤਵਾਸ, ਨਿਰਜਨ ਥਾਂ, ਸੁੰਨੀ ਥਾਂ, ਇਕਾਂਤਤਾ; **~ist** ਇਕਾਂਤਵਾਦੀ, ਨਿਰਜਨਤਾ-ਪ੍ਰਿਯ

second ('ਸੈਕੱਅੰਡ) *n a v* ਪਿੱਛੇ ਆਇਆ ਆਦਮੀ, ਦੂਜਾ ਆਦਮੀ ਜਾਂ ਦਰਜਾ; ਛਿਣ, ਮਿੰਟ ਦਾ 1/60 ਭਾਗ, ਸੈਕੰਡ; ਤਾਈਦ ਕਰਨੀ; **~ary** ਗੌਣ, ਅਪ੍ਰਧਾਨ, ਅਮੁੱਖ, ਘੱਟ ਮਹੱਤਵ ਵਾਲਾ; ਮਗਰੋਂ ਵਾਲਾ; **~er** ਅਨੁਮੋਦਕ, ਪ੍ਰਸਤਾਵ-ਸਮਰਥਕ; **~ly** ਦੂਜੇ ਨੰਬਰ ਤੇ, ਦੂਜੀ ਥਾਂ ਤੇ, ਦੂਜੇ

secrecy ('ਸੀਕਰਅਸਿ) *n* ਗੁੱਝਾਪਣ, ਗੂੜ੍ਹਤਾ; ਰਹੱਸ, ਰਹੱਸਪੂਰਨਤਾ, ਲੁਕਾਉ-ਛਿਪਾਉ, ਭੇਤ, ਰਾਜ਼

secret ('ਸੀਕਰਿਟ) *n a* ਭੇਤ; ਰਾਜ਼, ਗੁਪਤ, ਗੂੜ੍ਹ, ਅਦ੍ਰਿਸ਼ਟ, ਖ਼ੁਫ਼ੀਆ; ਨਿੱਜੀ

secretarial ('ਸੈਕਰਿ'ਟੇਅਰਿਅਲ) *a* ਸੱਕਤਰੇਤ ਦਾ, ਸੱਕਤਰੇਤ ਸਬੰਧੀ; ਸਕੱਤਰ ਸਬੰਧੀ

secretariat(e) ('ਸੈਕਰਿ'ਟੇਰਿਅਟ) *a* ਸਕੱਤਰੇਤ, ਸਰਕਾਰ ਦਾ ਵਡਾ ਦਫ਼ਤਰ

secretion (ਸਿ'ਕਰੀਸ਼ਨ) *n* ਰਹੱਸ, ਲੁਕਾਉ, ਛਿਪਾਉ

secretive (ਸੀਕਰਅਟਿਵ਼) *a* ਰਹੱਸਪੂਰਨ, ਲੁਕਵਾਂ; ਛਿਪਵਾਂ, ਚੁੱਪ-ਚੁਪੀਤਾ, ਖ਼ਮੋਸ਼

sect (ਸੈਕੱਟ) *n* (1) ਪੰਥ, ਫ਼ਿਰਕਾ, ਮਾਰਗ, ਮੱਤ; ਧਾਰਮਕ ਸੰਪਰਦਾਇ; (2) ਛੇਦਨ, ਵਿਨ੍ਹੰਣ; **~arian** ਸੰਪਰਦਾਇਕ, ਫ਼ਿਰਕਾਪਰਸਤ, ਸੰਕੀਰਣ, ਫ਼ਿਰਕੂ; **~or** ਖੇਤਰ, ਖੰਡ; ਸ਼ਹਿਰ ਦਾ ਇਕ ਹਿੱਸਾ

section (ਸੈਕੱਸ਼ਨ) *n v* ਵਿਭਾਜਨ, ਕਾਟ; ਭਾਗ,

ਖੰਡ, ਹਿੱਸਾ; ਅਨੁਭਾਗ, ਮੰਡਲ, ਸੈਕਸ਼ਨ; ~al ਵਿਭਾਗੀ, ਅੰਸ਼ਕ, ਅਨੁਭਾਗੀ, ਵਰਗੀ

secular ('ਸੈੱਕਯੁਲਅ*) *n a* ਅਸੰਪਰਦਾਇਕ; ਧਰਮ-ਨਿਰਪੇਖ; **~ism** ਧਰਮ-ਨਿਰਪੇਖਤਾ, ਧਰਮ-ਨਿਰਪੇਖਵਾਦ, ਅਧਾਰਮਕਤਾ

secure (ਸਿ'ਕਯੁਅ*) *v a* ਸੁਰੱਖਿਅਤ ਰੱਖਣਾ; ਪੱਕਾ ਕਰਨਾ, ਪੁਖਤਾ ਕਰਨਾ; ਪ੍ਰਾਪਤ ਕਰਨਾ, ਬੇਫ਼ਿਕਰ, ਬੇਪਰਵਾਹ; ਦੁਬਧਾਹੀਣ; **~d** ਸੁਰੱਖਿਅਤ

security (ਸਿ'ਕਯੁਅਰਅਟਿ) *n* ਸੁਰੱਖਿਆ, ਸਲਾਮਤੀ, ਬਚਾਉ; ਰੱਖਿਅਕ; ਜ਼ਾਮਨੀ; ਜ਼ਮਾਨਤਨਾਮਾ, ਜ਼ਮਾਨਤ, ਸਾਖ-ਪੱਤਰ; ਰਿਣ-ਪੱਤਰ

sedation (ਸਿ'ਡੇਇਸ਼ਨ) *n* ਸ਼ਾਂਤੀਕਰਨ, ਸੀਤਲੀਕਰਨ

sediment ('ਸੈਡਿਮਅੰਟ) *n* ਫੋਗ, ਤਲਛਟ; **~ary** ਗਾਦ-ਭਰਿਆ, ਮੈਲ ਵਾਲਾ, ਤਲਛਟੀ

sedition (ਸਿ'ਡਿਸ਼ਨ) *n* ਬਗ਼ਾਵਤ; ਵਿਦਰੋਹ; ਰਾਜ-ਸੱਤਾ, ਵਿਦਰੋਹ, ਅੰਦੋਲਨ

seduce (ਸਿ'ਡਯੂਸ) *v* ਇਸਤਰੀ ਨੂੰ ਛਲਣਾ, ਬਹਿਕਾਉਣਾ; ਸਤ ਭੰਗ ਕਰਨਾ; ਗੁਮਰਾਹ ਕਰਨਾ, ਦੂਸ਼ਤ ਕਰਨਾ, ਪਤਿਤ ਕਰਨਾ

seduction (ਸਿ'ਡਅੱਕਸ਼ਨ) *n* ਝਾਂਸਾ, ਵਰਗਲਾਹਟ

see (ਸੀ) *v* ਤੱਕਣਾ, ਵੇਖਣਾ, ਦਿਸਣਾ, ਦਰਸ਼ਨ ਕਰਨਾ, ਦ੍ਰਿਸ਼ਟੀਗਤ ਕਰਨਾ; ਧਿਆਨ ਕਰਨਾ, ਗੌਰ ਕਰਨਾ, ਪਰਖਣਾ, ਨਿਰੀਖਣ ਕਰਨਾ; ਮਹਿਸੂਸ ਕਰਨਾ, ਮੁਲਾਕਾਤ ਕਰਨੀ

seed (ਸੀਡ) *n v* ਤੁਖਮ, ਨਸਲ, ਬੀਜ, ਦਾਣਾ, ਬੀਜਾਣੂ; ਮਣੀ, ਵੀਰਜ; ਮੁੱਢ, ਸ਼ੁਰੂਆਤ, ਬੀਂ ਬੀਜਣਾ, ਛਿੜਕਣਾ

seek (ਸੀਕ) *v* ਭਾਲਣਾ, ਖੋਜਣਾ, ਪਤਾ ਲਾਉਣਾ, ਢੂੰਡਣਾ; ਯਾਚਨਾ ਕਰਨੀ, ਪ੍ਰਾਰਥਨਾ ਕਰਨੀ

seem (ਸੀਮ) *v* ਪ੍ਰਤੀਤ ਹੋਣਾ, ਗਿਆਤ ਹੋਣਾ, ਲੱਗਣਾ, ਅਨੁਭਵ ਹੋਣਾ; ਦਿਸਣਾ, ਨਜ਼ਰ ਆਉਣਾ, ਜ਼ਾਹਰ ਹੋਣਾ; **~ly** ਭੱਦਰ, ਉੱਤਮ; ਉਚਿਤ, ਸ਼ਿਸ਼ਟ, ਉਪਯੁਕਤ, ਸੁਸੰਗਤ, ਸੁੰਦਰ

seep (ਸੀਪ) *v* ਰਿਸਣਾ, ਟਪਕਣਾ, ਸਿੰਮਣਾ

seer ('ਸੀਅ*) *n* ਭਵਿੱਖ-ਦ੍ਰਸ਼ਟਾ; ਰਿਸ਼ੀ; ਸਿੱਧ ਪੁਰਸ਼; ਪੈਗ਼ੰਬਰ, ਨੱਬੀ

seesaw ('ਸੀਸੋ) *n v* ਪੀਲ-ਪਲਾਂਘਾ; ਝੂਲਾ; ਬਰਾਬਰ ਦਾ ਮੁਕਾਬਲਾ; ਝੂਮ-ਝੂਮਾ ਖੇਲਣਾ

seethe (ਸੀਦ) *v* ਤਾਉ ਦੇਣਾ, ਜੋਸ਼ ਦੁਆਉਣਾ; ਕਰੋਧ ਵਿਚ ਆਉਣਾ; ਉਤੇਜਤ ਕਰਨਾ

segment ('ਸੈੱਗਮਅੰਟ, ਸੈੱਗ'ਮੈਂਟ) *n v* ਭਾਗ; ਖੰਡ, ਟੁਕੜਾ; ਫਾਂਕ; ਵਿਭਾਜਤ ਕਰਨਾ; **~ation** ਵਿਭਾਜਨ, ਵਿਛੇਦ

segregate ('ਸੈੱਗਰਿਗੇਇਟ) *v* ਅੱਡ ਕਰਨਾ, ਅੱਲਗ ਕਰਨਾ; ਕੱਟਣਾ, ਹਟਾਉਣਾ

segregation ('ਸੈੱਗਰਿ'ਗੇਇਸ਼ਨ) *n* ਵਿਯੋਗ, ਅਲਹਿਦਾਪਣ; ਵਿਤਕਰਾ, ਭੇਦਭਾਵ

seize (ਸੀਜ਼) *v* (ਕਾ) ਅਧਿਕਾਰ ਵਿਚ ਲੈਣਾ, ਕਾਬੂ ਕਰਨਾ, ਕਬਜ਼ਾ ਕਰਨਾ

seizure ('ਸੀਯ਼ਅ*) *n* ਕਬਜ਼ਾ; ਪਕੜ; ਧਾਰਣ; ਹਮਲਾ, ਅਵੇਸ਼

seldom ('ਸੈੱਲਡਅਮ) *adv* ਵਿਰਲਾ ਹੀ; ਕਦੀ-ਕਦਾਈਂ, ਬਹੁਤ ਘੱਟ; ਕਦਾਚਿਤ; ਕਦੇ ਕਦੇ

select (ਸਿ'ਲੈੱਕਟ) *v a* ਚੁਣਨਾ, ਛਾਂਟਣਾ, ਪਸੰਦ ਕਰਨਾ; ਮਨੋਨੀਤ ਕਰਨਾ; ਚੋਣਵਾਂ; **~ed** ਵਧੀਆ; ਚੁਣਿਆ, ਪਵਿੱਤਰ; **~ion** ਚੋਣ; ਮਨੋਨੀਤ; ਚੁਣਾਉ; ਛਾਂਟ; **~ive** ਚੁਣਨਯੋਗ, ਚੋਣਸ਼ੀਲ; ਵਰਣਾਤਮਕ

self (ਸੈੱਲਫ਼) *n a* ਆਪਾ, ਖ਼ੁਦੀ, ਅਹੰ, ਆਤਮ ਭਾਵ, ਨਿਜੀ ਹੋਂਦ; ਨਿਜ; ~abandoned ਵਿਲਾਸੀ, ਭੋਗੀ, ਵਿਸ਼ਈ; ~acquired ਸਵੈ-ਪ੍ਰਾਪਤ; ~centred ਸਵੈ-ਕੇਂਦਰਤ, ਸੁਆਰਥੀ, ਮਤਲਬੀ; ~confidence ਆਤਮ-ਵਿਸ਼ਵਾਸ; ~ish ਸੁਆਰਥੀ, ਮਤਲਬੀ, ਖ਼ੁਦਗ਼ਰਜ਼; ~ishness ਸੁਆਰਥ, ਖ਼ੁਦਗ਼ਰਜ਼ੀ; ~less ਸੁਆਰਥਹੀਣ; ਬੇਗ਼ਰਜ਼, ਤਿਆਗੀ; ~sufficiency ਆਤਮ-ਨਿਰਭਰਤਾ;

sell (ਸੈੱਲ) *v* ਵੇਚਣਾ, ਵਿਕਰੀ ਕਰਨੀ, ਫ਼ਰੋਖ਼ਤ ਕਰਨਾ; ਵਿਕਣਾ; ਠੱਗਣਾ, ਧੋਖਾ ਦੇਣਾ, ਝਾਂਸਾ ਦੇਣਾ; ~er ਵਿਕ੍ਰੇਤਾ, ਵੇਚਣ ਵਾਲਾ

semantics (ਸਿ'ਮੈਂਟਿਕਸ) *n* ਅਰਥ-ਵਿਗਿਆਨ, ਅਰਥਕੀ

semblance ('ਸੈਂਬਲਅੰਸ) *n* ਬਾਹਰੀ ਰੂਪ, ਸਮਾਨਤਾ, ਝਲਕ, ਆਭਾਸ

semen ('ਸੀਮੈੱਨ) *n* ਵੀਰਜ, ਬੀਜ, ਮਣੀ; ਧਾਤ

semester (ਸਿ'ਮੈੱਸਟਅ*) *n* ਛਿਮਾਹੀ ਪਾਠ-ਕ੍ਰਮ; ਛਿਮਾਹੀ

semi ('ਸੈਮਿ) *pref* ਅੱਧ, ਅਰਧ (ਅਗੇਤਰ ਰੂਪ); ਨੀਮ; ਅਪੂਰਣ; ~colon ਅਰਧਵਿਰਾਮ

seminar ('ਸੈਮਿਨਾ*) *n* ਗੋਸ਼ਟੀ, ਵਿਚਾਰ-ਗੋਸ਼ਟੀ

seminary ('ਸੈਮਿਨਅਰਿ) *n* ਸਿੱਖਿਆਲਾ, ਸਕੂਲ, ਪਾਠਸ਼ਾਲਾ, ਵਿਦਿਆਲਾ,

semiotics ('ਸੈਮਿ'ਔਟਿਕਸ) *n* ਚਿੰਨ੍ਹ ਵਿਗਿਆਨ

semolina ('ਸੈੱਮਅ'ਲੀਨਅ) *n* ਸੂਜੀ

senate ('ਸੈਨਿਟ) *n* ਉੱਚ-ਸਦਨ; ਵਿਧਾਨ-ਸਭਾ, ਵੱਡੀ ਸਭਾ; ਵਿਸ਼ਵ-ਵਿਦਿਆਲਾ ਦੀ ਪ੍ਰਬੰਧ-ਸੰਮਤੀ, ਪ੍ਰਸ਼ਾਸਨ ਸੰਮਤੀ

send (ਸੈਂਡ) *v* ਘੱਲਣਾ, ਭੇਜਣਾ, ਪਹੁੰਚਾਉਣਾ, ਵਿਦਾ ਕਰਨਾ, ਟੋਰਨਾ, ਰਵਾਨਾ ਕਰਨਾ; ਚਲਾਉਣਾ, ਭਜਾਉਣਾ, ਧੱਕਣਾ, ਠੇਲ੍ਹਣਾ; ~off ਵਿਦਾਇਗੀ

senility (ਸਿ'ਨਿਲਅਟਿ) *n* ਬਿਰਧ ਅਵਸਥਾ, ਬੁਢਾਪਾ; ਕਮਜ਼ੋਰੀ

senior ('ਸੀਨਯਅ*) *n a* ਜਠੇਰਾ, ਬਿਰਧਜਨ, ਵੱਡਾ; ਪ੍ਰਧਾਨ, ਉੱਚ, ਸ੍ਰੇਸ਼ਠ; ~ity ਉੱਚਤਾ, ਵੱਡਪਣ, ਬਜ਼ੁਰਗੀ, ਸਿਆਣਾਪਣ, ਜੇਠਾਪਣ

sensation (ਸੈਂ'ਸੇਇਸ਼ਨ) *n* ਸੰਵੇਦਨਾ, ਉਦਵੇਗ, ਤੀਬਰ ਅਨੁਭਵ, ਸਨਸਨੀ, ਚੇਤਨਤਾ, ਅੰਤਰ-ਅਨੁਭਵ; ਸਮਝ, ਇਹਸਾਸ; ਝਰਨਾਹਟ, ਲਹਿਰ; ~al ਸਨਸਨੀਖੇਜ਼, ਉਤੇਜਨਾਪੂਰਨ, ਸੰਵੇਦਨਾਤਮਕ

sense (ਸੈਂਸ) *n* ਵਿਵੇਕ, ਸਹਿਜ ਬੁਧੀ, ਹੋਸ਼; ਗਿਆਨ ਇੰਦਰੀ, ਚੇਤਨਤਾ, ਸੰਵੇਦਨਾ; ਸਧਾਰਨ ਗਿਆਨ, ਵਿਹਾਰਕਤਾ, ਵਿਹਾਰਕ ਗਿਆਨ, ਸਮਝਦਾਰੀ; ਭਾਵਨਾ, ਵਿਚਾਰ, ਭਾਵੁਕਤਾ; ਤਾਤਪਰਜ, ਅਰਥ; ਭਾਵ, ਮਤਲਬ; ਤੱਤ; ~less ਚੇਤਨਾਹੀਣ, ਬੇਹੋਸ਼; ਬੁੱਧੀਹੀਣ, ਨਾਸਮਝ, ਨਾਦਾਨ, ਮੂਰਖ

sensible ('ਸੈਂਸਅਬਲ) *a* ਸੰਵੇਦਨਸ਼ੀਲ; ਵਿਹਾਰਕ; ਗਿਆਨਵਾਨ, ਵਿਵੇਕੀ, ਸਮਝਦਾਰ

sensitive ('ਸੈਂਸਿਟਿਵ਼) *n a* ਸੰਵੇਦੀ, ਸੰਵੇਦਨਸ਼ੀਲ, ਸਚੇਤ, ਚੇਤਨਾਸ਼ੀਲ, ਸੂਖਮਗ੍ਰਾਹੀ, ਭਾਵੁਕ, ਨਾਜ਼ੁਕ ਮਿਜ਼ਾਜ, ਛੂਈਮੂਈ; ~ness ਸੰਵੇਦਨਸ਼ੀਲ੍ਤਾ, ਭਾਵੁਕਤਾ, ਭਾਵਗ੍ਰਹਿਕਤਾ, ਨਾਜ਼ੁਕ-ਮਿਜ਼ਾਜੀ

sensory ('ਸੈਂਸਅਰਿ) *a* ਸੰਵੇਦੀ, ਸੰਵੇਦਕ, ਸੰਵੇਦਨਾਤਮਕ, ਅਨੁਭੂਤੀ ਸਬੰਧੀ

sensual ('ਸੈਂਸਯੁਅਲ) *a* ਪ੍ਰਤੱਖਵਾਦੀ, ਸੰਵੇਦਨਾਵਾਦੀ; ਕਾਮੁਕ; ਵਾਸਨਾਤਮਕ

sensuos ('ਸੈਂਸਯੁਅਸ) *a* ਇੰਦਰੀ-ਭੋਗ ਸਬੰਧੀ,

ਇੰਦਰੀ-ਗਤ

sentence ('ਸੈਂਟਅੰਸ) *n v* ਵਾਕ; ਸੂਤਰ, (ਪ੍ਰ) ਕਹਾਵਤ; ਨਿਰਣੈ; ਜਿਉਰੀ ਦਾ ਫ਼ੈਸਲਾ; ਸਜ਼ਾ ਦਾ ਹੁਕਮ; ਫ਼ੈਸਲਾ ਦੱਸਣਾ, ਨਿਰਣੈ ਦੇਣਾ, ਹੁਕਮ ਸੁਣਾਉਣਾ

sentiment ('ਸੈਂਟਿਮਅੰਟ) *n* ਭਾਵਨਾ, ਮਨੋਭਾਵ, ਭਾਵਾਤਮਕ ਵਿਚਾਰ, ਜਜ਼ਬਾ; **~al** ਭਾਵੁਕ, ਜਜ਼ਬਾਤੀ

sentinel, sentry ('ਸੈਂਟਿਨਲ, 'ਸੈਂਟਰਿ) *n v* ਸੰਤਰੀ, ਰੱਖਿਅਕ, ਪਹਿਰੇਦਾਰ; ਪਹਿਰਾ ਦੇਣਾ, ਰੱਖਿਆ ਕਰਨੀ

separable ('ਸੇਪ(ਅ)ਰਅਬਲ) *a* ਨਿੱਖੜਵਾਂ, ਅੱਡ ਹੋਣ ਯੋਗ, ਅਲੱਗ ਕਰਨ ਯੋਗ

separate ('ਸੈੱਪਅਰਅਟ, 'ਸੈੱਪਅਰੇਇਟ) *n a v* ਵੱਖ; ਸੁਤੰਤਰ, ਨਿਜੀ, ਆਪਣਾ; ਵਖਰਾਉਣਾ, ਅੱਡ ਕਰਨਾ, ਵਿਯੁਕਤ ਕਰਨਾ, ਵਿਭਕਤ ਕਰਨਾ, ਭੇਦ ਕਰਨਾ, ਅੱਲਗ ਕਰਨਾ, ਜੁਦਾ ਕਰਨਾ, ਵਿਛੜਨਾ

separation ('ਸੈੱਪਅ'ਰੇਇਸ਼ਨ) *n* ਜੁਦਾਈ; ਵਿਯੁਕਤੀ, ਵਿਯੋਗ, ਬਿਰਹ, ਵਿਭੇਦ

sepoy ('ਸੀਪੋਇ) *n* ਸੈਨਕ, ਸਿਪਾਹੀ

sequel ('ਸੀਕਵ(ਅ)ਲ) *n* ਸਮਾਪਤੀ, ਅੰਤਮ ਰੂਪ, ਉੱਤਰ, ਬਾਕੀ, ਬਚਿਆ ਹਿੱਸਾ, ਪਰਿਣਾਮ

sequence ('ਸੀਕਵਅੰਸ) *n* ਕੜੀ, ਸਿਲਸਲਾ, ਤਰਤੀਬ

seraglio (ਸੈਰੱਾਗਲਾਉ) *n* ਹਰਮ, ਰਣਵਾਸ

serape (ਸੈਰੱਾਪਿ) *n* ਸ਼ਾਲ, ਦੁਸ਼ਾਲਾ, ਓੜ੍ਹਨਾ

serene (ਸਿ'ਰੀਨ) *n v a* ਸ਼ਾਂਤ ਵਿਸਥਾਰ; ਸ਼ਾਂਤ ਕਰਨਾ; ਸਥਿਰ; ਨਿਰਮਲ, ਸ਼ੁੱਧ, ਪ੍ਰਸੰਨ; ਨਿਖਰਿਆ, ਉੱਜਲ

serf (ਸਅ:ਫ਼) *n* ਪੀੜਤ ਵਿਅਕਤੀ; ਗ਼ੁਲਾਮ, ਵਗਾਰੀ; **~dom** ਦਾਸ ਪ੍ਰਥਾ, ਦਾਸਤਾ

serial ('ਸਿਅਰਿਅਲ) *n a* ਪ੍ਰਕਾਸ਼ਨ ਲੜੀ; ਲੜੀਦਾਰ, ਧਾਰਾਵਾਹਕ, ਸਿਲਸਲੇਵਾਰ; **~number** ਲੜੀ ਨੰਬਰ, ਕ੍ਰਮ ਸੰਖਿਆ; **~ly** ਕ੍ਰਮ ਅਨੁਸਾਰ, ਕ੍ਰਮ ਪੂਰਵਕ, ਸਿਲਸਲੇਵਾਰ

sericulture ('ਸੈਰਿ'ਕਅੱਲਚਅ*) *n* ਰੇਸ਼ਮ-ਉਤਪਾਦਨ

series ('ਸਿਅਰੀਜ਼) *n* ਲੜੀ, ਕੜੀ, ਮਾਲਾ, ਸਿਲਸਲਾ; ਸ਼੍ਰੇਣੀ; ਅੰਕਮਾਲਾ, ਲੇਖਮਾਲਾ, ਪੁਸਤਕਮਾਲਾ

serious ('ਸਿਅਰਿਅਸ) *a* ਗੰਭੀਰ, ਧੀਰ, ਸੰਜੀਦਾ, ਚਿੰਤਨਸ਼ੀਲ, ਵਿਚਾਰਸ਼ੀਲ, ਧਿਆਨ, ਮਗਨ; **~ness** ਗੰਭੀਰਤਾ, ਸੰਜੀਦਗੀ, ਵਿਚਾਰਸ਼ੀਲਤਾ, ਉਤਸੁਕਤਾ

sermon ('ਸਅ:ਮਅਨ) *n v* ਪ੍ਰਵਚਨ, ਉਪਦੇਸ਼, ਧਰਮ-ਉਪਦੇਸ਼, ਧਰਮ-ਵਿਆਖਿਆਨ; ਵਿਆਖਿਆਨ ਦੇਣਾ, ਸਿੱਖਿਆ ਦੇਣੀ

serpent ('ਸਅ:ਪਅੰਟ) *n* ਸੱਪ, ਨਾਗ, ਭੁਜੰਗ; ਵਿਸ਼ਵਾਸਘਾਤੀ ਆਦਮੀ, ਧੋਖੇਬਾਜ਼ ਆਦਮੀ

servant ('ਸਅ:ਵ੍ਅੰਟ) *n* ਕਰਮਚਾਰੀ, ਨੌਕਰ, ਮੁਲਾਜ਼ਮ, ਸੇਵਕ, ਦਾਸ

serve (ਸਅ:ਵ੍) *v* ਸੇਵਾ ਕਰਨੀ, ਨੌਕਰੀ ਕਰਨੀ, ਕੰਮ ਕਰਨਾ, ਖ਼ਿਦਮਤ ਕਰਨੀ; ਲਾਭਦਾਇਕ ਹੋਣਾ, ਉਪਯੋਗੀ ਹੋਣਾ, ਕੰਮ ਆਉਣਾ; ਮਤਲਬ ਪੂਰਾ ਕਰਨਾ, ਸੰਤੁਸ਼ਟ ਕਰਨਾ; ਟਹਿਲ ਕਰਨੀ

service ('ਸਅ:ਵ੍ਸਿ) *n v* ਸੇਵਾ, ਨੌਕਰੀ, ਖ਼ਾਤਰ, ਖ਼ਿਦਮਤ, ਮੁਲਾਜ਼ਮਤ; ਉਪਕਾਰ, ਪਰਉਪਕਾਰ, ਸੇਵਾ-ਭਾਵ; ਸਹਾਇਤਾ; ਪੂਜਾ-ਪਾਠ; ਮੁਰੰਮਤ ਕਰਨੀ, ਸਫ਼ਾਈ ਕਰਨੀ; **~able** ਉਪਕਾਰੀ ਹਿੱਤਕਾਰੀ, ਸੇਵਾ ਯੋਗ, ਟਿਕਾਊ, ਮਜ਼ਬੂਤ

serviette ('ਸਅ:ਵ੍ਇ'ਐਂਟ) *n* ਰੁਮਾਲ, ਤੌਲੀਆ

servile ('ਸਅ:ਵ੍ਹਾਇਲ) *a* ਨੀਚ, ਤੁੱਛ; ਹੀਣ; ਖੁਸ਼ਾਮਦੀ; ਕਮੀਨਾ; ਜੀ ਹਜ਼ੂਰੀਆ, ਚਾਪਲੂਸ

servitude ('ਸਅ:ਵ੍ਹਿਟਯੂਡ) *n* ਦਾਸਤਾ; ਗ਼ੁਲਾਮੀ, ਸੇਵਾ ਭਾਵ

sesame ('ਸੈੱਸਅਮਿ) *n* ਤਿਲ

session ('ਸੈੱਸ਼ਨ) *n* ਵਿਧਾਨ ਸਭਾ ਦੀ ਬੈਠਕ, ਸਭਾ, ਵਿਸ਼ਵਵਿਦਿਆਲੇ ਦਾ ਸਿੱਖਿਆ-ਕਾਲ, ਅਧਿਆਪਨ ਵਰ੍ਹਾ; ਅਜਲਾਸ

set (ਸੈਟ) *n v* ਜੁੱਟ; ਸੂਰਜ ਦਾ ਢਲਣਾ; ਢਾਂਚਾ, ਬਣਾਵਟ; ਧਾਰਾ, ਵਹਾਉ; ਬੈਠਾਉਣਾ, ਜੜਨਾ; ਸਥਾਪਤ ਕਰਨਾ; ਨਿਰਣੈ ਕਰਨਾ, ਨਿਸ਼ਚਤ ਕਰਨਾ, ਨਿਯਤ ਕਰਨਾ; ਪੱਕਾ ਕਰਨਾ, ਠਾਣ ਲੈਣਾ; ਠੀਕ ਕਰਨਾ; **~ting** ਯੋਜਨਾ; ਸਥਾਪਨ, ਜੜਾਉ, ਬੈਠਾਉ; ਦ੍ਰਿਸ਼ਪਟ, ਚੁਗਿਰਦਾ, ਵਾਤਾਵਰਣ

settle ('ਸੈੱਟਲ) *v* ਸਥਾਪਨ ਕਰਨਾ, ਲਾਉਣਾ, ਜਮਾਉਣਾ; ਸ਼ਾਂਤ ਕਰਨਾ, ਸੁਲਝਣਾ, ਸੁਲਝਾਉਣਾ; ਫ਼ੈਸਲਾ ਕਰਨਾ; ਨਿਸ਼ਚੈ ਕਰਨਾ, ਠਾਣਨਾ, ਨਿਯੁਕਤ ਕਰਨਾ; ਸਹਿਮਤ ਕਰਨਾ; ਰਾਜ਼ੀ ਹੋਣਾ; **~d** ਨਿਸ਼ਚਤ, ਨਿਯਤ, ਸਥਾਪਤ, ਚੁਕਤਾ ਕੀਤਾ, ਚੁਕਾਇਆ; **~ment** ਨਿਰਣਾ, ਨਿਸ਼ਚਾ; ਨਿਪਟਾਰਾ; ਸਥਾਪਨ; ਸਮਾਧਾਨ, ਸਮਝੌਤਾ; ਉਪਨਿਵੇਸ਼; ਬਸਤੀ

seven ('ਸੈਵ੍ਹਨ) *a n* ਸੱਤਵਾਂ; ਸੱਤ ਦੀ ਗਿਣਤੀ, ਸੱਤਾਂ ਦਾ ਇੱਕਠ; **~fold** ਸੱਤ-ਗੁਣਾ; **~teen** ਸਤਾਰਾਂ; **sweet ~teen** ਨਵਯੁਵਤੀ ਦਾ ਸੁੰਦਰਤਾ-ਕਾਲ, ਸਤਾਰਾਂ ਸਾਲਾ ਸੁੰਦਰੀ; **~th** ਸੱਤਵਾਂ ਭਾਗ; ਸੱਤਵਾਂ; **~ty** ਸੱਤਰ ਦੀ ਸੰਖਿਆ ਜਾਂ ਅੰਕ; ਸੱਤਰ੍ਹਵਾਂ

several (ਸੈੱਵ੍ਹਅ*ਲ) *a pron* ਤੋੜਨਾ (ਸਬੰਧ) ਅੱਡ ਕਰਨਾ, ਵੱਖ ਕਰਨਾ, ਅੱਲਗ ਕਰਨਾ; ਅਲਹਿਦਾ, ਨਿਆਰਾ, ਭਿੰਨ, ਸੁਤੰਤਰ, ਵਿਭਿੰਨ, ਵਿਸ਼ੇਸ਼, ਅਨੇਕ, ਨਾਨਾ ਪ੍ਰਕਾਰ

severe (ਸਿਵ੍ਹਿਅ*) *a* ਘੋਰ, ਅਤੀਅੰਤ, ਬੇਹੱਦ, ਪ੍ਰਚੰਡ, ਉਗਰ, ਤੀਬਰ, ਤੀਖਣ, ਅਸਹਿ, ਭਾਰੀ, ਸਖ਼ਤ; ਦੰਡਸ਼ੀਲ; ਤਿੱਖਾ, ਕੌੜਾ

severity (ਸਿ'ਵ੍ਹੈਅਟਿ) *n* ਤੀਖਣਤਾ, ਤੀਬਰਤਾ, ਗਰਮੀ, ਤੇਜ਼ੀ, ਨਿਰਦਇਤਾ, ਕਠੋਰਤਾ, ਨਿਸ਼ਠੁਰਤਾ

sew (ਸਅਉ) *v* ਸਿਉਣਾ, ਸੀਣਾ, ਸਿਲਾਈ ਕਰਨਾ; **~er** ਦਰਜ਼ੀ; **~ing** ਸਿਲਾਈ, ਸਿਉਣ

sewage ('ਸੁਇਜ) *n* ਗੰਦੀ ਨਾਲੀ ਦਾ ਪਾਣੀ, ਮਲ-ਪਰਵਾਹ

sewer (ਸੁਅ*) *n* (ਇਤਿ) ਖਾਨਸਾਮਾ; ਗੰਦਾ ਨਾਲਾ

sex (ਸੈਕਸ) *n* ਲਿੰਗ, ਲਿੰਗ ਭੇਦ, ਯੋਨੀ, ਕਾਮ; **~ology** ਲਿੰਗ-ਵਿਗਿਆਨ, ਕਾਮ-ਵਿਗਿਆਨ; **~ual** ਲਿੰਗੀ, ਮੈਥੁਨੀ, ਲਿੰਗ ਮੂਲਕ, ਯੋਨੀ ਸਬੰਧੀ, ਇਸਤਰੀ-ਪੁਰਸ਼ ਸਬੰਧੀ; **~uality** ਕਾਮਵਾਸਨਾ, ਕਾਮੁਕਤਾ; **~y** ਅਤੀ ਕਾਮੀ, ਅਤੀ ਵਿਲਾਸੀ, ਕਾਮੁਕ

shabby ('ਸ਼ੈਬੀ) *a* ਖੁੱਥੜ; ਪਾਟਿਆ, ਪੁਰਾਣਾ, ਲੀਚੜ, ਨੀਚ, ਕੰਜੂਸ; ਹੋਛਾ

shack (ਸ਼ੈਕ) *n* ਝੁੱਗੀ, ਟੱਪਰੀ

shackle ('ਸ਼ੈਕਲ) *n v* ਹੱਥਕੜੀ; (in *pl* **s**) ਰੁਕਾਵਟ; ਬੰਧਨ, ਕੁੰਡਾ; ਜੋੜਨਾ, ਮਿਲਾਉਣਾ; ਸੰਗਲ ਪਾਉਣਾ; ਰੋੜਾ ਅਟਕਾਉਣਾ

shade (ਸ਼ੇਇਡ) *n v* ਪਰਛਾਈਂ, ਛਾਂ, ਛਾਂ-ਦਾਰ ਥਾਂ; ਘੁਸਮੁਸਾ; ਭਰਾਂਤੀ; ਹਨੇਰਾ ਕਰਨਾ, ਧੁੰਦਲਾ ਕਰਨਾ; ਛਾਂ ਕਰਨੀ, ਧੁੱਪ ਤੋਂ ਬਚਾਉਣਾ; ਪਰਦਾ ਪਾਉਣਾ, ਲੁਕਾਉਣਾ; **~d** ਛਾਇਆ ਕ੍ਰਿਤ, ਥੋੜ੍ਹਾ ਘਟਾਇਆ

shadow ('ਸ਼ੈਡਅਉ) *n v* ਛਾਂ; ਪ੍ਰਤੀਬਿੰਬ,

ਸਹਿਚਰ, ਸਹਿਗਾਮੀ, ਸੰਗੀ, ਪ੍ਰਤੀਰੂਪ, ਛਾਇਆ; ਝਲਕ, ਹਲਕਾ ਖ਼ਾਕਾ; ਛਾਉਣਾ, ਛਾ ਜਾਣਾ, ਲੁਕਾ ਲੈਣਾ; ਧੁੰਦਲਾ ਖ਼ਾਕਾ ਖਿੱਚਣਾ; ਛਾਂ ਪਾਉਣੀ, ਛਾਂ ਕਰਨੀ

shady ('ਸ਼ੇਇਡਿ) *a* ਛਾਂਦਾਰ, ਛਾਇਆਮਈ; ਘਣਾ; ਅਪਰਗਟ, ਗੁਪਤ, ਨਿਖਿੱਧ

shake (ਸ਼ੇਇਕ) *n v* ਹਲੂਣਾ, ਹੁਝਕਾ, ਥਰਕਣ, ਝਟਕਾ, ਧੱਕਾ, ਹਿਚਕੋਲਾ; ਕੰਬਣਾ, ਥਰਕਣਾ, ਡੋਲਣਾ; ਕੰਬਾਉਣਾ, ਘੁਮਾਉਣਾ

shaky ('ਸ਼ੇਇਕਿ) *a* ਅਸਥਿਰ, ਨਿਰਬਲ, ਡਾਵਾਂਡੋਲ, ਸੰਦੇਹ-ਪੂਰਨ, ਕੰਬਣ ਵਾਲਾ, ਝਿੱਜਕਦਾ; ਹਿੱਲਦਾ ਅਟਿੱਕਵਾਂ, ਢਿੱਲਾ

shallow ('ਸ਼ੈਲਅਉ) *n v a* ਕਛਾਰ, ਘੱਟ ਪਾਣੀ ਦੀ ਥਾਂ; ਹੋਛਾ ਹੋਣਾ; ਤੁੱਛ, ਸਾਰਹੀਣ, ਹੋਛਾ; **~ness** ਹੋਛਾਪਣ, ਥੋਥਾਪਣ, ਹਲਕਾਪਣ

shamble ('ਸ਼ੈਂਬਲ) *n v* ਭੱਦੀ ਚਾਲ, ਵਿਰੂਪ ਗਤੀ, ਬੇਢੰਗੀ ਦੌੜ, ਡਿਗਦੇ ਢਹਿੰਦੇ ਟੁਰਨਾ, ਲੜਖੜਾਂਦੇ ਹੋਏ ਚੱਲਣਾ

shambles ('ਸ਼ੈਂਬਲਜ਼) *n* ਬੁਚੜਖ਼ਾਨਾ; ਰੋਲ ਘਚੋਲਾ; ਦੁਰਦਸ਼ਾ, ਤਬਾਹੀ

shame (ਸ਼ੇਇਮ) *n v* ਲੱਜਾ, ਲਾਜ, ਸ਼ਰਮ, ਝਿਜਕ, ਝੇਂਪ, ਹਿਆ, ਗ਼ੈਰਤ; ਸ਼ਰਮਿੰਦਗੀ, ਲਾਨ੍ਹਤ; ਸ਼ਰਮਿੰਦਾ ਕਰਨਾ; ਨੀਵਾਂ ਦਿਖਾਉਣਾ, ਅਪਮਾਨਤ ਕਰਨਾ; **~full** ਸ਼ਰਮਨਾਕ, ਲੱਜਾਜਨਕ; ਅਸ਼ਲੀਲ, ਖ਼ਰਾਬ; **~less** ਬੇਸ਼ਰਮ, ਬੇਹਯਾ, ਲੱਜਾਹੀਣ, ਨਿਰਲੱਜ, ਢੀਠ

shanty ('ਸ਼ੈਨਟਿ) *n* ਛੱਪਰੀ, ਟੱਪਰੀ, ਕੁਟੀਆ, ਕੁਟੀਰ, ਝੌਂਪੜੀ

shape (ਸ਼ੇਇਪ) *n v* ਰਚਨਾ, ਰੂਪ, ਡੀਲ-ਡੌਲ, ਬਣਾਵਟ, ਆਕਾਰ, ਆਕ੍ਰਿਤੀ, ਸੂਰਤ, ਸ਼ਕਲ; ਰੰਗ-ਰੂਪ, ਪ੍ਰਕਾਰ; ਸਿਰਜਣਾ, ਰੂਪ ਦੇਣਾ, ਸ਼ਕਲ ਦੇਣੀ; ਸ਼ਕਲ ਇਖ਼ਤਿਆਰ ਕਰਨਾ; ਨਿਰਮਾਣ ਕਰਨਾ, ਸਾਂਚੇ ਵਿਚ ਢਾਲਣਾ; **~d** ਸਾਕਾਰ, ਸਰੂਪ, ਰੂਪਯੁਕਤ; ਆਕਾਰਯੁਕਤ

share (ਸ਼ੇਅ*) *n v* ਵੰਡਾਈ, ਬਟਾਈ, ਹਿੱਸਾ; ਵੰਡ, ਅੰਸ਼; ਹਿੱਸਾ ਲੈਣਾ, ਸ਼ਾਮਲ ਹੋਣਾ, ਸਹਿਭਾਗੀ ਹੋਣਾ

shark (ਸ਼ਾਕ) *n v* ਸਮੁੰਦਰੀ ਮੱਛੀ, ਵੱਡਾ ਮੱਛ; ਧੋਖੇਬਾਜ਼ ਸ਼ਖ਼ਸ; ਠਗੱਣਾ, ਚਾਰ ਸੌ ਵੀਹ ਕਰਨੀ

sharp (ਸ਼ਾਪ) *a v* ਤਿੱਖਾ, ਤੇਜ਼, ਧਾਰਦਾਰ, ਬਾਰੀਕ, ਨੋਕੀਲਾ, ਨੋਕਦਾਰ, ਅਣਿਆਲਾ, ਤਤਪਰ; ਹੁਸ਼ਿਆਰ, ਚੌਕਸ, ਸੰਵੇਦਨਸ਼ੀਲ, ਚਲਾਕ; ਤੁਰਤ-ਫੁਰਤ ਕਰਨ ਵਾਲਾ; ਤਿੱਖਾ ਕਰਨਾ, ਤੇਜ਼ ਕਰਨਾ, ਧਾਰ ਬਣਾਉਣਾ; **~en** ਤੇਜ਼ ਕਰਨਾ ਜਾਂ ਹੋਣਾ, ਧਾਰ ਲਗਾਉਣਾ, ਸਾਣ ਉੱਤੇ ਚੜ੍ਹਾਉਣਾ; ਸਪਸ਼ਟ ਕਰਨਾ; ਉਤਸੁਕ ਕਰਨਾ; ਕਾਇਆਂ ਹੋਣਾ; **~ness** ਤੀਖਣਤਾ, ਤੇਜ਼ੀ, ਤੀਬਰਤਾ, ਨੁਕੀਲਾ-ਪਣ, ਪ੍ਰਚੰਡਤਾ; ਕਠੋਰਤਾ, ਤੀਬਰ ਦ੍ਰਿਸ਼ਟੀ, ਸਤਰਕਤਾ; ਸੰਵੇਦਨਸ਼ੀਲਤਾ

shatter ('ਸ਼ੈਟਅ*) *v* ਛਿੰਨ-ਭਿੰਨ ਕਰਨਾ, ਉਲਟਣਾ-ਪੁਲਟਣਾ, ਬਰਬਾਦ ਕਰਨਾ, ਧੱਜੀਆਂ ਉਡਾਉਣਾ, ਖਿਲਾਰਨਾ

shave (ਸ਼ੇਇਵ਼) *n v* ਹਜਾਮਤ; ਹਜਾਮਤ ਕਰਨੀ, ਮੁੰਨਣਾ; ਵਾਲ ਬਣਾਉਣਾ, ਵਾਲ ਕੱਟਣਾ; **~r** ਨਾਈ, ਹੱਜਾਮ; ਮੁੰਡਾ; ਛੋਕਰਾ, ਲੁਟੇਰਾ

shaving ('ਸ਼ੇਇਵ਼ਿਙ) *n* ਕਤਰਨਾਂ; ਛਿੱਲਤਰਾਂ

shawl (ਸ਼ੋਲ) *n* ਫ਼ਰਦ, ਗਰਮ ਲੋਈ ਜਾਂ ਭੂਰੀ, ਸ਼ਾਲ, ਦੁਸ਼ਾਲਾ

sheaf (ਸ਼ੀਫ਼) *n v* ਦੱਥਾ, ਭਰੀ, ਪੂਲਾ, ਪੁਲੰਦਾ, ਮੁੱਠ; ਪੂਲਾ ਬੰਨ੍ਹਣਾ

sheath (ਸ਼ੀਥ) *n* ਮਿਆਨ, ਗ਼ਿਲਾਫ਼, ਕੋਸ਼, ਖੋਲ; **~e** ਮਿਆਨ ਵਿਚ ਪਾਉਣਾ, ਗ਼ਿਲਾਫ਼ ਚੜ੍ਹਾਉਣਾ,

ਖੋਲ ਚੜ੍ਹਾਉਣਾ; ਮੜ੍ਹਨਾ; ਸੁਰੱਖਿਅਤ ਕਰਨਾ; ਬਕਸੇ ਵਿਚ ਬੰਦ ਕਰਨਾ

shed (ਸ਼ੈੱਡ) *n v* ਛੰਨ, ਛੱਪਰ, ਢਾਰਾ; ਉਤਾਰਨਾ, ਲਾਹੁਣਾ

sheep (ਸ਼ੀਪ) *n* ਭੇਡ; ਮੀਢਾ; ਮੇਖ (ਰਾਸ਼ੀ); ਸੰਕੋਚੀ, ਸ਼ਰਮਾਕਲ ਮਨੁੱਖ; **~ish** ਦੱਬੂ

sheer (ਸ਼ਿਅ*) *a adv* (ਢਲਾਨ) ਸਿੱਧੀ ਖੜ੍ਹਵੀਂ; ਨਿਰਾ, ਨਿਪਟ; ਸਰਾਸਰ; ਸਿਰਫ਼, ਖੜ੍ਹਵੇਂ ਢੰਗ ਨਾਲ; ਪ੍ਰਤੱਖ ਤੌਰ ਤੇ

sheet (ਸ਼ੀਟ) *n v* ਚਾਦਰ, ਪਲੰਘ-ਪੋਸ਼; ਝਾਲਰ; ਅਖ਼ਬਾਰ, ਪਰਚਾ, ਕਾਗ਼ਜ਼; ਚਾਦਰ ਲੈਣੀ, ਚਾਦਰ ਵਿਛਾਉਣੀ

shelf (ਸ਼ੈੱਲਫ਼) *n* ਕਿਤਾਬਖ਼ਾਨਾ, ਅਲਮਾਰੀ ਦਾ ਖ਼ਾਨਾ; ਰਖਣਾ

shell (ਸ਼ੈੱਲ) *n v* (1) ਖੋਲ, ਖੋਪਰੀ; (2) ਸੰਖ, ਸਿੱਪੀ, ਘੋਗਾ; (3) ਛਿਲੜ, ਪਰਤ, ਤਹਿ; (4) ਰੂਪ-ਰੇਖਾ, ਖ਼ਾਕਾ; (5) ਫ਼ੌਜੀ ਸਿਪਾਹੀ ਦੀ ਜਾਕਟ ਜਾਂ ਝੱਗੀ; ਛਿਲਣਾ, ਹੋਲੇ ਸੁੱਟਣਾ

shelter ('ਸ਼ੈੱਲਟਅ*) *n v* ਆਸਰਾ, ਸ਼ਰਨ, ਬਚਾਉ, ਓਟ, ਆੜ; ਝੌਂਪੜੀ, ਸ਼ੈਡ; ਛਤਰ; ਪਨਾਹ; ਆਸਰਾ ਲੈਣਾ, ਸ਼ਰਨ ਵਿਚ ਆਉਣਾ; **~less** ਬੇਆਸਰਾ, ਬੇਸਹਾਰਾ, ਨਿਰਾਧਾਰ, ਸ਼ਰਨਹੀਣ, ਅਨਾਥ

shelve (ਸ਼ੈੱਲਵ਼) *v* ਪੁਸਤਕ ਆਦਿ ਨੂੰ ਅਲਮਾਰੀ ਵਿਚ ਰੱਖਣਾ, ਤਾਕ ਕੇ ਰੱਖਣਾ; ਮੁਲਤਵੀ ਕਰਨਾ, ਛੱਡ ਦੇਣਾ; (ਕਿਸੇ ਆਦਮੀ ਨੂੰ) ਕੱਢ ਦੇਣਾ, ਕੰਮ ਤੋਂ ਹਟਾਉਣਾ; ਅਲਮਾਰੀ ਦੇ ਤਖ਼ਤੇ ਜਾਂ ਦਰਾਜ਼ ਬਣਵਾਉਣਾ

shield (ਸ਼ੀਲਡ) *n v* ਢਾਲ, ਆਸਰਾ, ਸ਼ਰਨ; ਰੱਖਿਆ ਕਰਨੀ, ਲੁਕਾਉਣਾ, ਬਚਾਉ ਕਰਨਾ

shift (ਸ਼ਿਫ਼ਟ) *v n* ਬਦਲਣਾ; ਬਦਲੀ ਕਰਨੀ; ਪਲਟਾਉਣਾ; ਤਬਦੀਲੀ, ਬਦਲੀ, ਜੋੜ-ਤੋੜ; **~ing** ਪਰਿਵਰਤਨ; ਸਥਾਨਾਂਤਰਣ

shimmer ('ਸ਼ਿਮਅ*) *n v* ਝਿਲਮਿਲ, ਟਿਮਟਿਮਾਹਟ, ਝਿਲਮਿਲਾਹਟ; ਟਿਮਟਿਮਾਣਾ, ਝਿਲਮਿਲ ਕਰਨਾ; ਝਲਕਣਾ

shine (ਸ਼ਾਇਨ) *v n* ਚਮਕਣਾ, ਲਿਸ਼ਕਣਾ; ਡਲ੍ਹਕਣਾ, ਜਗਮਗਾਉਣਾ, ਪ੍ਰਕਾਸ਼ਤ ਹੋਣਾ; ਚਮਕਾਉਣਾ; ਚਮਕ, ਡਲ੍ਹਕ, ਲਿਸ਼ਕ; ਸਾਫ਼ ਮੌਸਮ

shining ('ਸ਼ਾਇਨਿਙ) *a* ਪ੍ਰਕਾਸ਼ਮਾਨ, ਚਮਕੀਲਾ, ਚਮਕਦਾਰ; ਤੇਜਸਵੀ

shiny ('ਸ਼ਾਇਨਿ) *a* ਚਮਕਦਾ, ਲਿਸ਼ਕਦਾਰ

ship (ਸ਼ਿਪ) *n v* ਜਹਾਜ਼, ਸਮੁੰਦਰੀ ਜਹਾਜ਼; ਜਹਾਜ਼ ਤੋਂ ਭੇਜ ਦੇਣਾ; **~wright** ਜਹਾਜ਼ ਸਾਜ਼; **~ping** ਜਹਾਜ਼ਰਾਨੀ, ਜਹਾਜ਼ ਦੀ ਲਦਾਈ ਜਾਂ ਭਰਾਈ

shirk (ਸ਼ਅ:ਕ) *v* ਘੁਮਾਈ ਮਾਰਨੀ, ਜੀ ਚੁਰਾਉਣਾ, ਕੰਮ-ਚੋਰੀ ਕਰਨੀ

shirt (ਸ਼ਅ:ਟ) *n* ਕਮੀਜ਼, ਕੁੜਤਾ, ਝੱਗਾ

shit (ਸ਼ਿਟ) *n v* ਗੂੰਹ, ਗੰਦ, ਵਿਸ਼ਟਾ; ਹੱਗਣਾ, ਜੰਗਲ ਜਾਣਾ, ਟੱਟੀ ਕਰਨੀ

shiver ('ਸ਼ਿਵਅ*) *v n* (1) ਕੰਬਣਾ, ਕਾਂਬਾ ਪੈਣਾ, ਥਰਥਰਾਉਣਾ; ਕਾਂਬਾ, ਕੰਬਣੀ; ਝੁਣਝੁਣੀ; (2) ਟੁਕੜੇ ਕਰਨੇ, ਭੰਨ ਸੁੱਟਣਾ, ਚੂਰਾ ਕਰ ਦੇਣਾ; ਟੁਕੜਾ, ਟੋਟਾ, ਚੂਰਾ

shock (ਸ਼ੌਕ) *n v* ਝਟਕਾ; ਮਾਨਸਕ ਸੱਟ, ਸਦਮਾ, ਅਚਾਨਕ ਪਿਆ ਦੁੱਖ; ਧੱਕਾ; ਝਟਕਾ ਵੱਜਣਾ

shoe (ਸ਼ੂ) *n v* ਜੁੱਤੀ; ਘੋੜੇ ਦੀ ਖੁਰੀ; ਖੁਰੀਆਂ ਲਾਉਣੀਆਂ; ਸੁੰਮ ਚੜ੍ਹਾਉਣਾ; **~maker** ਮੋਚੀ

shoot (ਸ਼ੂਟ) *v* ਜ਼ੋਰ ਨਾਲ ਨਿਕਲਣਾ, ਅਚਾਨਕ ਨਿਕਲਣਾ; ਬੰਦੂਕ ਚਲਾਉਣੀ; ਜ਼ੋਰ ਨਾਲ ਸੁੱਟਣਾ; ਸਿਨੇਮਾ ਦੀ ਤਸਵੀਰ ਲੈਣੀ; **~er** ਬੰਦੂਕਚੀ, ਨਿਸ਼ਾਨੇਬਾਜ਼; **~ing** ਨਿਸ਼ਾਨੇਬਾਜ਼ੀ,

ਤੀਰਅੰਦਾਜ਼ੀ, ਸ਼ਿਕਾਰੀ; ਸਿਨੇਮੇ ਦੀ ਤਸਵੀਰ ਲੈਣ ਦਾ ਅਮਲ; ~out (ਬੋਲ) ਗੋਲੀਬਾਰੀ

shop (ਸ਼ੌਪ) *n v* ਦੁਕਾਨ, ਹੱਟੀ, ਸ਼ਾਲਾ, ਮਹਿਕਮਾ, ਵਿਭਾਗ; ਸੌਦਾ-ਸੁਲਫ਼ ਲੈਣਾ, ਹੱਟੀ ਤੇ ਜਾਣਾ, (ਕੁਝ) ਖ਼ਰੀਦਣਾ; ~ping ਖ਼ਰੀਦਦਾਰੀ, ਬਜ਼ਾਰ ਜਾਣਾ, ਸੌਦਾ-ਸੁਲਫ਼ਾ ਲੈਣ (ਦਾ ਕਾਰਜ)

shore (ਸ਼ੋ*) *n* (ਸਮੁੰਦਰ ਦਾ) ਕੰਢਾ, ਕਿਨਾਰਾ, ਤਟ, ਸਾਹਿਲ; ਥੂਹਣੀ, ਸਹਾਰਾ; ਥੰਮ੍ਹੀ ਲਾਉਣੀ

short (ਸ਼ੋਟ) *a adv n* ਨਿੱਕਾ, ਛੋਟਾ, ਸੰਖਿਪਤ, ਮਧਰਾ; ਥੋੜ੍ਹਾ, ਘੱਟ; ਨਿਗੂਣਾ, ਮਾਮੂਲੀ; ਨਾਕਾਫ਼ੀ, ਅਪੂਰਨ, ਹ੍ਰਸਵ; ਨਿੱਕਰ, ਕੱਛਾ; ~coming ਘਾਟ, ਕਮਜ਼ੋਰੀ, ਊਣਤਾਈ; ~hand ਸੰਕੇਤ, ਲਿਪੀ, ਸ਼ਾਰਟਹੈਂਡ; ~lived ਅਲਪਕਾਲਕ; ਅਸਥਿਰ, ਅਨਿੱਤ; ~sighted ਤੰਗ-ਨਜ਼ਰ, ਤੰਗ ਸੂਝ ਵਾਲਾ; ~sighted-ness ਤੰਗ-ਨਜ਼ਰੀਆ, ਅਲਪਦ੍ਰਿਸ਼ਟੀ, ਤੰਗ-ਸੂਝ; ~tempered ਚਿੜਚੜਾ, ਖਿਝੂ, ਤਲਖ਼ ਸੁਭਾਅ ਵਾਲਾ; ~age ਘਾਟਾ, ਘਾਟ, ਥੁੜ੍ਹ, ਕਮੀ, ਅਭਾਵ, ਤੋੜਾ; ~en ਘੱਟ ਹੋਣਾ; ਸੰਖਿਪਤ ਕਰਨਾ; ~ly ਛੇਤੀ ਹੀ, ਹੁਣੇ ਹੀ; ਥੋੜ੍ਹਾ ਚਿਰ ਪਹਿਲਾਂ ਜਾਂ ਮਗਰੋਂ; ਸੰਖੇਪ ਵਿਚ, ਥੋੜ੍ਹੇ ਸ਼ਬਦਾਂ ਵਿਚ, ਮੁੱਕਦੀ ਗੱਲ

shot (ਸ਼ੌਟ) *n v* ਬੰਦੂਕ ਦੀ ਗੋਲੀ, ਤੋਪ ਦਾ ਗੋਲਾ, ਛੱਰਾ; ਬੰਦੂਕ ਤੋਪ ਆਦਿ ਦਾ ਫ਼ਾਇਰ; ਨਿਸ਼ਾਨਾ; ਨਿਸ਼ਾਨੇਬਾਜ਼, ਨਿਸ਼ਾਨੇਮਾਰ; (ਅਲੰਕਾਰਕ) ਅੰਦਾਜ਼ਾ; ਗੋਲੀ ਭਰਨੀ, ਗੋਲਾ ਭਰਨਾ, ਛੱਰੇ ਭਰਨੇ

shoulder ('ਸ਼ਅਉਲਡਅ*) *n v* ਮੋਢਾ; ਕੰਧਾ, ਮੌਰ; ਮੋਢੇ ਨਾਲ ਧੱਕਣਾ; ਜ਼ੁੰਮੇਵਾਰੀ ਲੈਣੀ; ਮੋਢੇ ਤੇ ਭਾਰ ਸੰਭਾਲਣਾ

shout (ਸ਼ਾਉਟ) *n v* ਚੀਕਣਾ, ਕੂਕਣਾ, ਜ਼ੋਰ ਦੀ ਅਵਾਜ਼ ਮਾਰਨੀ; ਰੌਲਾ ਪਾਉਣਾ; ਚੀਕ, ਕੂਕ, ਜ਼ੋਰ ਦੀ ਅਵਾਜ਼, ਰੌਲਾ

shove (ਸ਼ਅੱਵ੍) *v n* ਧੱਕਣਾ, ਧੱਕਾ ਦੇਣਾ, ਰੇੜ੍ਹਨਾ; ਧੱਕੇ ਮਾਰ ਕੇ ਹਟਾਉਣਾ; ਅੱਗੇ ਖਿਸਕਾਉਣਾ ਜਾਂ ਖਿਸਕਣਾ; ਪਾਉਣਾ, ਰੱਖਣਾ; ਧੱਕਾ

shovel ('ਸ਼ਅੱਵ੍ਲ) *n v* ਬੇਲਚਾ

show (ਸ਼ਅਉ) *v n* ਵਿਖਾਉਣਾ; ਪੇਸ਼ ਕਰਨਾ, ਪਰਗਟ ਕਰਨਾ, ਪ੍ਰਕਾਸ਼ਤ ਕਰਨਾ, ਜ਼ਾਹਰ ਕਰਨਾ; ਸਾਖਿਆਤ ਹੋਣਾ; ਵਿਖਾਵਾ, ਪਰਦਰਸ਼ਨ, ਨੁਮਾਇਸ਼, ਪਰਦਰਸ਼ਨੀ, ਦ੍ਰਿਸ਼, ਪਰਗਟਾਉ; ਆਡੰਬਰ, ਠਾਠ-ਬਾਠ; ਬਾਹਰੀ ਰੂਪ; ~y ਭੜਕੀਲਾ, ਚਮਕੀਲਾ, ਦਿਖਾਵਟੀ, ਆਡੰਬਰਪੂਰਨ

shower ('ਸ਼ਾਉਅ*) *n* ਵਾਛੜ; ਫੁਹਾਰ; ਝੜੀ

shrewd (ਸ਼ਰੂਡ) *a* ਸੂਝਵਾਨ, ਸਿਆਣਾ, ਚਤਰ, ਸੁਲਝੇ ਵਿਚਾਰਾਂ ਵਾਲਾ

shriek (ਸ਼ਰੀਕ) *v n* ਚੀਕਣਾ, ਲੇਰ ਕੱਢਣੀ, ਚਾਂਗਰ ਮਾਰਨੀ, ਡਾਡ ਮਾਰਨੀ; ਚੀਕ, ਕੂਕ

shrine (ਸ਼ਰਾਇਨ) *n* ਮੰਦਰ, ਮੱਠ; ਦਰਗਾਹ, ਖ਼ਾਨਗਾਹ, ਸਮਾਧ; ਬਲੀਦਾਨ ਸਥਾਨ; ਪਵਿੱਤਰ ਸਮਾਰਕ, ਯਾਦਗਾਰ; ਅਸਥੀ-ਪਾਤਰ

shrink (ਸ਼ਰਿਙਕ) *n v* ਸੰਕੁਚਨ, ਸਿਮਟਨ; ਸੁੰਗੜਨ; ਝਿਜਕ; ਸਿਮਟਣਾ, ਸੰਕੁਚਤ ਹੋਣਾ, ਛੋਟਾ ਹੋ ਜਾਣਾ; ਝੁਰੀਆਂ ਪੈਣੀਆਂ, ਸੁਕੜਾ ਦੇਣਾ, ਸੰਕੋਚ ਕਰਨਾ

shrive (ਸ਼ਰਾਇਵ੍) *v* (ਕਿਸੇ ਇਸਾਈ ਪਾਦਰੀ ਦੇ ਸਾਮ੍ਹਣੇ) ਗੁਨਾਹ ਸਵੀਕਾਰ ਕਰਨਾ; ਤੋਬਾ ਕਰਨੀ; ਗੁਨਾਹ ਬਖ਼ਸ਼ਵਾਉਣਾ

shrub (ਸ਼ਰਅੱਬ) *n* ਝਾੜੀ; ~by ਝਾੜੀਦਾਰ

shudder ('ਸ਼ਅੱਡਅ*) *v n* ਕੰਬਣੀ ਛਿੜਨੀ, ਕੰਬ ਉੱਠਣਾ, ਸਹਿਮ ਜਾਣਾ; ਕੰਬਣੀ, ਥਰਥਰਾਹਟ

shuffle ('ਸ਼ਅੱਫ਼ਲ) *v n* ਘਿਸਰ ਕੇ ਚਲੱਣਾ, ਪੈਰ ਘਸੀਟਣੇ, ਵਿਆਕੁਲ ਹੋਣਾ; ਇਕ ਗੱਲ ਤੇ ਨਾ ਟਿਕਣਾ; ਖਿੜਕਣਾ, ਡੋਲਣਾ; ਟਾਲ-ਮਟੋਲ ਕਰਨਾ; ਡਾਵਾਂ-ਡੋਲ ਹੋਣਾ; ਘਸੀਟ, ਰਗੜ, ਖਿਸਕਣ, ਸਰਕਣ; ਅਦਲਾ-ਬਦਲੀ

shun (ਸਅੱਨ) *v* ਦੂਰ ਰਹਿਣਾ, ਪਰ੍ਹਾਂ ਰਹਿਣਾ; ਬਚਣਾ; ਕਤਰਾਉਣਾ; ਪਰਹੇਜ਼ ਕਰਨਾ

shunt (ਸ਼ਅੰਟ) *v n* ਲਾਂਭੇ ਹੋ ਜਾਣਾ; ਰਾਹ ਛੱਡਣਾ; ਬਦਲਣਾ; ਪਟੜੀ ਬਦਲਣ, ਲਾਂਭੇ ਹੋਣ (ਦਾ ਕਾਰਜ); ਬਿਜਲੀ ਦੀ ਲਾਈਨ ਬਦਲਣ ਵਾਲਾ ਜੰਤਰ; **~er** ਪਟੜੀ ਬਦਲਣ ਵਾਲਾ, ਲਾਈਨ ਬਦਲਣ ਵਾਲਾ

shut (ਸ਼ਅੱਟ) *v* ਬੰਦ ਕਰਨਾ (ਮੂੰਹ); ਬੰਦ ਹੋਣਾ; ਨਿਰਾਸ ਕਰਨਾ; ਵਾਂਝਿਆਂ ਕਰਨਾ; ਬੰਦ ਅਵਸਥਾ ਵਿਚ ਡਿਗਣਾ ਜਾਂ ਸੁੰਗੜਨਾ; ਮੀਟਿਆ

shuttle ('ਸ਼ਅੱਟਲ) *n* ਨਲੀ, ਫਿਰਕੀ, ਜੁਲਾਹੇ ਦੀ ਨਾਲ, ਸ਼ਟਿਲ; ਛੋਟੇ ਰੂਟ ਦੀ ਬੱਸ; **~cock** ਬੈਡਮਿੰਟਨ ਦੀ ਚਿੜੀ; **~train** ਸਥਾਨਕ ਰੇਲ ਗਡੀ

shy (ਸ਼ਾਇ) *a v n* ਸੰਗਾਊ, ਸ਼ਰਮੀਲਾ; ਕਤਰਾਉਣ ਵਾਲਾ; ਭੜਕ ਉੱਠਣਾ, ਚੌਂਕ ਉੱਠਣਾ; ਨਿਸ਼ਾਨਾ, ਸੁੱਟਣ ਦੀ ਕੋਸ਼ਸ਼

sibling ('ਸਿਬਲਿਙ) *n* ਇਕੋ ਮਾਂ ਬਾਪ ਦੇ ਬੱਚੇ, ਸਹੋਦਰ, ਭਰਾ-ਭੈਣ

sick (ਸਿਕ) *a* ਰੋਗੀ, ਬੀਮਾਰ; ਖਿਝਿਆ, ਅੱਕਿਆ; ਉਚਾਟ; **~en** ਸ਼ਰੀਰ ਕੁਝ ਢਿੱਲਾ ਹੋਣਾ, ਬੀਮਾਰ ਹੁੰਦੇ ਜਾਪਣਾ; **~ly** ਰੋਗੀ ਜਿਹਾ, ਬੀਮਾਰਾਂ ਵਰਗਾ

sickle ('ਸਿਕਲ) *n* ਦਾਤਰੀ, ਦਾਤੀ

side (ਸਾਇਡ) *n v* ਪਾਸਾ, ਬੰਨਾ, ਦਿਸ਼ਾ; ਰੁਖ, ਪੱਖ; ਧੜਾ; ਬਾਹੀ, ਭੁਜਾ; ਕੰਢਾ, ਕਿਨਾਰਾ; ਪੱਖ ਲੈਣਾ, ਸਾਥ ਦੇਣਾ, ਨਾਲ ਹੋਣਾ; **~effect** ਗੌਣ ਪ੍ਰਭਾਵ (ਆਮ ਕਰਕੇ ਮਾੜਾ); **~track** ਮੁੱਖ ਸੜਕ ਦੇ ਨਾਲ ਰਸਤਾ ਜਾਂ ਛੋਟੀ ਸੜਕ; ਰੇਲ ਦੀ ਲਾਂਭੇ ਵਾਲੀ ਪਟੜੀ; ਟਾਲ ਦੇਣਾ; ਲਾਂਭੇ ਲੈ ਜਾਣਾ

siege (ਸੀਜ) *n v* ਘੇਰਾ, ਕਿਲ੍ਹਾਬੰਦੀ; ਨਾਕਾਬੰਦੀ; ਪਿੱਛੇ ਪੈ ਜਾਣਾ; ਘੇਰਾ ਪਾਉਣਾ

sigh (ਸਾਇ) *v* ਹਉਕਾ ਲੈਣਾ, ਠੰਢਾ ਸਾਹ ਲੈਣਾ, ਸਿਸਕਣਾ

sight (ਸਾਇਟ) *n v* ਨਜ਼ਰ ਨਿਗਾਹ, ਦ੍ਰਿਸ਼ਟੀ ਤੱਕਣੀ; ਨਜ਼ਾਰਾ, ਦ੍ਰਿਸ਼, ਦਰਸ਼ਨ; ਦ੍ਰਿਸ਼ਟੀ-ਸੀਮਾ; ਵੇਖਣਾ, ਵੇਖ ਲੈਣਾ; **~seer** ਸੈਲਾਨੀ, ਦਰਸ਼ਕ

sign (ਸਾਇਨ) *n v* ਨਿਸ਼ਾਨ, ਚਿੰਨ੍ਹ, ਪ੍ਰਤੀਕ, ਪ੍ਰਮਾਣ, ਲੱਛਣ; ਝੰਡਾ; ਇਸ਼ਾਰਾ, ਸੰਕੇਤ; ਦਸਤਖ਼ਤ ਕਰਨੇ; **~ed** ਹਸਤਾਖ਼ਰਤ

signature ('ਸਿਗਨਅਚਅ*) *n* ਦਸਤਖ਼ਤ, ਹਸਤਾਖ਼ਰ, ਸਹੀ

significant (ਸਿਗ'ਨਿਫ਼ਿਕਅੰਟ) *a* ਵਿਸ਼ੇਸ਼; ਜ਼ਰੂਰੀ, ਪ੍ਰਭਾਵਸ਼ਾਲੀ, ਅਰਥਪੂਰਨ, ਭਾਵਪੂਰਨ

signification ('ਸਿਗਨਿਫ਼ਿ'ਕੇਇਸ਼ਨ) *n* ਭਾਵ, ਤਾਤਪਰਜ, ਅਰਥ, ਭਾਵਾਰਥ; ਸਾਰਥਕਤਾ, ਸ਼ਬਦ-ਸ਼ਕਤੀ

signify ('ਸਿਗਨਿਫ਼ਾਇ) *v* ਪਰਗਟ ਕਰਨਾ, ਜ਼ਾਹਰ ਕਰਨਾ; ਅਰਥ ਦੇਣਾ, ਭਾਵ ਦੇਣਾ

silence ('ਸਾਇਲਅੰਸ) *n v* ਸ਼ਾਂਤੀ, ਚੁੱਪ-ਚਾਪ, ਮੌਨ, ਖ਼ਮੋਸ਼ੀ, ਸੱਨਾਟਾ; ਚੁੱਪ ਕਰਾ ਦੇਣਾ, ਸ਼ਾਂਤ ਕਰ ਦੇਣਾ

silent ('ਸਾਇਲਅੰਟ) *a* ਚੁੱਪ, ਸ਼ਾਂਤ, ਖ਼ਾਮੋਸ਼, ਮੌਨ; ਚੁਪ-ਚਾਪ

silk (ਸਿਲਕ) *n* ਰੇਸ਼ਮ, ਰੇਸ਼ਮੀ ਕੱਪੜਾ; **~worm** ਰੇਸ਼ਮ ਦਾ ਕੀੜਾ; **~y** ਰੇਸ਼ਮ ਵਰਗਾ ਕੋਮਲ ਤੇ ਨਰਮ; ਚਮਕਦਾਰ

silly ('ਸਿਲਿ) *a* ਮੂਰਖ, ਬੇਵਕੂਫ਼, ਬੁੱਧੂ, ਬੇਅਕਲ, ਸਿੱਧੜ, ਭੋਲਾ-ਭਾਲਾ

silt (ਸਿਲਟ) *n v* ਭੱਲ, ਵਗਦੇ ਪਾਣੀ ਦੇ ਹੇਠਾਂ ਬੈਠੀ ਮਿੱਟੀ, ਗਾਰ, ਤਲਛਟ, ਰੇਤ ਆਦਿ; ਭੱਲ ਪੈਣੀ

silver ('ਸਿਲਵ੍ਅ*) *n a v* ਚਾਂਦੀ, ਚਾਂਦੀ ਦਾ ਸਿੱਕਾ; ਚਾਂਦੀ ਦਾ; ਚਾਂਦੀ ਚੜ੍ਹਾਉਣਾ; ~**paper** ਵਰਕ; ~**tongued** ਮਿਠਬੋਲਾ, ਪ੍ਰਭਾਵਸ਼ਾਲੀ ਲੈਕਚਰ ਕਰਨ ਵਾਲਾ

similar ('ਸਿਮਿਲਅ*) *a* ਵਰਗਾ, ਜਿਹਾ, ਮਿਲਦਾ ਜੁਲਦਾ, ਸਮਾਨ; ~**ity** ਸਮਰੂਪਤਾ, ਸਾਰੂਪਤਾ, ਸਮਾਨਤਾ, ਸਮਤਾ; ~**ly** ਉਸੇ ਤਰ੍ਹਾਂ ਸਮਾਨ ਰੂਪ ਵਿਚ

simile ('ਸਿਮਿਲਿ) *n* ਉਪਮਾ, ਤਸ਼ਬੀਹ, ਉਪਮਾ-ਅਲੰਕਾਰ

simple ('ਸਿੰਪਲ) *a n* ਸਾਦਾ, ਸਿੱਧਾ, ਸਰਲ ਸਿੱਧਾ-ਸਾਦਾ, ਸਧਾਰਨ; ਭੋਲਾ-ਭਾਲਾ, ਖ਼ਾਲਸ

simpleton ('ਸਿੰਪਲਟ(ਅ)ਨ) *n* ਸਿੱਧੜ, ਸਿੱਧਾ-ਸਾਦਾ, ਲੋਲ੍ਹਾ, ਮੂਰਖ, ਬੁੱਧੂ

simplicity (ਸਿੰ'ਪਲਿਸਅਟਿ) *n* ਸਾਦਗੀ, ਸਰਲਤਾ; ਸ਼ੁੱਧਤਾ; ਅਸੰਜੁਕਤਤਾ; ਨਿਸ਼ਕਪਟਤਾ, ਭੋਲਾਪਣ

simplification ('ਸਿਮ'ਪਲਿਫ਼ਿ'ਕੇਇਸ਼ਨ) *n* ਸਰਲੀਕਰਨ

simplify ('ਸਿੰਪਲਿਫ਼ਾਇ) *v* ਸੌਖਾ ਕਰਨਾ, ਸਰਲ ਬਣਾਉਣਾ; ਸਾਦਾ ਕਰਨਾ; ਗੁੰਝਲ ਦੂਰ ਕਰਨੀ; ਸੁਬੋਧ ਬਣਾਉਣਾ

simulate ('ਸਿਮਯੁਲੇਇਟ) *v* ਸਾਂਗ ਕਰਨਾ, ਢੌਂਗ ਰਚਣਾ, ਝੂਠਾ ਰੂਪ ਬਣਾਉਣਾ; ਨਕਲ ਕਰਨੀ; ਭੇਸ ਬਦਲਣਾ, ਰੂਪ ਧਾਰਨਾ

simulation ('ਸਿਮਯੁ'ਲੇਇਸ਼ਨ) *n* ਬਹਾਨਾ, ਢੌਂਗ; ਨਕਲ, ਰੀਸ, ਸਾਂਗ; ਪਖੰਡ

simultaneity ('ਸਿਮ(ਅ)ਲਟ(ਅ)'ਨਿਅਟਿ) *n* ਸਮਕਾਲੀਪਣ, ਸਮਕਾਲੀਨਤਾ

simultaneous ('ਸਿਮ(ਅ)ਲ'ਟੇਇਨਯਅਸ) *a* ਸਮਕਾਲੀ, ਸਮਕਾਲਕ; ~**ly** ਨਾਲ ਨਾਲ, ਇਕੋ ਸਮੇਂ ਵਿਚ

sin (ਸਿਨ) *n v* ਪਾਪ, ਗੁਨਾਹ; ਕੁਕਰਮ, ਅਧਰਮ; ਪਾਪ ਕਰਨਾ, ਗੁਨਾਹ ਕਰਨਾ, ਦੁਰਾਚਾਰ ਕਰਨਾ; ~**ner** ਗੁਨਾਹਗਾਰ, ਪਾਪੀ, ਅਪਰਾਧੀ

since ('ਸਿੰਸ) *prep conj adv* ਤੋਂ, ਤੋਂ ਲੈ ਕੇ, ਤੋਂ ਹੁਣ ਤਕ; ਕਿਉਂਕਿ, ਇਸ ਲਈ ਕਿ; ਇਹ ਵੇਖਦੇ ਹੋਏ

sincere ('ਸਿੰਸਿਅ*) *a* ਸੱਚਾ, ਖਰਾ; ਨਿਰਛਲ, ਨਿਸ਼ਕਪਟ; ਈਮਾਨਦਾਰ

sincerity (ਸਿੰ'ਸੈਰਅਟਿ) *n* ਨਿਸ਼ਕਪਟਤਾ, ਨਿਰਛਲਤਾ, ਸਾਫ਼-ਦਿਲੀ, ਸਚਾਈ, ਈਮਾਨਦਾਰੀ

sine (ਸਾਇਨ) *prep* ਬਿਨਾ, ਬਗ਼ੈਰ, ਬਾਝ; ~**die** (*L*) ਅਣਮਿੱਥੇ ਸਮੇਂ ਲਈ, ਦਿਨ ਨਿਸ਼ਚਤ ਕੀਤੇ ਬਿਨਾ; ~**qua non** (*L*) ਜ਼ਰੂਰੀ ਸ਼ਰਤ

sinew ('ਸਿਨਯੁ) *n v* ਜਾਨ; ਸਰੀਰਕ ਬਲ, ਸਾਧਨ, ਵਸੀਲੇ; ਜੋੜੀ ਰੱਖਣਾ, ਸੰਗਠਤ ਰੱਖਣਾ; ਧਾਰਨਾ, ਗੰਢਣਾ; ~**y** ਤਕੜਾ; ਮਜ਼ਬੂਤ; ਬਲਵਾਨ

sing (ਸਿਙ) *v n* ਗਾਉਣਾ, ਰਾਗ ਅਲਾਪਣਾ; ਗੂੰਜਣਾ; ~**er** ਗਾਇਕ, ਗੱਵਈਆ, ਰਾਗੀ; ~**ing** ਗਾਣਾ, ਗੀਤ, ਗਾਇਨ

single ('ਸਿਙਗਲ) *a n v* ਇੱਕਲਾ, ਕੱਲਮ-ਕੱਲਾ; ਇਕਹਿਰਾ, ਇਕਵੱਲੀ ਦਾ; ਬੇਸਹਾਰਾ; ਕੰਵਾਰਾ, ਅਣਵਿਆਹਿਆ; ਨਿਤਾਰਨਾ, ਵੱਖ ਕਰਨਾ; ~**handed** ਬਿਨਾ ਕਿਸੇ ਸਹਾਇਤਾ ਦੇ ਇਕ-ਹੱਥਾ; ~**hearted** ਬਿਨਾ ਦੁਬਧਾ; ਖਰਾ, ਬੇਲਾਗ; ~**minded** ਇਕਾਗਰ ਚਿੱਤ, ਇਕ ਮਨ, ਦ੍ਰਿੜ੍ਹ

ਇਰਾਦੇ ਵਾਲਾ

singlet ('ਸਿਙਗਲਿਟ) *n* ਬੁਨੈਣ, ਫ਼ਤੂਹੀ

singular ('ਸਿਙਗਯੁਲਅ*) *n a* (ਵਿਆ) ਇਕਵਚਨ; ਨਿਰਾਲਾ, ਅਨੋਖਾ, ਅਦੁੱਤੀ, ਅਸਧਾਰਨ, ਬੇਤੁਕਾ; ~**ity** ਇਕਮਾਤਰਤਾ, ਇਕੱਲਾਪਣ; ਵਿਸ਼ਿਸ਼ੱਟਤਾ, ਵਿਲੱਖਣਤਾ

sink (ਸਿਙਕ) *n v* ਡੁੱਬਣਾ ਜਾਂ ਡੋਬਣਾ; (ਤੋਂ ਦਾ) ਹੇਠਾਂ ਬੈਠ ਜਾਣਾ, ਦਿਲ ਘਟਣਾ, ਹੌਸਲਾ ਡਿਗਣਾ; ਖ਼ਤਮ ਹੋਣਾ; ਹੌਲੀ ਹੌਲੀ ਮੁੱਕਣਾ; ਗੰਦਗੀ ਜਾਂ ਗੰਦਾ ਪਾਣੀ ਸੁੱਟਣ ਵਾਲਾ ਟੋਆ ਜਾਂ ਚੁਬੱਚਾ; ~**ing** ਦਿਲ ਘਟਣ ਦੀ ਅਵਸਥਾ

sip (ਸਿਪ) *v n* ਘੁੱਟ ਭਰਨਾ, ਘੁੱਟੋ-ਵੱਟੀ ਪੀਣਾ

sir (ਸਅ:*) *n* ਸ੍ਰੀਮਾਨ, ਜਨਾਬ, ਹਜ਼ੂਰ, ਮਹਾਰਾਜ

sire ('ਸਾਇਅ*) *n* ਪਿਤਾ ਜਾਂ ਵਡੇਰਾ, ਖ਼ਾਨਦਾਨ ਦਾ ਬਜ਼ੁਰਗ; ਸ੍ਰੀਮਾਨ, ਜਨਾਬ

sissy ('ਸਿਸਿ) *n* ਜ਼ਨਾਨੜਾ, ਕੁੜੀਆਂ ਵਰਗਾ ਮੁੰਡਾ

sister ('ਸਿਸਟਅ*) *n* ਭੈਣ; ਸਹੇਲੀ, ਸਖੀ; ਸਤ-ਸੰਗਣ, ਧਰਮ-ਭੈਣ; ~**in law** ਸਾਲੀ; ਨਨਾਣ; ਭਰਜਾਈ; ਸਾਲੇਹਾਰ; ਦਰਾਣੀ, ਜਿਠਾਣੀ

sit (ਸਿਟ) *v* ਬੈਠਣਾ, ਬਹਿਣਾ; ਬਿਠਾਉਣਾ; ਟਿਕਾਉਣਾ; ~**ting** ਸਭਾ, ਬੈਠਕ, ਲਗਾਤਾਰ ਬੈਠਣ ਜਾ ਸਮਾਂ, ਇਜਲਾਸ; ~**ting member** ਚੱਲਦਾ ਆ ਰਿਹਾ ਮੈਂਬਰ; ~**ting room** ਬੈਠਕ, ਦੀਵਾਨਖ਼ਾਨਾ

site (ਸਾਇਟ) *n* ਥਾਂ, ਮੌਕਾ

situate(d) ('ਸਿਟਯੁਏਇਟਿਡ) *a* ਸਥਿਤ; ਸਥਾਪਤ

situation ('ਸਿਟਯੁ'ਏਇਸ਼ਨ) *n* ਥਾਂ, ਮੌਕਾ, ਜਗ੍ਹਾ, ਸਥਿਤੀ; ਹਾਲ, ਹਾਲਤ, ਦਸ਼ਾ

six (ਸਿਕਸ) *n* ਛੇ, ਛੇ ਦਾ ਅੰਕ, ਛੀਕਾ; ~**fold** ਛੇ ਗੁਣਾ; ~**er** ਛੱਕਾ; ~**teen** ਸੋਲਾਂ ਸੋਲਾਂ ਦੀ ਸੰਖਿਆ; ~**teenth** ਸੋਲ੍ਹਵਾਂ; ~**th** ਛੇਵਾਂ ਭਾਗ, ਛੇਵਾਂ; ~**ty** ਸੱਠ

sizable ('ਸਾਇਜ਼ਅਬਲ) *a* ਉਪਯੁਕਤ ਆਕਾਰ ਦਾ, ਲੰਮਾ-ਚੌੜਾ, ਬੜਾ, ਕਾਫ਼ੀ

size (ਸਾਇਜ਼) *n* (1) ਆਕਾਰ; ਕੱਦ; ਨਾਪ, ਪਰਿਮਾਣ, ਲੰਮਾਈ-ਚੌੜਾਈ; (2) ਮਾਵਾ, ਕਲਫ਼

sizy ('ਸਾਇਜ਼ਿ) *a* ਚਿਪਚਿਪਾ, ਲੇਸਦਾਰ

skeleton ('ਸਕੈਲਿਟਨ) *n* ਹੱਡੀਆਂ ਦਾ ਪਿੰਜਰ; ਢਾਂਚਾ, ਖ਼ਾਕਾ, ਸੰਖੇਪ, ਸੰਖਿਪਤ ਰੂਪ, ਸਾਰ

skelter ('ਸਕੈੱਲਟਅ*) *n* ਹਫੜਾ-ਦਫੜੀ, ਹੜਬੜੀ, ਹਫੜਾ-ਦਫੜੀ ਮਚਾਉਣਾ

sketch (ਸਕੈਚ) *n v* ਖ਼ਾਕਾ, ਢਾਂਚਾ, ਰੇਖਾ-ਚਿੱਤਰ, ਰੂਪ ਰੇਖਾ; ਸੰਖੇਪ ਬਿਆਨ; ਖ਼ਾਕਾ ਤਿਆਰ ਕਰਨਾ, ਰੂਪ-ਰੇਖਾ ਬਣਾਉਣੀ, ਸੰਖੇਪ ਵਿਚ ਬਿਆਨ ਕਰਨਾ; ~**y** ਖ਼ਾਕਾ ਜਿਹਾ, ਢਾਂਚਾ ਮਾਤਰ, ਸਧਾਰਨ ਰੂਪ-ਰੇਖਾ ਵਿਚ

skill (ਸਕਿਲ) *n* ਮੁਹਾਰਤ, ਨਿਪੁੰਨਤਾ, ਸੁੱਚਜ, ਕੌਸ਼ਲ; ~**ed** ਜਾਂਚ ਵਾਲਾ, ਚੱਜ ਵਾਲਾ, ਕੁਸ਼ਲ, ਮਾਹਰ, ਨਿਪੁੰਨ, ਪ੍ਰਵੀਣ

skim (ਸਕਿਮ) *n v* ਝੱਗ, ਮਲਾਈ, ਪੇਪੜੀ; (ਦੁੱਧ ਉਤੋਂ) ਮਲਾਈ ਲਾਹੁਣੀ, ਝੱਗ ਲਾਹੁਣੀ, ਪੇਪੜੀ ਲਾਹੁਣੀ; ਸਰਸਰੀ ਨਜ਼ਰ ਮਾਰਨੀ; ~**med milk** ਸਪਰੇਟਾ, ਕਰੀਮ ਕੱਢਿਆ ਦੁੱਧ

skin (ਸਕਿਨ) *n v* ਖੱਲ, ਖੱਲੜੀ, ਚਮੜੀ, ਛਿੱਲ, ਛਿੱਲੜ; ਖੱਲ ਲਾਹੁਣੀ; ਛਿੱਲਣਾ; ~**deep** ਉਤਲਾ-ਉਤਲਾ, ਮਾਮੂਲੀ; ~**flint** ਕੰਜੂਸ, ਸੂਮ; ~**ny** ਪਤਲਾ, ਲਿੱਸਾ, ਮਾੜੂਆ

skip (ਸਕਿਪ) *n* ਟੱਪਣਾ, ਕੁੱਦਣਾ, ਛੜੱਪੇ ਮਾਰਨੇ; ਰੱਸੀ ਟੱਪਣਾ; (ਬੋਲ) ਨੱਸ ਜਾਣਾ, ਭੱਜ ਨਿਕਲਣਾ; (ਕੋਈ ਕੰਮ) ਵਿਚੋਂ ਛੱਡ ਛੱਡ ਕੇ ਕਰਨਾ

skirt (ਸਕਅ:ਟ) *n v* ਲਹਿੰਗਾ, ਘਗੱਰਾ; ਤੀਵੀਂ; ਕਿਨਾਰਾ, ਸੀਮਾ

skull (ਸਕਅੱਲ) *n* ਖ਼ੋਪਰੀ, ਕਪਾਲ

sky (ਸਕਾਇ) *n v* ਆਕਾਸ਼, ਅਸਮਾਨ; ਉੱਚਾ ਟੰਗਣਾ; **~blue** ਅਸਮਾਨੀ (ਰੰਗ)

slab (ਸਲੈਬ) *n a* ਸਿਲ, ਫੱਟੀ, ਲੇਸਦਾਰ, ਚਿਪਚਿਪਾ

slack (ਸਲੈਕ) *a n v* ਸੁਸਤ, ਢਿੱਲਾ, ਢਿੱਲੜ, ਆਲਸੀ; ਮੰਦਵਾੜਾ, ਵਪਾਰ ਦੀ ਮੰਦਗੀ; (ਬ ਵ) ਪਾਜਾਮਾ ਜਾਂ ਪਤਲੂਨ; ਮੱਧਮ ਕਰਨਾ, ਸੁਸਤਾਉਣਾ, ਮਠੇ ਪੈਣਾ, ਆਲਸ ਕਰਨਾ; **~en** ਢਿੱਲਾ ਕਰਨਾ, ਢਿੱਲਾ ਛੱਡ ਦੇਣਾ; ਸੁਸਤ ਹੋ ਜਾਣਾ; **~ness** ਆਲਸ, ਸੁਸਤੀ, ਢਿੱਲ

slang (ਸਲੈਙ) *n v* ਵਰਗ ਭਾਸ਼ਾ, ਬਜ਼ਾਰੀ ਬੋਲੀ, ਬੋਲ-ਕੁਬੋਲ, ਅਪਭਾਸ਼ਾ; ਗਾਲ੍ਹ ਕਢਣੀ

slant ('ਸਲਾਂਟ) *v n* ਤਿਰਛਾ ਹੋਣਾ, ਢਾਲਵਾਂ ਬਣਾਉਣਾ; ਢਾਲ, ਢਲਾਣ, ਤਿਰਛਾਪਣ

slap (ਸਲੈਪ) *n v* ਚਪੇੜ, ਧੱਫਾ, ਲੱਫੜ, ਧੌਲ; ਚਪੇੜ ਮਾਰਨੀ

slash (ਸਲੈਸ਼) *v n* (ਤਲਵਾਰ, ਚਾਬੁਕ ਆਦਿ ਨਾਲ) ਅੰਨ੍ਹੇਵਾਹ ਵਾਰ ਕਰਨਾ, ਵਾਢੀ ਲਾਉਣਾ, ਵੱਢਣਾ, ਪੜਛੇ ਲਾਹੁਣੇ, ਚੀਰਨਾ; ਚੀਰਾ

slaughter ('ਸਲੋਟਅ*) *v n* ਵੱਢਣਾ, ਝਟਕਾਉਣਾ; ਕਤਲ-ਏ-ਆਮ ਕਰਨਾ, ਵੱਢ-ਟੁੱਕ ਕਰਨੀ; ਕਤਲ ਕਰਨਾ, ਖ਼ੂਨ ਕਰਨਾ; ਵੱਢਣ, ਝਟਕਾਉਣ (ਦੀ ਕਿਰਿਆ); ਕਤਲ-ਏ-ਆਮ, ਕਤਲ, ਹੱਤਿਆ

slave (ਸਲੇਇਵ੍) *n v* ਗ਼ੁਲਾਮ, ਗੋਲਾ, ਬਰਦਾ, ਦਾਸ, ਨੀਚ ਕੰਮ ਕਰਨਾ **~ry** ਗ਼ੁਲਾਮੀ, ਦਾਸਤਾ; ਦਾਸ-ਪ੍ਰਥਾ

slaver ('ਸਲੇਵ੍ਅ*) *n v* (1) ਲਾਲ੍ਹਾਂ, ਥੁੱਕ; (2) ਹੋਛੀ ਖ਼ੁਸ਼ਾਮਦ, ਤੁੱਛ ਚਾਪਲੂਸੀ; ਲਾਲ੍ਹਾਂ ਵਗਣੀਆਂ; ਚਾਪਲੂਸੀ ਕਰਨੀ

slavish ('ਸਲੇਇਵ੍ਰੀਸ਼) *a* ਹੋਛਾ, ਨੀਚ, ਤੁੱਛ; ਗ਼ੁਲਾਮਾਂ ਵਰਗਾ

slay (ਸਲੇਇ) *v* ਕਤਲ ਕਰਨਾ, ਮਾਰ ਸੁੱਟਣਾ, ਵੱਢ ਦੇਣਾ

sleek ('ਸਲੀਕ) *a v* ਕੂਲਾ, ਕੋਮਲ, ਨਰਮ, ਮੁਲਾਇਮ, ਚਿਕਣਾ; ਗੁਦਗੁਦਾ; ਮੁਲਾਇਮ ਕਰਨਾ; ਗੁਦਗੁਦਾ ਬਣਾਉਣਾ

sleep (ਸਲੀਪ) *n v* ਨੀਂਦਰ; ਸੌਣ; ਖ਼ਮੋਸ਼ੀ; ਆਰਾਮ; ਸੌਣਾ, ਸੌਂ ਜਾਣਾ, ਅੱਖ ਲੱਗਣੀ; ਠੰਢੇ ਪੈਣਾ; **~er** ਸੁੱਤਾ ਵਿਅਕਤੀ; ਲੱਕੜੀ ਦੇ ਗੱਟੂ ਜਿਨ੍ਹਾਂ ਉੱਤੇ ਰੇਲ ਪਟੜੀ ਵਿਛਾਈ ਜਾਂਦੀ ਹੈ, ਸਲੀਪਰ

sleeve (ਸਲੀਵ੍) *n* ਆਸਤੀਨ

slender ('ਸਲੈਂਡਅ*) *a* ਪਤਲਾ; ਮਾੜਾ; ਥੋੜ੍ਹਾ, ਸੂਖਮ, ਨਾਜ਼ੁਕ, ਕਮਜ਼ੋਰ

slice (ਸਲਾਇਸ) *n v* ਡਬਲ ਰੋਟੀ ਜਾਂ ਪਤਲਾ ਟੁਕੜਾ, ਟੋਟਾ, ਫਾੜੀ, ਗਰਾਹੀ, ਡੱਕਰਾ, ਹਿੱਸਾ, ਭਾਗ, ਅਸ਼ੰ; ਟੁਕੜੇ ਕੱਟਣੇ, ਫਾੜੀਆਂ ਕਰਨੀਆਂ

slick (ਸਲਿਕ) *adv a* ਪੂਰੀ ਤਰ੍ਹਾਂ ਠੀਕ-ਠਾਕ, ਸਿੱਧਾ; ਸਫ਼ਾਈ ਵਾਲਾ, ਫੁਰਤੀਲਾ; ਚੰਟ, ਚਤਰ

slide (ਸਲਾਇਡ) *v n* ਤਿਲਕਣਾ, ਖਿਸਕਣਾ; ਸਰਕਣਾ; ਸਰਕਾਉਣਾ, ਰੇੜ੍ਹਨਾ; ਬਰਫ਼ ਉੱਤੇ ਰਿੜ੍ਹਨ ਕਰਕੇ ਬਣਿਆ ਰਾਹ; ਤਿਲਕਵੀਂ ਢਲਾਨ; ਖਿਸਕਣ; ਰਿੜ੍ਹਨ

slight (ਸਲਾਇਟ) *a v n* ਥੋੜ੍ਹਾ ਜਿਹਾ, ਮਾੜਾ ਜਿਹਾ, ਮਾਮੂਲੀ, ਕਮਜ਼ੋਰ; ਹੇਠੀ ਕਰਨੀ; ਤੁੱਛ ਸਮਝਣਾ; ਲਾਪਰਵਾਹੀ ਕਰਨੀ; ਹੇਠੀ, ਅਵੱਗਿਆ

slip (ਸਲਿਪ) *n v* ਕਾਗ਼ਜ਼ ਦੀ ਚਿਟ; ਲੱਕੜੀ ਦੀ ਫੱਟੀ; ਪੱਤਰੀ; ਕਾਗ਼ਜ਼ ਦੀ ਲੰਮੀ ਕਤਰ; ਭੁੱਲ,

ਭੁੱਲ-ਚੁਕ, ਉਕਾਈ, ਤਰੁਟੀ; ਤਿਲਕਣਾ, ਖਿਸਕਣਾ, ਫਿਲਕਣਾ, ਸਰਕਣਾ; ਅੱਖ ਬਚਾ ਕੇ ਨਿਕਲ ਜਾਣਾ, ਚੁੱਪ-ਚਾਪ ਸਰਕ ਜਾਣਾ; ਖਿੜਕਣਾ, ਭੁੱਲ ਕਰਨੀ; ~per ਸਲਿਪਰ (ਪੈਰੀਂ ਪਾਉਣ ਵਾਲਾ); ~pery ਤਿਲਕਵਾਂ; ਅਸਥਿਰ; ਚਲਾਕ, ਬੇਇਤਬਾਰਾ

slit (ਸਲਿਟ) *v n* ਚੀਰਨਾ, ਚੀਰ ਪਾਉਣਾ, ਪਾੜਨਾ; ਚੀਰ, ਰਗੜ

slogan ('ਸਲਅਉਗਅਨ) *n* ਨਾਅਰਾ; ਸੰਕੇਤਕ ਸ਼ਬਦ, ਨੀਤੀਵਾਕ; ਇਸ਼ਤਿਹਾਰਬਾਜ਼ੀ ਵਿਚ ਵਰਤੇ ਜਾਣ ਵਾਲੇ ਚੁਸਤ ਵਾਕ

slope (ਸਲਅਉਪ) *n v* ਢਾਲ, ਢਲਵਾਨ; ਢਲਵੀਂ ਜ਼ਮੀਨ; ਟਹਿਲਣਾ, ਘੁੰਮਣਾ-ਫਿਰਨਾ, ਨੱਸ ਜਾਣਾ; ਤਿਰਛਾ ਕਰਨਾ, ਢਾਲਵਾਂ ਕਰਨਾ

sloppy ('ਸਲੌਪਿ) *a* ਫੂਹੜ, ਖੁੱਥੜ, ਵੱਲਲਾ

slow (ਸਲਅਉ) *a adv v* ਮੱਠਾ, ਢਿੱਲਾ, ਸੁਸਤ, ਮੱਧਮ, ਆਲਸੀ; ਹੌਲੀ ਹੌਲੀ; ਸੁਸਤ ਹੋ ਜਾਣਾ; ਢਿੱਲੇ ਪੈ ਜਾਣਾ

slum (ਸਲਅੱਮ) *n* ਝੁੱਗੀ-ਝੌਂਪੜੀ; ਗੰਦਾ ਮਹੱਲਾ

slumber ('ਸਲਅੰਬਅ*) *n v* ਨੀਂਦ, ਸੌਣ ਦੀ ਦਸ਼ਾ; ਸੌਂ ਜਾਣਾ; ~ous ਸੁੱਤਾ, ਆਲਸੀ ਆਦਮੀ, ਸੁਸਤ-ਮਨੁੱਖ

slur (ਸਲਅ:*) *v n* ਕਲੰਕ ਲਾਉਣਾ, ਦਾਗ਼ ਲਾਉਣਾ; ਦੂਸ਼ਤ ਕਰਨਾ; ਤੁਹਮਤ ਲਾਉਣੀ; ਇਲਜ਼ਾਮ ਲਾਉਣਾ; ਕਲੰਕ; ਬਦਨਾਮੀ, ਦੋਸ਼, ਇਲਜ਼ਾਮ

sly (ਸਲਾਇ) *a* ਫ਼ਰੇਬੀ, ਦਗ਼ੇਬਾਜ਼, ਪੱਤੇਬਾਜ਼, ਖਚਰਾ; ਗੁੱਝਾ, ਵਿਅੰਗ ਭਰਿਆ

small (ਸਮੋਲ) *a* ਨਿੱਕਾ, ਛੋਟਾ, ਮਧਰਾ; ਥੋੜ੍ਹਾ, ਮਾੜਾ, ਬਾਰੀਕ, ਪਤਲਾ; ~hours ਰਾਤ ਦਾ ਤੀਜਾ ਜਾਂ ਚੌਥਾ ਪਹਿਰ; ~pox ਚੀਚਕ, ਮਾਤਾ, ਸੀਤਲਾ

smart (ਸਮਾਟ) *a v n* ਚੁਸਤ, ਫੁਰਤੀਲਾ; ਜ਼ੋਰਦਾਰ; ~ness ਚਤਰਤਾ, ਹੁਸ਼ਿਆਰੀ, ਸਜੀਵਤਾ, ਤੀਖਣਤਾ, ਫੁਰਤੀ, ਤੇਜ਼ੀ, ਚੁਸਤੀ

smash (ਸਮੈਸ਼) *v n* ਭੰਨ ਦੇਣਾ, ਤੋੜ ਦੇਣਾ, ਟੋਟੇ ਟੋਟੇ ਕਰ ਦੇਣਾ; ਸਖ਼ਤ ਸੱਟ ਮਾਰਨੀ; ਟੱਕਰ (ਟੈਨਿਸ ਵਿਚ); ਬਰਬਾਦੀ (ਵੈਪਾਰ ਆਦਿ ਦੀ)

smear (ਸਮਿਅ*) *v n* ਲਿਬੇੜਨਾ; ਮਲਣਾ, ਧੁੰਦਲਾ ਕਰਨਾ, ਅਸਪਸ਼ਟ ਬਣਾ ਦੇਣਾ; ਦਾਗ਼ੀ ਕਰਨਾ; ਵਿਗਾੜਨਾ; ਬਦਨਾਮ ਕਰਨਾ; ਦਾਗ਼, ਧੱਬਾ, ਕਲੰਕ; ਲੇਪ

smell (ਸਮੈੱਲ) *n v* ਸੁਗੰਧ, ਗੰਧ, ਬੂ, ਮੁਸ਼ਕ; ਸੁੰਘਣਾ; ਖ਼ੁਸ਼ਬੂ ਦੇਣੀ, ਗੰਧਯੁਕਤ ਹੋਣਾ; ਸੜ ਜਾਣਾ, ਸੜ੍ਹਾਂਦ ਮਾਰਨੀ; ਸੂਹ ਕੱਢ ਲੈਣੀ, ਖੋਜ ਕੱਢਣਾ; ~ing ਗੰਧ, ਬਾਸ; ਗੰਧਯੁਕਤ, ਖ਼ੁਸ਼ਬੂਦਾਰ

smelt *v* ਕੱਚੀ ਧਾਤ ਨੂੰ ਗਾਲਣਾ (ਪੰਘਲਾਉਣਾ)

smicker ('ਸਮਿਕਅ*) *n v* ਬਣਾਉਟੀ ਹਾਸਾ; ਹੱਸਣਾ; ਮੂਰਖਾਂ ਵਾਂਗ ਹੱਸਣਾ, ਦੰਦ ਕੱਢਣਾ

smile (ਸਮਾਇਲ) *n v* ਮੁਸਕਾਨ, ਮੁਸਕਰਾਹਟ; ਮੁਸਕਾਉਣਾ, ਖ਼ੁਸ਼ ਹੋਣਾ, ਪ੍ਰਸੰਨਤਾ ਵਿਚ ਹੋਣਾ

smog (ਸਮੌਗ) ਧੁਆਂਖੀ ਧੁੰਦ

smoke (ਸਮਅਉਕ) *n v* ਧੂੰਆਂ, ਸਿਗਰਟ ਪੀਣ ਦੀ ਕਿਰਿਆ; (ਬੋਲ) ਸਿਗਰਟ; ਦਮ, ਹੁੱਕੇ ਦੇ ਸੂਟੇ; (ਚਿਮਣੀ ਦਾ) ਧੂੰ ਕੱਢਣਾ; ਧੁਖਣਾ; ਤਾੜ ਜਾਣਾ, ਸਮਝ ਜਾਣਾ; ~y ਧੁਆਂਖਿਆ, ਧੂੰ ਨਾਲ ਭਰਿਆ

smooth (ਸਮੂਦ) *a v* ਸਮਤਲ; ਚਿਕਣਾ, ਮੁਲਾਇਮ; ਕੂਲਾ; (ਪਾਣੀ ਦਾ ਤਲ) ਸ਼ਾਂਤ; ਰਵਾਂ; ਸੁਹਾਵਣਾ, (ਸਫ਼ਰ) ਨਿਰਵਿਘਨ; ਮਿਲਣਸਾਰ (ਸੁਭਾਅ, ਵਿਹਾਰ); ਸਮਤਲ ਕਰਨਾ, ਚਿਕਨਾ ਬਣਾਉਣਾ, ਹਮਵਾਰ ਕਰਨਾ; ~spoken,

~tongued ਮਿਠਬੋਲਾ; ਖ਼ੁਸ਼ਾਮਦੀ

smother ('ਸਮਅੱਦਅ*) *v* ਗਲ ਘੁੱਟਣਾ; ਸਾਹ ਘੁੱਟ ਕੇ ਮਾਰ ਦੇਣਾ; (ਮੁਆਮਲੇ ਨੂੰ) ਦਬਾਈ ਰੱਖਣਾ; ਜ਼ਾਹਰ ਨਾ ਹੋਣ ਦੇਣਾ

smuggle ('ਸਮਅੱਗਲ) *v* (ਕਾਨੂੰਨ ਵਿਰੁਧ) ਮਾਲ ਦੇਸ਼ ਤੋਂ ਬਾਹਰ ਭੇਜਣਾ ਜਾਂ ਅੰਦਰ ਲਿਆਉਣਾ, ਛੁਪਾ ਦੇਣਾ; ਚੁੰਗੀ ਚੋਰੀ ਕਰਨੀ; ਤਸਕਰੀ ਕਰਨੀ

smuggling ('ਸਮਅੱਗਲਿਙ) *n* ਚੁੰਗੀ ਚੋਰੀ, ਚੋਰੀ ਛਿਪਾ ਵਪਾਰ, ਕਾਨੂੰਨ ਵਿਰੁੱਧ ਮਾਲ ਅਯਾਤ ਨਿਰਯਾਤ

snack (ਸਨੈਕ) *n* ਹਿੱਸਾ, ਅੰਸ਼; ਹਲਕਾ ਭੋਜਨ

snag (ਸਨੈਗ) *n* ਖੁੰਢ, ਕੱਟਿਆ ਨੋਕਦਾਰ ਮੁੱਢ; ਗੰਢ

snake (ਸਨੇਇਕ) *n v* ਸੱਪ; ਦਗ਼ੇਬਾਜ਼ ਮਨੁੱਖ

snap (ਸਨੈਪ) *v n* ਅਚਨਚੇਤ ਵੱਢ ਲੈਣਾ, ਕਿਸੇ ਦੀ ਗੱਲ ਟੁੱਕਣੀ; ਅਚਾਨਕ ਖਿਝ ਕੇ ਬੋਲਣਾ; ਝੱਟ ਫੋਟੋ ਲੈ ਲੈਣੀ; ਕੜਾਕਾ, ਖੜਾਕ; ਫੁਰਤੀ, ਜੋਸ਼; ਸਧਾਰਨ ਫੋਟੋ

snare (ਸਨੇਅ*) *n v* ਫਾਹੀ, ਕੁੜੱਕੀ, ਜਾਲ, ਫੰਧਾ; ਧੋਖੇ ਨਾਲ ਅੜਾ ਦੇਣਾ, ਫਸਾ ਦੇਣਾ

snatch (ਸਨੈਚ) *v n* ਖੋਹਣਾ, ਖੋਹ ਲੈਣਾ, ਝਪਟ ਮਾਰਨੀ; ਲੈ ਕੇ ਭੱਜ ਜਾਣਾ; ਅਚਨਚੇਤ ਫੜਨਾ, ਥੋੜ੍ਹੇ ਸਮੇਂ ਦਾ ਆਵੇਸ਼

sneer (ਸਨਿਅ*) *v* ਮਖੌਲ ਉਡਾਉਣਾ, ਹਾਸਾ ਉਡਾਉਣਾ; ਨੀਚ ਸਮਝਣਾ, ਤੁੱਛ ਸਮਝਣਾ; ਤਾਅਨਾ ਮਾਰਨਾ

sneeze (ਸਨੀਜ਼) *n v* ਛਿੱਕ, ਨਿੱਛ; ਛਿੱਕਣਾ, ਨਿੱਛ ਮਾਰਨੀ

sniff (ਸਨਿਫ਼) *v n* ਨਕ ਵਿਚ ਚੜ੍ਹਾਉਣਾ, ਸਾਹ ਨਾਲ ਨੱਕ ਵਿਚ ਅੰਦਰ ਨੂੰ ਖਿੱਚਣਾ; ਸੁਰੜ-ਸੁਰੜ ਕਰਨਾ; ਨੱਕ ਵਿਚ ਅੰਦਰ ਨੂੰ ਖਿੱਚਿਆ ਸਾਹ; ~y ਹਕਾਰਤ ਭਰਿਆ; ਬਦਬੂ ਵਾਲਾ

snivel ('ਸਨਿਵ੍ਲ) *v n* ਨੱਕ ਵਗਣਾ, ਸੂੰ-ਸੂੰ ਕਰਨਾ, ਨੱਕ ਨਾਲ ਸੁਰੜ-ਸੁਰੜ ਕਰਨਾ; ਡੁਸਕਣਾ, ਬੁਸਕਣਾ; ਨੱਕ ਦੀ ਸੁਰੜ-ਸੁਰੜ

snob (ਸਨੌਬ) *n* ਬੜੀ ਫੂੰ-ਫਾਂ ਵਾਲਾ, ਆਕੜਖ਼ਾਨ, ਪਾਟੇਖ਼ਾਂ, ਹੋਛਾ, ਨੀਵੇਂ ਵਿਚਾਰਾਂ ਵਾਲਾ; ~bery ਘਮੰਡ, ਫੂੰ-ਫਾਂ, ਫੋਕੀ ਆਕੜ

snoop (ਸਨੂਪ) *v* ਲੁਕੇ-ਛਿਪੇ ਆਉਣਾ ਜਾਣਾ, ਮੁਖ਼ਬਰੀ ਕਰਨਾ, ਨਾਜਾਇਜ਼ ਦਖ਼ਲ ਦੇਣਾ

snooze (ਸਨੂਜ਼) *v n* ਥੋੜ੍ਹੇ ਚਿਰ ਲਈ ਸੌਣਾ; ਉਂਘਲਾਉਣਾ; ਉਂਘ

snore (ਸਨੋ*) *n v* ਘੁਰਾੜੇ; ਘੁਰਾੜੇ ਮਾਰਨੇ

snout (ਸਨਾਉਟ) *n* ਥੁਥਨੀ, ਥੂੰਨੀ; ਬੂਥੀ

snow (ਸਨਅਉ) *n v* ਬਦਲਾਂ ਵਿਚੋਂ ਡਿਗਣ ਵਾਲੀ ਬਰਫ਼; ਬਰਫ਼ ਪੈਣੀ, ਬਰਫ਼ ਡਿੱਗਣੀ; ~fall ਬਰਫ਼ਬਾਰੀ

snub (ਸਨਅੱਬ) *v n* ਝਿੜਕ ਦੇਣਾ, ਝਾੜ ਦੇਣਾ, ਡਾਂਟਣਾ; ਝਿੜਕ, ਝਾੜ, ਡਾਂਟ

snuff *v n* ਨਸਵਾਰ ਲੈਣੀ; ਨਸਵਾਰ

so (ਸਅਉ) *adv conj int pron* ਏਨਾ, ਇੰਨਾ; ਇੰਝ, ਇਸ ਤਰ੍ਹਾਂ; ਇਸ ਲਈ, ਇਸ ਕਰਕੇ, ਸੱਚ-ਮੁਚ ਹੀ, ਅਸਲ ਵਿਚ; ਇਹੋ ਗੱਲ; ~and so ਫਲਾਣਾ ਆਦਮੀ, ਫਲਾਣੀ ਚੀਜ਼; ਫਲਾਣਾ-ਢਿਮਕਾ; ~called ਕਥਿਤ, ਨਾਮ ਨਿਹਾਦ; ~far as ਜਿਥੋਂ ਤਕ ਕਿ; ~so (ਬੋਲ) ਠੀਕ-ਠਾਕ, ਨਾ ਚੰਗਾ ਨਾ ਮਾੜਾ, ਗੁਜ਼ਾਰੇ ਮੁਆਫ਼ਕ

soak (ਸਅਉਕ) *v n* ਭਿਓਂਣਾ, ਪਾਣੀ ਵਿਚ ਡੋਬਣਾ; ਪੂਰੀ ਤਰ੍ਹਾਂ ਭਿੱਜ ਜਾਣਾ; ਰੱਜ ਕੇ ਪੀਣਾ; ਡੁਬਾਉ; ਜ਼ੋਰ ਦੀ ਬਰਸਾਤ

soap (ਸਅਉਪ) *n v* ਸਾਬਣ; ਸਾਬਣ ਨਾਲ ਧੋਣਾ; ਚਾਪਲੂਸੀ ਕਰਨੀ

soar (ਸੋ*) *v* ਹਵਾ ਵਿਚ ਤਰਨਾ; ਉੱਚੀ ਸੋਚ-

ਉਡਾਰੀ ਲਾਉਣੀ; ਉਚਾਈ ਤੇ ਚੜ੍ਹਨਾ

sob (ਸੋਬ) *n v* ਡੁਸਕੀ, ਸਿਸਕੀ; ਡੁਸਕਣਾ; ਬੁਸਕਣਾ, ਸਿਸਕੀਆਂ ਲੈਣੀਆਂ, ਹੌਕੇ ਭਰਨੇ

sober ('ਸਅਉਬਅ*) *a v* ਗੰਭੀਰ, ਸੂਝਵਾਨ, ਸੰਜਮੀ; ਸ਼ਾਂਤ ਕਰਨਾ, ਹੋਸ਼ ਵਿਚ ਹੋਣਾ; **~ness** ਸਥਿਰ ਬੁੱਧੀ, ਗੰਭੀਰਤਾ, ਸਥਿਰਤਾ, ਵਿਚਾਰ-ਸ਼ੀਲਤਾ

sociable ('ਸਅਉਸ਼ਅਬਲ) *a n* ਮਿਲਣਸਾਰ, ਮਿਲਾਪੜਾ, ਸਨੇਹੀ, ਆਪਸੀ, ਦੋਸਤਾਨਾ; ਵਾਧੂ ਸ਼ਿਸ਼ਟਾਚਾਰ ਤੋਂ ਬਿਨਾ

social ('ਸਅਉਸ਼ਲ) *a n* ਸਮਾਜਕ, ਸਮਾਜੀ ਮਿਲਾਪੜਾ, ਆਪਸੀ; **~security** ਸਮਾਜਕ ਸੁਰੱਖਿਆ; **~ism** ਸਮਾਜਵਾਦ, ਸਾਂਝੀਵਾਲਤਾ **~ist** ਸਮਾਜਵਾਦੀ **~ize** ਸਮਾਜੀਕਰਨ ਕਰਨਾ

society (ਸਅ'ਸਾਇਅਟਿ) *n* ਸਮਾਜ, ਭਾਈਚਾਰਾ; ਬਿਰਾਦਰੀ; ਉਚ ਵਰਗ; ਵੱਡੇ ਲੋਕ; ਸਭਾ, ਪਰਿਸ਼ਦ, ਸਮਿਤੀ, ਸੰਘ; ਸੰਗਤ

sociology ('ਸਅਉਸਿ'ਔਲਅਜਿ) *n* ਸਮਾਜ-ਵਿਗਿਆਨ, ਸਮਾਜ-ਸ਼ਾਸਤਰ

sock (ਸੌਕ) *n v* ਜੁਰਾਬ, ਪਤਾਵਾ; ਢੀਮ ਮਾਰਨੀ, ਕੋਈ ਚੀਜ਼ ਵਗਾਹ ਕੇ ਮਾਰਨੀ

sodomite ('ਸੌਡਅਮਾਇਟ) *n* ਲੌਂਡੇਬਾਜ਼, ਮੁੰਡੇਬਾਜ਼; ਪਸ਼ੂ-ਸੰਭੋਗੀ

sodomy ('ਸੌਡਅਮਿ) *n* ਮੁੰਡੇਬਾਜ਼ੀ, ਲੌਂਡੇਬਾਜ਼ੀ

soft (ਸੌਫ਼ਟ) *a adv* ਕੂਲਾ, ਨਰਮ, ਮੁਲਾਇਮ, ਚਿਕਨਾ; ਲਚਕਦਾਰ, ਢਿਲਵਾਂ, ਸੁਹਾਵਣਾ, ਨਿਰਬਲ, ਪੋਲਾ, ਜ਼ਨਾਨਾ; (ਰਾਗ) ਮੱਧਮ, ਧੀਮੀ ਸੁਰ ਵਿਚ; **~currency** ਨਾ-ਬਦਲਣਯੋਗ ਮੁਦਰਾ; **~en** ਨਰਮ ਹੋਣਾ, ਢਲਣਾ, ਮੋਮ ਹੋਣਾ; ਢਾਲਣਾ; ਮੱਧਮ ਕਰਨਾ, ਧੀਮਾ ਕਰਨਾ; **~ness** ਕੋਮਲਤਾ, ਨਰਮੀ, ਨਿਮਰਤਾ; **~ware** ਕਮਪਿਊਟਰ ਦਾ ਪ੍ਰੋਗਰਾਮ **~y** ਸਿੱਧੜ, ਸਿੱਧਾ-ਸਾਦਾ (ਆਦਮੀ), ਭੋਲਾ-ਭਾਲਾ (ਮਨੁੱਖ); ਮੂਰਖ; ਕਮਜ਼ੋਰ (ਵਿਅਕਤੀ); ਢਿੱਲੀ ਕੁਲਫ਼ੀ

soil (ਸੌਇਲ) *v n* ਮੈਲਾ ਕਰਨਾ, ਲਿਬੇੜਨਾ; ਦਾਗ਼ ਪੈ ਜਾਣਾ; ਧੱਬਾ; ਮਿੱਟੀ, ਜ਼ਮੀਨ; ਦੇਸ਼, ਵਤਨ

sojourn ('ਸੌਜਅ:ਨ) *n v* ਥੋੜ੍ਹੇ ਸਮੇਂ ਦਾ ਡੇਰਾ; ਠਹਿਰਨਾ, ਰੁਕਣਾ, ਡੇਰਾ ਕਰਨਾ; ਟਿਕਣਾ

solace ('ਸੌਲਅਸ) *n v* ਦਿਲਾਸਾ, ਢਾਰਸ, ਧੀਰਜ, ਤੱਸਲੀ, ਹੌਸਲਾ; ਦਿਲਾਸਾ ਦੇਣਾ, ਤੱਸਲੀ ਦੇਣੀ; **~ment** ਢਾਰਸ; ਤੱਸਲੀ; ਦਿਲਾਸਾ

solar ('ਸਅਉਲ*) *a* ਸੂਰਜ ਦਾ, ਸੂਰਜੀ; **~system** ਸੌਰ-ਮੰਡਲ

solder ('ਸੌਲਡਅ*) *n v* ਧਾਤ ਦਾ ਟਾਂਕਾ; ਜੋੜ; ਟਾਂਕਾ ਲਾਉਣਾ; ਜੋੜ ਲਾਉਣਾ

soldier ('ਸੁਅਉਲਜਅ*) *n* ਫ਼ੌਜੀ ਸੈਨਕ; ਫ਼ੌਜ ਦਾ ਸਿਪਾਹੀ

sole (ਸਅਉਲ) *n a v* ਜੁੱਤੀ ਦਾ ਤਲਾ, (ਕਿਸੇ ਚੀਜ਼ ਦਾ) ਥੱਲਾ, ਪੇਂਦਾ, ਆਧਾਰ; ਇੱਕਲਾ, ਇਕੋ-ਇਕ, ਸਿਰਫ਼; (ਕਾ) ਕੰਵਾਰਾ, ਛੜਾ; ਜੁੱਤੀ ਦਾ ਤਲਾ ਲਾਉਣਾ

solemn ('ਸੌਲਅਮ) *a* ਗੰਭੀਰ, ਸੰਜੀਦਾ; ਵਿਧੀ-ਅਨੁਕੂਲ; ਮਰਯਾਦਾਪੂਰਵਕ, ਰਸਮ; **~ity** ਗੰਭੀਰਤਾ, ਸੰਜੀਦਗੀ; ਮਹਾਨਤਾ, ਠਾਠ; ਧਾਰਮਕ ਰਸਮ, ਧਾਰਮਕ ਸੰਸਕਾਰ; ਪਵਿੱਤਰਤਾ; **~ize** ਮਨਾਉਣਾ (ਤਿਉਹਾਰ, ਉਤਸਵ ਆਦਿ); (ਰੀਤੀ, ਰਸਮ) ਵਿਧੀ ਅਨੁਸਾਰ ਨਿਭਾਉਣੀ

solicit (ਸਅ'ਲਿਸਿਟ) *v* ਬੇਨਤੀ ਕਰਨੀ, ਯਾਚਨਾ ਕਰਨੀ, ਅਰਜ਼ ਕਰਨੀ; **~ation** ਬੇਨਤੀ, ਮਿੰਨਤ, ਯਾਚਨਾ; **~or** ਯਾਚਕ; ਉਪਵਕੀਲ; ਮੁਕਦਮਾ ਚਲਾਣ ਦੀ ਰਾਇ ਦੇਣ ਵਾਲਾ

solid ('ਸੌਲਿਡ) *a* ਠੋਸ, ਨਿੱਗਰ; ਪੱਕਾ, ਦ੍ਰਿੜ੍ਹ,

ਮਜ਼ਬੂਤ; ਸ਼ੁੱਧ; ਤਰਕਸੰਗਤ, ਪ੍ਰਮਾਣਤ; ਸੱਚਾ, ਵਾਸਤਵਿਕ, ਅਸਲੀ; ~arity ਏਕਤਾ, ਸੰਗਠਨ, ਇਕਜੁੱਟਤਾ

solitary ('ਸੌਲਿਟ(ਅ)ਰਿ) *a n* ਇੱਕਲਾ, ਇਕੋ-ਇਕ, ਕੱਲਮ-ਕੱਲਾ; ਲੁੱਗਾ, ਸੁੰਨਸਾਨ; ਇਕਾਂਤ, ਇਕਾਂਤਵਾਸੀ; ਵੈਰਾਗੀ

solitude ('ਸੌਲਿਟਯੂਡ) *n* ਇਕਾਂਤ, ਸੁੰਞ, ਸੁੰਨਸਾਨ; ਇੱਕਲਾਪਣ

soluble ('ਸੌਲਯੁਬਲ) *a* ਘੁਲਣਹਾਰ; ਹੱਲ ਕਰਨ ਯੋਗ, ਸੁਲਝਾਉਣ ਯੋਗ

solution (ਸਅ'ਲੂਸ਼ਨ) *n* ਘੋਲ, ਘੁਲਣ, ਘੁਲਾਈ, (ਸਮੱਸਿਆ ਦਾ) ਉਪਾਉ; ਸੁਲਝਾਉ; (ਗਣਿ) ਹੱਲ; ਮੁਕਤੀ

solve (ਸੌਲਵ੍) *v* (ਗਣਿ) ਸਵਾਲ ਹੱਲ ਕਰਨਾ; ਬੁੱਝਣਾ, ਹੱਲ ਕੱਢਣਾ; (ਸਮੱਸਿਆ) ਸੁਲਝਾਉਣੀ, ਖੋਲ੍ਹਣੀ

sombre ('ਸੌਮਬਅ*) *a* ਹਨੇਰਾ, ਧੁੰਦਲਾ, ਕਾਲਾ; ਉਦਾਸ, ਮੁਰਝਾਇਆ

some (ਸਅੱਮ) *a pron adv* ਕੋਈ; ਕੁਝ, ਕਈ, ਕਿੰਨੇ ਹੀ; ~how ਕਿਸੇ ਨਾ ਕਿਸੇ ਤਰ੍ਹਾਂ, ਕਿਸੇ ਤਰ੍ਹਾਂ, ਕਿਵੇਂ ਨਾ ਕਿਵੇਂ; ~one ਕੋਈ, ਕੋਈ ਆਦਮੀ; ~thing ਕੁਝ, ਕੋਈ, ਕੁਝ ਨਾ ਕੁਝ, ਕੁਝ ਕੁ; ~time ਕੁਝ ਚਿਰ, ਥੋੜ੍ਹਾ ਸਮਾਂ; ਕਿਸੇ ਵੇਲੇ; ~what ਕੁਝ ਕੁ, ਥੋੜ੍ਹਾ ਜਿਹਾ, ਕੋਈ ਚੀਜ਼; ~where ਕਿਤੇ, ਕਿੱਧਰੇ, ਕਿਸੇ ਪਾਸੇ

somersault ('ਸਅਮਅਸੋਲਟ) *n* ਪੁੱਠੀ ਛਾਲ, ਉਲਟ-ਚੱਕਰ, ਬਾਜ਼ੀ (ਪਾਉਣੀ), ਬਾਜ਼ੀਆਂ (ਪਾਉਣੀਆਂ), ਕਲਾਬਾਜ਼ੀ

son (ਸਅੱਨ) *n* ਪੁੱਤਰ, ਬੇਟਾ, ਸੰਤਾਨ; ~in law ਜਵਾਈ, ਦਾਮਾਦ

sonant ('ਸਅਉਨਅੱਟ) *a n* ਧੁਨੀਪੂਰਨ, ਨਾਦੀ, ਸੁਰੀਲਾ

song (ਸੌਙ) *n* ਗੀਤ; ਪਦ; ਗਾਉਣ

soon (ਸੂਨ) *adv* ਛੇਤੀ, ਤੁਰੰਤ, ਸ਼ੀਘਰ, ਹੁਣੇ ਹੀ, ਥੋੜ੍ਹੇ ਚਿਰ ਨੂੰ

soot (ਸੁਟ) *n v* ਧੁਆਂਖ, ਕਾਲਖ; ਧੁਆਂਖਣਾ, ਕਾਲਾ ਕਰਨਾ, ਕਾਲਖ਼ ਲਾਉਣੀ

soothe (ਸੂਦ) *v* (ਗੁੱਸਾ) ਠੰਢਾ ਕਰਨਾ; ਸ਼ਾਂਤ ਕਰਨਾ, (ਪੀੜ) ਘਟ ਕਰਨੀ, ਖ਼ੁਸ਼ਾਮਦ ਕਰਨੀ

sophistic, ~al (ਸਆਫ਼ਿਸਿਟਿਕ, ਸਆਫ਼ਿਸਟਿਕਲ) *a* ਝੂਠੀ ਦਲੀਲ ਵਾਲਾ; ਕੁਤਰਕੀ, ਧੋਖੇ ਵਾਲਾ; ~ated ਦੁਨੀਆਦਾਰ; ਸਿਆਣਪ, ਭਰਪੂਰ; ਵਿਵੇਕਪੂਰਣ; ਨਫ਼ੀਸ; ~ation ਦੁਨੀਆਦਾਰੀ, ਸਿਆਣਪ, ਸੂਝ; ਨਫ਼ਾਸਤ

sordid ('ਸੋਡਿਡ) *a* ਸ਼ੋਹਦਾ, ਸੂਮ; ਹੋਛਾ, ਨੀਚ ਘਿਣਾਉਣਾ, ਭੈੜਾ

sore ('ਸੋ*) *a n adv* ਦੁਖਦਾ; ਖਿਝਿਆ, ਅੱਕਿਆ, ਦੁੱਖੀ; (ਗੱਲ) ਚੁੱਭਵੀਂ; ਜ਼ਖ਼ਮ; ਡਾਢਾ

sorrow ('ਸੌਰਅਉ) *n* ਉਦਾਸੀ, ਸੋਗ, ਗ਼ਮ, ਅਫ਼ਸੋਸ; ਕਲੇਸ਼, ਚਿੰਤਾ, ਦੁੱਖ; ਬਿਪਤਾ, ਸੰਕਟ; ~ful ਉਦਾਸ, ਗ਼ਮਗੀਨ, ਸੋਗੀ

sorry ('ਸੌਰਿ) *a* ਦੁੱਖੀ, ਉਦਾਸ, ਗ਼ਮਗੀਨ; ਪਛਤਾਉਂਦਾ, ਦਿਲਗੀਰ; ਹੀਣਾ

sort (ਸੋਟ) *n v* ਪ੍ਰਕਾਰ, ਕਿਸਮ, ਵੰਨਗੀ; ਵੱਖ ਵੱਖ ਕਰਨਾ, ਛਾਂਟਣਾ; ~ing ਛੰਟਾਈ, ਛਾਂਟ, ਪ੍ਰਿਥਕਕਰਨ, ਵਰਗੀਕਰਨ

soul (ਸਅਉਲ) *n* ਆਤਮਾ, ਰੂਹ; ਅੰਤਹਕਰਣ, ਆਪਾ, ਮਨ, ਚਿੱਤ, ਦਿਲ; ਜੀਵ; ~less ਨਿਰਜੀਵ, ਪ੍ਰਾਣਹੀਣ; ਉਤਸ਼ਾਹਹੀਣ; ਬੇਜ਼ਮੀਰਾ

sound (ਸਾਉਂਡ) *a adv* ਅਵਾਜ਼, ਧੁਨੀ, ਖੜਾਕ; ਉਚਾਰਨ; ਅਵਾਜ਼ ਨਿਕਲਣੀ, ਧੁਨੀ ਉਤਪੰਨ

ਹੋਣੀ; ਰਾਜ਼ੀ-ਬਾਜ਼ੀ, ਤੰਦਰੁਸਤ, ਚੰਗਾ-ਭਲਾ; ਠੀਕ ਹਾਲਤ ਵਿਚ

soup (ਸੂਪ) *n* ਤਰੀ, ਸ਼ੋਰਬਾ, ਸੂਪ

sour ('ਸਾਉਅ*) *a v* ਖੱਟਾ (ਸੁਆਦ); (ਰੋਟੀ) ਬੁਸੀ ਹੋਈ, ਖ਼ਮੀਰੀ; (ਵਾਸ਼ਨਾ) ਖ਼ਮੀਰ ਵਰਗੀ

source (ਸੋਸ) *n* ਸਰੋਤ, ਨਿਕਾਸ, ਪੈਦਾ ਹੋਣ ਵਾਲੀ ਥਾਂ; ਮੂਲ, ਮੁੱਢ

south (ਸਾਉਥ) *n a adv* ਦੱਖਣ, ਦੱਖਣ ਦਿਸ਼ਾ; ਦੱਖਣੀ

souvenir ('ਸੂਵ਼(ਅ)'ਨਿਅ*) *n* ਯਾਦਗਾਰ, ਨਿਸ਼ਾਨੀ, ਸਮਾਰਕ

sovereign ('ਸੌਵ੍ਰਿਨ) *a n* ਉੱਤਮ, ਉੱਚਤਮ, ਸਿਰਮੌਰ, ਸਿਰਤਾਜ; ਸਰਬ-ਸੱਤਾਧਾਰੀ; **~ty** ਰਾਜਗੀਰੀ, ਹਕੂਮਤ; ਸਰਬ ਸਮਰੱਥਾ, ਪ੍ਰਭੁਤਾ

sow (ਸੌਅਉ) *v* ਬੀਜਣਾ, ਬੀ ਪਾਉਣਾ; ਪ੍ਰਚਾਰ ਕਰਨਾ

space (ਸਪੇਇਸ) *n v* ਖ਼ਾਲੀ ਥਾਂ, ਵਿੱਥ; ਪੁਲਾੜ, ਆਕਾਸ਼, ਖ਼ਲਾਅ; ਵਿਸਤਾਰ; ਵਿਚਾਲੇ ਦਾ ਸਮਾਂ, ਸਮੇਂ ਦਾ ਅੰਤਰ; ਵਿੱਥ ਤੇ ਰੱਖਣਾ, ਵਿੱਥ ਦੇਣੀ; **~craft** ਪੁਲਾੜੀ ਜਹਾਜ਼; **~man** ਪੁਲਾੜੀ ਯਾਤਰੀ

spacious ('ਸਪੇਇਸ਼ਅਸ) *a* ਖੁੱਲ੍ਹਾ, ਮੋਕਲਾ, ਵਿਸ਼ਾਲ, ਲੰਮਾ-ਚੌੜ੍ਹਾ; **~ness** ਵਿਸਤਾਰ, ਫੈਲਾਉ, ਲੰਮਾਈ-ਚੌੜ੍ਹਾਈ, ਗੁੰਜਾਇਸ਼

spade (ਸਪੇਇਡ) *n* ਬੇਲਚਾ, ਫਾਉੜਾ, ਕਹੀ; **~work** ਮੁਢੱਲਾ ਸਖ਼ਤ ਕੰਮ, ਕਰੜੀ ਮਿਹਨਤ ਵਾਲਾ ਆਰੰਭਕ ਕੰਮ, ਮੋਟਾ ਮੋਟਾ ਕੰਮ

spado ('ਸਪੇਇਡਅਉ) *a* ਕਮਜ਼ੋਰ ਆਦਮੀ, ਨਪੁੰਸਕ ਵਿਅਕਤੀ; ਹੀਜੜਾ

span (ਸਪੈਨ) *n v* ਗਿੱਠ, ਅਵਧੀ, ਕਾਲ; ਥੋੜ੍ਹਾ ਸਮਾਂ ਜਾਂ ਥੋੜ੍ਹੀ ਦੂਰੀ; ਪੂਰਾ ਵਿਸਤਾਰ ਜਾਂ ਖਿਲਾਰ; 9 ਇੰਚ; ਗਿੱਠਾਂ ਨਾਲ ਮਿਣਨਾ; ਦਰਿਆ ਆਦਿ ਉੱਤੇ ਪੁਲ ਬਣਾਉਣਾ; ਆਰਪਾਰ ਫੈਲਣਾ

spare (ਸਪੇਅ*) *a v* ਵਾਧੂ, ਫ਼ਾਲਤੂ; ਵਿਹਲਾ, ਖ਼ਾਲੀ (ਸਮਾਂ); ਲੋੜ ਨਾ ਸਮਝਣੀ, ਛੱਡਣਾ, ਵਿਹਲਾ ਕਰਨਾ, ਛੋਟ ਕਰਨੀ, ਵਰਤੋਂ ਵਿਚ ਨਾ ਲਿਆਉਣਾ, ਲਾਂਭੇ ਰੱਖਣਾ; ਬਚਾ ਰੱਖਣਾ; **~part** ਫ਼ਾਲਤੂ ਪੁਰਜ਼ੇ

spark (ਸਪਾਃਕ) *n v* ਚਿਣਗ; ਬਿਜਲੀ ਦੀ ਚੰਗਿਆੜੀ; (ਗੁਣ ਦੀ) ਝਲਕ; ਚੰਗਿਆੜੀਆ ਨਿਕਲਣੀਆਂ; **~ie** ਲਿਸ਼ਕਣਾ, ਚਮਕਣਾ, ਝਲਕ ਮਾਰਨੀ; ਚੰਗਿਆੜੇ ਛੱਡਣੇ; ਲਿਸ਼ਕ, ਚਮਕ, ਝਲਕ, ਲਿਸ਼ਕਾਰਾ

sparrow ('ਸਪੈਰਅਉ) *n* ਚਿੜੀ

spawl (ਸਪੋਲ) *n v* ਥੁੱਕ, ਲਾਰ; ਥੁੱਕਣਾ, ਲਾਰਾਂ ਛੱਡਣੀਆਂ

speak (ਸਪੀਕ) *v* ਬੋਲਣਾ, ਕਹਿਣਾ, ਦੱਸਣਾ; ਗਲੱਬਾਤ ਕਰਨੀ; **~er** ਵਕਤਾ, ਬੋਲਣ ਵਾਲਾ

spear (ਸਪਿਅ*) *v* ਬਰਛਾ, ਬੱਲਮ, ਨੇਜ਼ਾ, ਬਰਛਾ ਮਾਰਨਾ; **~head** ਅੱਗੇ ਵਧਾਉਣਾ, ਆਗੂ, ਹਰਾਵਲ; **~mint** ਪੂਦਨਾ

special (ਸਪੈਸ਼ੱਲ) *a* ਖ਼ਾਸ, ਵਿਸ਼ੇਸ਼, ਵਿਸ਼ਿਸ਼ਟ; ਅਸਾਧਾਰਨ; **~ist** ਵਿਸ਼ੇਸ਼ੱਗ; **~ity** ਵਿਸ਼ੇਸ਼ ਗੁਣ; ਵਿਸ਼ੇਸ਼ਤਾ; **~ization** ਵਿਸ਼ੇਸ਼ੱਗਤਾ, ਮੁਹਾਰਤ; **~ize** ਵਿਸ਼ੇਸ਼ਤਾ ਦੇਣੀ; **~ized** ਵਿਸ਼ਿਸ਼ਟ, ਵਿਸ਼ੇਸ਼ੀਕ੍ਰਿਤ

species ('ਸਪੀਸ਼ੀਜ਼) *n* ਜਾਤੀ, ਉਪ-ਜਾਤੀ, ਨਸਲ; ਸ੍ਰੇਣੀ, ਕੋਟੀ, ਵਰਗ

specific (ਸਪਅ'ਸਿਫ਼ਿਕ) *a* ਵਿਸ਼ੇਸ਼, ਖ਼ਾਸ; ਉਚੇਚਾ; ਨਿਸ਼ਚਤ; ਜਿਨਸੀ, ਜਾਤੀਗਤ; **~ation** ਸਪਸ਼ਟਤਾ; ਵਿਸ਼ੇਸ਼ ਵਿਵਰਣ

specified ('ਸਪੈਸਿਫ਼ਾਇਡ) *a* ਨਿਸ਼ਚਤ ਉਲਿਖਤ

specify ('ਸਪੈਸਿਫ਼ਾਇ) *v* ਸਪਸ਼ਟ ਕਰਨਾ, ਨਿਸ਼ਚਤ ਕਰਨਾ; ਵਿਸ਼ੇਸ਼ ਢੰਗ ਨਾਲ ਕਹਿਣਾ

specimen ('ਸਪੈਸਿਮਅਨ) *n* ਨਮੂਨਾ, ਵੰਨਗੀ, ਉਦਾਹਰਣ

spectacle ('ਸਪੈੱਕਟਅਲ) *n* ਨਜ਼ਾਰਾ, ਝਾਕੀ, (ਬਵ) ਐਨਕ; ~d ਐਨਕ ਵਾਲਾ, ਚਸ਼ਮਾਧਾਰੀ

spectator (ਸਪੈਕ'ਟੇਇਟਅ*) *n* ਦਰਸ਼ਕ, ਤਮਾਸ਼ਬੀਨ, ਦ੍ਰਿਸ਼ਟਾ

spectrum ('ਸਪੈੱਕਟਰਅਮ) *n* ਕਿਰਨ-ਪਰਛਾਈਂ, ਵਰਣ-ਕ੍ਰਮ; ਰੰਗ-ਦ੍ਰਿਸ਼; ਸਿਲਸਲਾ

speculate ('ਸਪੈੱਕਯੁਲੇਇਟ) *v* ਅਨੁਮਾਨ ਲਾਉਣਾ, ਅੰਦਾਜ਼ਾ ਲਾਉਣਾ, ਖ਼ਿਆਲੀ ਘੋੜੇ ਦੁੜਾਉਣੇ

speculation ('ਸਪੈੱਕਯੁ'ਲੇਇਸ਼ਨ) *n* ਅਨੁਮਾਨ, ਅੰਦਾਜ਼ਾ, ਕਿਆਸ, ਸੱਟਾਬਾਜ਼ੀ; ਚਿੰਤਨ

speculative ('ਸਪੈੱਕਯੁਲਅਟਿਵ਼) *a* ਕਾਲਪਨਕ, ਖ਼ਿਆਲੀ, ਕਿਆਸੀ, ਵਿਚਾਰਸ਼ੀਲ; ਸੱਟੇ ਵਿਚ ਲੱਗਿਆ

speech (ਸਪੀਚ) *n* ਭਾਸ਼ਣ, ਤਕਰੀਰ, ਕਥਨ-ਸ਼ਕਤੀ; ਬੋਲ, ਬੋਲੀ; ~less ਬੇਜ਼ਬਾਨ, ਗੂੰਗਾ, ਚੁੱਪ, ਮੌਨ, ਖ਼ਮੋਸ਼; ਅਵਾਕ

speed (ਸਪੀਡ) *n v* ਗਤੀ, ਚਾਲ; ਫੁਰਤੀ, ਤੇਜ਼ੀ, ਤੀਬਰਤਾ; ਫੁਰਤੀ ਵਖਾਉਣੀ; ਛੇਤੀ ਘੱਲਣਾ; ਉੱਨਤੀ ਕਰਨੀ; ~y ਵੇਗਵਾਨ, ਵੇਗਪੂਰਨ, ਤੀਬਰ

spell (ਸਪੈੱਲ) *n v* ਮੰਤਰ, ਟੂਣਾ, ਆਕਰਸ਼ਣ; ਕੁਝ ਚਿਰ; ਸ਼ਬਦ-ਜੋੜ ਕਰਨਾ, ਹਿੱਜੇ ਕਰਨਾ; ~bound ਕੀਲਿਆ, ਮੋਹਤ, ਮੰਤਰ-ਮੁਗਧ; ~ing ਹਿੱਜੇ, ਸ਼ਬਦ-ਜੋੜ, ਵਰਣ-ਵਿਨਿਆਸ

spend (ਸਪੈਂਡ) *v* ਖ਼ਰਚਣਾ, ਖ਼ਰਚ ਕਰਨਾ, ਖ਼ਰਚ ਹੋ ਜਾਣਾ; ~thrift ਫ਼ਜ਼ੂਲ ਖ਼ਰਚ

sperm (ਸਪਅ:ਮ) *n* ਨਰ ਦਾ ਵੀਰਜ; ਮਣੀ, ਸ਼ੁਕਰਾਣੂ

sphere ('ਸਫ਼ਿਅ*) *n* ਖੇਤਰ, ਦਾਇਰਾ; ਗੋਲਾ, ਆਕਾਸ਼ੀ ਪਿੰਡ

sphinx (ਸਫ਼ਿਙਕਸ) *n* ਨਰਸਿੰਘ, ਗੁੱਝਾ ਮਨੁੱਖ

spice (ਸਪਾਇਸ) *n v* ਮਸਾਲਾ, ਮਿਰਚ-ਮਸਾਲਾ; ਮਸਾਲੇਦਾਰ ਬਣਾਉਣਾ

spick and span ('ਸਪਿਕ ਅਨ'ਸਪੈਨ) *a* ਨਵਾਂ, ਕੋਰਾ, ਤਾਜ਼ਾ; ਨਵਾਂ-ਨਿਕੋਰ, ਚੁਸਤ

spicy ('ਸਪਾਇਸਿ) *a* ਮਸਾਲੇਦਾਰ; ਕਰਾਰਾ; ਚਟਕੀਲਾ, ਲੱਛੇਦਾਰ

spider ('ਸਪਾਇਡਅ*) *n* ਮੱਕੜੀ

spike (ਸਪਾਇਕ) *n v* ਤਿੱਖੀ ਨੋਕ; ਲੰਮਾ ਕਿੱਲ; ਨੋਕਦਾਰ ਸੀਖ; ਜੁੱਤੀ ਦੇ ਥੱਲੇ ਲੱਗੀ ਮੇਖ; ਸੁੰਬਾ; ਮੇਖਾਂ ਲਾਉਣੀਆਂ

spile (ਸਪਾਇਲ) *n v* ਕਿੱਲ, ਤਿੱਖੀ ਮੇਖ; ਕਿੱਲ ਲਾਉਣਾ, ਮੇਖ ਗੱਡਣੀ

spill (ਸਪਿਲ) *v n* ਡੋਲ੍ਹਣਾ, ਰੋੜ੍ਹਣਾ; ਡੁੱਲ੍ਹਣਾ; ਰੁੜ੍ਹਣਾ; ਵਗਣਾ; ਕਾਗਜ਼ ਜਾਂ ਲਕੜੀ ਦੀ ਬੱਤੀ

spin (ਸਪਿਨ) *v n* ਕੱਤਣਾ, ਪੂਣੀਆਂ ਕੱਤਣੀਆਂ, ਚਰਖਾ ਕੱਤਣਾ, ਤੱਕਲੀ ਨਾਲ ਵੱਟਣਾ; ਚੱਕਰੀ; ~ning ਕਤਾਈ, ਕੱਤਣ, ਬੁਣਨ; ਘੁਮਾਈ, ਚੱਕਰ; ~dle ਤੱਕਲਾ (ਚਰਖੇ ਦਾ); ਤੱਕਲੀ (ਵਾਣ; ਸੂਤ ਆਦਿ ਵੱਟਣ ਵਾਲੀ), ਢੇਰਨੀ; ਜੁਲਾਹੇ ਦੀ ਨੀਲ; ਧੁਰਾ, ਧੁਰੀ, ਲੱਠ (ਚਰਖੇ ਦੀ)

spinal ('ਸਪਾਇਨਲ) *a* ਰੀੜ੍ਹ ਦੀ ਹੱਡੀ ਦਾ; ~cord ਰੀੜ੍ਹ ਦੀ ਹੱਡੀ

spine (ਸਪਾਇਨ) *n* ਕੰਗਰੋੜ; ਸੂਲ; ਉੱਭਰਵਾਂ ਹਿੱਸਾ; ~less *a* ਬਿਨਾ ਕਮਰੋੜ, ਰੀੜ੍ਹ ਦੀ ਹੱਡੀ ਬਿਨਾ; ਨਿਤਾਣਾ, ਡਰਪੋਕ, ਕਮਜ਼ੋਰ

spinster ('ਸਪਿੰਸਟਅ*) *n* ਅਣਵਿਆਹੀ ਤੀਵੀਂ,

ਛੜੀ, ਬੁੱਢ-ਕੁਆਰੀ

spiral ('ਸਪਾਇਰਲ) *a n* ਚੱਕਰਦਾਰ, ਕੁੰਡਲਦਾਰ, ਚੂੜੀਦਾਰ; ਚੱਕਰਦਾਰ ਕਮਾਨੀ

spirit ('ਸਪਿਰਿਟ) *n v* ਆਤਮਾ, ਰੂਹ, ਜੀਵ-ਆਤਮਾ, ਪ੍ਰਾਣ, ਬ੍ਰਹਮ, ਪਰਮਾਤਮਾ; ਭੂਤ, ਪਰੇਤ; ਹਿੰਮਤ, ਹੌਸਲਾ, ਜੋਸ਼, ਖ਼ੁਸ਼ਦਿਲੀ, ਜ਼ਿੰਦਾਦਿਲੀ, ਚੜ੍ਹਦੀ ਕਲਾ ਵਾਲੀ ਦਸ਼ਾ; ਸਤ, ਸ਼ਰਾਬ; ਸਪਿਰਿਟ, (ਕਿਸੇ ਨੂੰ) ਪ੍ਰਸੰਨ ਕਰਨਾ, ਉਤਸ਼ਾਹਤ ਕਰਨਾ; **~less** ਮੁਰਦਾਦਿਲ, ਬੇਹੌਸਲਾ, ਢਿੱਲੜ, ਫੋਸੜ; ਉਦਾਸ; **~ual** ਆਤਮਕ, ਰੂਹਾਨੀ, ਆਤਮਾ ਸਬੰਧੀ, ਅਧਿਆਤਮਕ, ਮਜ਼੍ਹਬੀ, ਪਰਮਾਰਥਕ, ਅਸਰੀਰੀ, ਅਮੂਰਤ; **~ualism** ਆਤਮਵਾਦ, ਅਧਿਆਤਮਵਾਦ, ਅਧਿਆਤਮਕਤਾ; **~ualist** ਅਧਿਆਤਮਵਾਦੀ, ਬ੍ਰਹਮਵਾਦੀ; **~uality** ਅਧਿਆਤਮਕਤਾ, ਅਧਿਆਤਮ, ਰੂਹਾਨੀਅਤ

spit (ਸਪਿਟ) *v n* ਥੁੱਕਣਾ, ਥੁੱਕ ਸੁੱਟਣਾ; ਗੁੱਸੇ ਵਿਚ ਮੂੰਹੋਂ ਕੱਢਣਾ; ਸੀਖ ਨਾਲ ਕਬਾਬ ਚੰਬੇੜਨਾ; ਫੁੰਕਾਰ, ਥੁੱਕ; **~tie** ਥੁੱਕ, ਉਗਾਲ; **~toon** ਪੀਕਦਾਨ, ਥੁੱਕਦਾਨ, ਉਗਾਲਦਾਨ

spite (ਸਪਾਇਟ) *n v* ਲਾਗਤਬਾਜ਼ੀ, ਲਾਗ-ਡਾਟ; ਦਵੈਸ਼; ਖੁਣਸ, ਈਰਖਾ, ਸਾੜਾ; ਵੈਰ; ਲਾਗਤਬਾਜ਼ੀ ਕਰਨੀ

splash (ਸਪਲੈਸ਼) *v n* ਪਾਣੀ ਦੇ ਛਿੱਟੇ ਉਡਣੇ, (ਕਿਸੇ ਉੱਤੇ) ਛਿੱਟੇ ਪਾਉਣੇ; ਛਿੱਟ, ਛਿੱਟਾ, ਧੱਬਾ

spleen (ਸਪਲੀਨ) *n* ਤਿਲੀ, ਕੌੜਾ ਸੁਭਾਅ, ਅੜ੍ਹਬਪੁਣਾ, ਖਿਝ; ਗੁੱਸਾ

splendid ('ਸਪਲੈਂਡਿਡ) *n* ਸ਼ਾਨਦਾਰ, ਪ੍ਰਭਾਵ-ਸ਼ਾਲੀ, ਪ੍ਰਸੰਸਾਯੋਗ, ਗੌਰਵਮਈ, ਸ਼ਾਹਾਨਾ, ਆਲੀਸ਼ਾਨ; **~ness** ਪ੍ਰਭਾਵਸ਼ੀਲਤਾ, ਗੌਰਵ

splendour ('ਸਪਲੈਂਡਅ*) *n* ਸ਼ਾਨ, ਠਾਠ, ਠਾਠ-ਬਾਠ, ਸਜਧਜ; ਗੌਰਵ

split (ਸਪਲਿਟ) *v n* ਵੱਖਰਾ ਹੋਣਾ; ਪਾੜਨਾ; ਵੰਡਣਾ, ਫਟਣਾ; ਫਟ ਕੇ ਟੁਕੜੇ ਉਡ ਜਾਣੇ; ਦਰਾੜ, ਮੋਰੀ, ਧਾਤ ਦੀ ਇਕ ਛੜ

spoil (ਸਪੌਇਲ) *n v* ਲੁਟ, ਨਫ਼ਾ, ਖ਼ਰਾਬ ਕਰਨਾ, ਵਿਗਾੜਨਾ; ਲੁੱਟਣਾ, ਲੁੱਟ ਲੈਣਾ; **~ed** ਵਿਗੜਿਆ, ਦੂਸ਼ਤ, ਵਿਕ੍ਰਿਤ

spoke (ਸਪਅਉਕ) *n v* (ਪਹੀਏ ਦੀ) ਅਰ, ਤਾਰ; ਰੁਕਾਵਟ ਪਾਉਣੀ

spokesman ('ਸਪਅਉਕਸਮਅਨ) *n* ਪ੍ਰਵਕਤਾ; ਬੁਲਾਰਾ, ਪ੍ਰਤੀਨਿਧ, ਨੁਮਾਇੰਦਾ

sponge ('ਸਪਅੰਜ) *n v* ਸਪੰਜ; ਅਸਪੰਜ; ਸਪੰਜ ਨਾਲ ਸਫ਼ਾਈ ਕਰਨਾ; ਖ਼ੁਸ਼ਾਮਦ ਨਾਲ ਕੰਮ ਕੱਢਣਾ; **~r** ਮੁਫਤਖੋਰ, ਸਪੰਜ ਨਾਲ ਸਾਫ਼ ਕਰਨ ਵਾਲਾ

spongy ('ਸਪਅੰਜਿ) *a* ਸਪੰਜ ਵਰਗਾ, ਗੁਦਗੁਦਾ

sponsor ('ਸਪੌਂਸਅ*) *n* ਸਰਪਰਸਤ; ਜ਼ਾਮਨ ਪੇਸ਼ਕਾਰ, ਨਾਂ ਪੇਸ਼ ਕਰਨਾ; **~ship** ਸਰਪਰਸਤੀ, ਜ਼ਾਮਨੀ

spontaneity ('ਸਪੌਂਅ'ਨੇਇਅਟਿ) *n* ਸਵੈ-ਇੱਛਾ, ਆਪਮੁਹਾਰਤਾ, ਸੁਭਾਵਕਤਾ, ਕੁਦਰਤੀਪਣ

spontaneous (ਸਪੌਂ'ਟੇਇਨਯਅਸ) *a* ਕੁਦਰਤੀ, ਸੁਭਾਵਕ, ਸਵੈਚਾਲਕ, ਬਿਨਾ, ਇਰਾਦੇ, ਸਵੈ-ਪਰੇਰਤ

spoon (ਸਪੂਨ) *n v* ਚਮਚਾ, ਕੜਛੀ, ਡੋਈ; ਚਮਚੇ ਨਾਲ ਕੱਢਣਾ; **~feed** ਮੂੰਹ ਵਿੱਚ ਪਾਉਣਾ, ਚਮਚੇ ਨਾਲ ਖੁਆਉਣਾ; **~y** ਆਸ਼ਕ; ਭੌਂਦੂ, ਵਲੱਲਾ

sporadic (ਸਪਅ'ਰੈਡਿਕ) *a* ਕਦੇ ਕਦੇ, ਕਦੇ ਕਦਾਈਂ, ਇਕਾਦੁਕਾ; ਇਤਫ਼ਾਕੀਆ, ਖਿੱਲਰਿਆ, ਵੱਖਰਾ ਵੱਖਰਾ; **~al** ਕਿਤੇ ਕਿਤੇ ਮਿਲਣ ਵਾਲਾ

sport (ਸਪੋ:ਟ) *n v* ਖੇਡ, ਮਨੋਰੰਜਨ, ਹਾਸਾ-ਠੱਠਾ, ਦਿਲਲਗੀ; ਖੇਡਣਾ; ਦਿਲ-ਪਰਚਾਵਾ ਕਰਨਾ, ਹਾਸਾ-ਮਖੌਲ ਕਰਨਾ; **~ing** ਖਿਡਾਰੀ, ਖੇਡਾਂ ਦਾ ਸ਼ੁਕੀਨ; **~ive** ਖੇਡਣ ਦਾ ਸ਼ੁਕੀਨ, ਵਿਨੋਦੀ; **~sman** ਖਿਡਾਰੀ; **~smanship** ਖੇਡ, ਖਿਡਾਰੀ ਰੁਚੀ, ਨਿਆਂਕਾਰੀ ਸੁਭਾਅ

spot (ਸਪੌਟ) *n v* ਦਾਗ਼, ਡੱਬ, ਨਿਸ਼ਾਨ, ਧੱਬਾ, ਤਿਲ, ਟਿਮਕਣਾ; ਜਗ੍ਹਾ; ਮੌਕਾ, ਨਿਸ਼ਚਤ ਸਥਾਨ, ਸਥਿਤੀ; ਐਬ, ਕਲੰਕ, ਮੱਛੀ ਤੇ ਪਾਲਵੇਂ ਕਬੂਤਰਾਂ ਦੀ ਕਿਸਮ; (ਕਿਸੇ ਚੀਜ਼ ਦੀ) ਥੋੜੀ ਜਿਹੀ ਮਾਤਰਾ, ਭੋਰਾ ਕੁ; ਦਾਗ਼ ਲਾਉਣਾ, ਧੱਬਾ ਪਾਉਣਾ, ਲੱਭ ਲੈਣਾ, ਪਛਾਣ ਲੈਣਾ; **~less** ਨਿਰਮਲ, ਬੇਦਾਗ਼, ਕਲੰਕਰਹਿਤ; ਨਿਸ਼ਕਲੰਕ

spouse (ਸਪਾਉਜ਼) *n* ਪਤੀ ਜਾਂ ਪਤਨੀ

spout (ਸਪਾਉਟ) *n v* (ਭਾਂਡੇ ਦੀ) ਟੂਟੀ; ਬੁੱਲ੍ਹ, ਧਾਰ, ਤਤੀਰੀ; ਫੁਹਾਰਾ; ਤਤੀਰੀ ਛੁੱਟਣੀ, ਜ਼ੋਰ ਦੀ ਧਾਰ ਪੈਣੀ

sprain (ਸਪਰੇਇਨ) *v n* ਮਚਕੋੜਨਾ, ਮਰੋੜਾ ਚਾੜ੍ਹ ਦੇਣਾ, ਵਲ ਪੈ ਜਾਣਾ; ਸੋਚ

spray (ਸਪਰੇਇ) *n v* ਫੁਹਾਰ, ਛਿੜਕਾ; ਛਿੜਕਣਾ

spread (ਸਪਰੈੱਡ) *v n* ਖਿਲਾਰਨਾ; ਵਿਛਾਉਣਾ; ਖਿੱਲਰਨਾ, ਵਿਛਣਾ; ਤਾਣਨਾ ਪਸਾਰਨਾ, ਖਿਲਾਰ, ਵਿਸਤਾਰ, ਪਸਾਰਾ; ਪ੍ਰਸਾਰ

sprightly ('ਸਪਰਾਇਟਲਿ) *a* ਛੋਹਲਾ, ਚੁਸਤ, ਉਤਸ਼ਾਹੀ, ਸਜੀਵ; ਖੁਸ਼, ਖਿੜਿਆ

spring (ਸਪਰਿਙ) *v n* ਬੁੜ੍ਹਕਣਾ, ਟੱਪਣਾ, ਭੁੜਕਣਾ; ਸਰੋਤ, ਚਸ਼ਮਾ; ਲਚਕ; ਕਮਾਣੀ, ਸਪ੍ਰਿੰਗ; ਬਸੰਤ ਰੁੱਤ

sprinkle ('ਸਪਰਿਙਕਲ) *v n* ਛਿੜਕਣਾ, ਤਰੌਂਕਾ ਦੇਣਾ, ਤਰੌਂਕਣਾ; ਤਰੌਂਕਾ

spur (ਸਪਅ:*) *v* ਅੱਡੀ ਮਾਰਨੀ; ਜੋਸ਼ ਦਿਵਾਉਣਾ, ਉਤਸਾਹ ਵਧਾਉਣਾ

spurious ('ਸਪਯੁਅਰਿਅਸ) *a* ਖੋਟਾ, ਝੂਠਾ, ਬਣਾਉਟੀ, ਨਕਲੀ (ਸਿੱਕਾ ਆਦਿ)

spurt, spirt (ਸਪਅ:ਟ) *v n* ਬੜੀ ਤੇਜ਼ੀ ਨਾਲ ਵਧਣਾ, ਫਰਾਟਾ ਭਰ ਕੇ ਨਿਕਲ ਜਾਣਾ; ਫਰਾਟਾ, ਸਰਨਾਟਾ, ਉਬਾਲ

sputum ('ਸਪਯੂਟਅਮ) *n* ਥੁੱਕ, ਖੰਘਾਰ

spy (ਸਪਾਇ) *n v* ਜਾਸੂਸ, ਸੂਹੀਆ; ਜਾਸੂਸੀ ਕਰਨੀ, ਭੇਦ ਲੈਣਾ

squab (ਸਕਵੌਬ) *n a* ਗੋਲ-ਮਟੋਲ, ਗੀਂਢਾ, ਮਠੂੰਨ; ਮੋਟਾ ਤੇ ਮਧਰਾ

squabble ('ਸਕਵੌਬਲ) *n v* ਝਗੜਾ, ਲੜਾਈ; ਤੂ-ਤੂ ਮੈਂ-ਮੈਂ; **SlSs G[s Ej`s**

squad (ਸਕਵੌਡ) *n* ਜੱਥਾ, ਦਸਤਾ, ਫ਼ੌਜੀਆਂ ਦੀ ਨਿੱਕੀ ਟੋਲੀ

squall (ਸਕਵੋਲ) *v n* ਚੀਕਣਾ; ਚੀਕ-ਚਿਹਾੜਾ, ਚੀਕਣ ਦੀ ਅਵਾਜ਼; ਹਨੇਰੀ, ਝੱਖੜ; **~y** ਮੀਂਹ-ਹਨੇਰੀ ਵਾਲਾ (ਮੌਸਮ)

squander ('ਸਕੌਂਵੰਡਅ*) *v* ਉਡਾਉਣਾ, ਗੁਆਉਣਾ, ਫ਼ਜ਼ੂਲ-ਖ਼ਰਚੀ ਕਰਨੀ, ਅੰਨ੍ਹੇਵਾਹ ਖ਼ਰਚਣਾ; **~ing** ਫ਼ਜ਼ੂਲ-ਖ਼ਰਚੀ

square (ਸਕਵੇਅ*) *a adv n v* ਵਰਗਾਕਾਰ, ਬਰਾਬਰ ਲੰਮਾਈ-ਚੌੜਾਈ ਤੇ ਸਮਕੋਣਾਂ ਵਾਲਾ; ਟਿਕਾਣੇ ਸਿਰ, ਉਚਿਤ ਵਿਧੀ ਨਾਲ; ਵਰਗ, ਮੁਰੱਬਾ (ਸ਼ਕਲ), ਬਰਾਬਰ ਬਾਹੀਆਂ ਤੇ ਕੋਣਾਂ ਵਾਲੀ ਚੌਕੋਰ, ਚੌਕ; ਠੀਕ ਕਰਨਾ, ਸੰਵਾਰਨਾ, ਅਨੁਕੂਲ ਹੋਣਾ; **~root** ਵਰਗ ਮੂਲ

squash (ਸਕਵੌਸ਼) *v n* ਮਿੱਧਣਾ, ਫੇਹਣਾ, ਚਿੱਥਣਾ; ਦਰੜਨਾ; ਨਚੋੜਨਾ; ਮੂੰਹ ਤੋੜ ਜਵਾਬ ਦੇਣਾ; ਦੱਬੇ ਜਾਣਾ, ਫਸ ਜਾਣਾ; ਭੀੜ-ਭਾੜ, ਭੁਰਤਾ, ਸ਼ਰਬਤ

squeeze (ਸਕਵੀਜ਼) *v n* ਨਚੋੜਨਾ, ਫੇਹਣਾ, ਘੁਟਣਾ; ਮਲਣਾ, ਦਬਾਉਣਾ; ਜ਼ਬਰਦਸਤੀ ਵਸੂਲੀ ਕਰਨੀ; ਮਜਬੂਰ ਕਰਨਾ, ਦਬਾਅ ਪਾਉਣਾ; ਦਬਾਉ, ਨਚੋੜ

squint (ਸਕਵਿੰਟ) *n v* ਭੈਂਗਾ, ਟੀਰਾ; ਭੈਂਗਾਪਣ, ਤੱਕਣੀ, ਝਾਤ; ਟੀਰ ਕੱਢਣਾ, ਟੀਰਾ ਤੱਕਣਾ

squirrel ('ਸਕਵਿਰ(ਅ)ਲ) *n* ਗਾਲੜ੍ਹ, ਕਾਟੋ, ਗਲਹਿਰੀ

stability (ਸਟਅ'ਬਿਲਅਟਿ) *n* ਮਜ਼ਬੂਤੀ, ਸਥਿਰਤਾ, ਪਕਿਆਈ, ਸੰਤੁਲਨ

stabilization ('ਸਟੇਇਬਅਲਾਇ'ਜ਼ੇਇਸ਼ਨ) *n* ਸਥਿਤੀ-ਕਰਨ, ਸਥਾਈਕਰਨ, ਦ੍ਰਿੜ੍ਹੀਕਰਨ

stabilize ('ਸਟੇਇਬਅਲਾਇਜ਼) *v* ਮਜ਼ਬੂਤ ਕਰਨਾ, ਪੱਕਾ ਕਰਨਾ, ਸਥਿਰਤਾ ਦੇਣੀ

stable ('ਸਟੇਇਬਲ) *a n* ਪੱਕਾ, ਮਜ਼ਬੂਤ; ਟਿਕਾਊ; ਤਬੇਲਾ, ਅਸਤਬਲ

stadium ('ਸਟੇਇਡਯਅਮ) *n* ਦੌੜ ਦਾ ਮੈਦਾਨ, ਖੇਡ ਦਾ ਮੈਦਾਨ

staff (ਸਟਾਫ਼) *n v* ਸਰਕਾਰੀ ਅਧਿਕਾਰੀ ਜਾਂ ਕਰਮਚਾਰੀ; ਸੋਟਾ, ਡੰਡਾ, ਸੋਟੀ; ਸਹਾਰਾ; ਕਰਮਚਾਰੀ ਰਖਣਾ

stag (ਸਟੈਗ) *n* ਬਾਰਾਂ-ਸਿੰਗਾ

stage (ਸਟੇਇਜ) *n v* ਥੜ੍ਹਾ, ਚਬੂਤਰਾ, ਡਾਇਸ; ਰੰਗ-ਮੰਚ; ਨਾਟ-ਕਲਾ; ਅਖਾੜਾ

stagger ('ਸਟੈਗਅ*) *v n* ਡਗਮਗਾਉਣਾ; ਲੜਖੜਾਉਣਾ; ਹਿਚਕਾਉਣਾ, ਸ਼ਸ਼ੋਪੰਜ ਵਿਚ ਪੈਣਾ; ਚਕਰਾਉਣਾ; ਡਗਮਗਾਹਟ, ਲੜਖੜਾਹਟ

stagnant ('ਸਟੈਗਨਅੰਟ) *a* ਗਤੀਹੀਣ; ਰੁਕਿਆ, ਖਲੋਤਾ, ਸਥਿਰ, ਪਰਵਾਹਹੀਣ

stagnate ('ਸਟੈਗਨੇਇਟ) *v* (ਪਾਣੀ ਆਦਿ ਦਾ) ਖੜ੍ਹਾ ਰਹਿਣਾ, ਗਤੀਹੀਣ ਹੋਣਾ, ਖਲੋਤਾ ਰਹਿਣਾ

stagnation (ਸਟੈਗ'ਨੇਇਸ਼ਨ) *n* ਗਤੀਹੀਣਤਾ, ਸਥਿਰਤਾ; ਪਰਵਾਹਹੀਣਤਾ; ਖੜੋਤ, ਨਿਸਚਲਤਾ

stain (ਸਟੇਇਨ) *v n* ਧੱਬਾ ਲਾਉਣਾ, ਡੱਬ ਪਾ ਦੇਣੇ, ਮੈਲਾ ਹੋਣਾ; ਕਲੰਕ ਲਾਉਣਾ; ਵੱਟਾ, ਕਲੰਕ; ~less ਬੇਦਾਗ਼, ਬੇਐਬ, ਨਿਰਮਲ;

stair (ਸਟੇਅ*) *n* ਪੌੜੀ, ਸੀੜ੍ਹੀ; ~case ਪੌੜੀਆਂ, ਜ਼ੀਨਾ

stake (ਸਟੇਇਕ) *n v* ਕਿੱਲ, ਮੇਖ, ਖੂੰਟਾ, ਚੋਭ, ਖੰਭਾ; ਸਹਾਰਾ ਦੇਣਾ; ਦਾਅ ਤੇ ਲਾਉਣਾ

stale (ਸਟੇਇਲ) *a n v* ਘਿਸਿਆ ਪਿਟਿਆ, ਬਾਸੀ, ਨੀਰਸ; ਪਸ਼ੂਆਂ ਦਾ ਪਿਸ਼ਾਬ; ਮੂਤਣਾ (ਪਸ਼ੂਆਂ ਦਾ)

stalemate ('ਸਟੇਇਲਮੇਇਟ) *n v* ਗਤੀਰੋਧ, ਅਟਕਾਉ; ਅਟਕਾਉ ਪੈਦਾ ਕਰਨਾ, ਜਮੂਦ ਪੈਦਾ ਕਰਨਾ

stall (ਸਟੋਲ) *n v* ਸਾਮਾਨ ਵੇਚਣ ਦੀ ਦੁਕਾਨ, ਖੋਖਾ, ਹੱਟ; ਠੱਪ ਹੋ ਜਾਣਾ; ਰੁਕਾਵਟ ਪਾਉਣਾ, ਦੇਰ ਕਰਨਾ, ਰੋੜਾ ਅਟਕਾਉਣਾ

stamina (ਸਟੈਮਿਨਅ) *n* ਬਲ, ਤੇਜ, ਸਰੀਰਕ, ਸ਼ਕਤੀ, ਦਮ

stammer ('ਸਟੈਮਅ*) *v n* ਥਥਲਾਉਣਾ, ਤੋਤਲਾ ਹੋਣਾ; ਹਕਲਾਉਣਾ; ਥਥਲਾਹਟ, ਤੁਤਲਾਹਟ, ਹਕਲਾਹਟ

stamp (ਸਟੈਂਪ) *v n* ਮੁਹਰ ਲਗਾਉਣਾ, ਠੱਪਾ ਲਗਾਉਣਾ, ਛਾਪਣਾ; ਸਿੱਕਾ ਬਣਾਉਣਾ; ਠੋਕਣਾ, ਠੱਪਾ, ਛਾਪਾ; ਸਰਕਾਰੀ ਮੁਹਰ ਦਾ ਠੱਪਾ; ਟਿਕਟ, ਰਸੀਦੀ ਟਿਕਟ; ਅਸ਼ਟਾਮ

stampede (ਸਟੈਂ'ਪੀਡ) *n* ਭਾਜੜ, ਖਲਬਲੀ, ਹਫੜਾ-ਦਫੜੀ

stand (ਸਟੈਂਡ) *v n* ਖੜ੍ਹਾ ਹੋਣਾ, ਖਲੋਣਾ; ਰੱਖ ਦੇਣਾ; ਕਾਇਮ ਹੋਣਾ; ਸਹਾਰਨਾ; (ਖ਼ਰਚ) ਬਰਦਾਸ਼ਤ ਕਰਨਾ, ਆਪਣੇ ਸਿਰ ਲੈਣਾ, ਭਰ

ਦੇਣਾ; ਘੜਵੰਜੀ, ਥੜ੍ਹਾ; ਅੱਡਾ; ਚਬੂਤਰਾ; ~ by ਸਾਥ ਦੇਣਾ ਜਾਂ ਨਿਭਾਉਣਾ; ਕਾਇਮ ਰਹਿਣਾ, ਨੇੜੇ ਰਹਿਣਾ; ~point ਵਿਚਾਰ, ਨਜ਼ਰੀਆ, ਦ੍ਰਿਸ਼ਟੀਕੋਣ; ~still ਸਥਿਰ, ਅਹਿਲ, ਠਹਿਰਾਉ

standard (’ਸਟੈਂਡਅ:ਡ) *n* ਪੱਧਰ, ਸਤਰ, ਦਰਜਾ, ਕੋਟੀ, ਮਿਆਰ; ਆਦਰਸ਼; ~ization ਪ੍ਰਮਾਣੀਕਰਨ, ਮਿਆਰੀਕਰਨ; ~ize ਮਿਆਰ ਕਾਇਮ ਕਰਨਾ, ਟਕਸਾਲਣਾ

standing (’ਸਟੈਂਡਿਙ) *a n* ਸਥਾਈ, ਪੱਕੀ; ਖੜ੍ਹੀ (ਫ਼ਸਲ); ਕੋਟੀ, ਸਤਰ; ~orders ਸਥਾਈ ਆਦੇਸ਼

stanza (’ਸਟੈਂਜ਼ਅ) *n* ਬੰਦ, ਸ਼ਲੋਕ, ਛੰਦ

staple (’ਸਟੇਇਪਲ) *n v* (ਕਾਗ਼ਜ਼ ਨੱਥੀ ਕਰਨ ਵਾਲਾ) ਕੁੰਡੀ, ਛੱਲਾ, ਸਟੇਪਲ; ਕੱਚਾ ਮਾਲ; ਮੁੱਖ ਸਮਗਰੀ; ਤਾਰ ਨਾਲ ਨੱਥੀ ਕਰਨਾ; ਵਰਗੀਕਰਨ ਕਰਨਾ, ਅਲੱਗ ਅਲੱਗ ਛਾਂਟਣਾ

star (ਸਟਾ*) *n* ਤਾਰਾ; ਸਿਤਾਰਾ; (ਨਾਟਕ ਜਾਂ ਫ਼ਿਲਮ ਦਾ) ਵਧੀਆ ਐਕਟਰ; ਉੱਘਾ ਆਦਮੀ; ਤਾਰਿਆਂ ਨਾਲ ਸਜਾਉਣਾ, ਤਾਰੇ ਜੜਨਾ

starch (ਸਟਾਚ) *n v* ਨਸ਼ਾਸਤਾ, ਕਲਫ਼, ਸਟਾਰਚ; ਮਾਇਆ, ਪਾਣ, ਪਾਹ; ਆਕੜ; ਕਲਫ਼ ਲਗਾਣਾ

stare (ਸਟੇਅ*) *v n* ਅੱਖਾਂ ਫਾੜ ਫਾੜ ਕੇ ਤੱਕਣਾ, ਘੂਰਨਾ, ਝਾਕਣਾ; ਤਾੜ, ਸਥਿਰ ਦ੍ਰਿਸ਼ਟੀ, ਟਿਕਟਿਕੀ

stark (ਸਟਾਕ) *a adv* ਸਖ਼ਤ ਆਕੜਿਆ; ਅਟੱਲ, ਕਠੋਰ; ਘੋਰ; ਨਿਰਾ

start (ਸਟਾਟ) *n v* ਪ੍ਰਸਥਾਨ, ਆਰੰਭ; ਸ੍ਰੀ ਗਣੇਸ਼, ਸ਼ੁਰੂਆਤ; ਕੂਚ ਕਰਨਾ, ਚੱਲਣਾ, ਨਿਕਲਣਾ

startle (’ਸਟਾ’ਟਲ) *v n* ਡਰਾ ਦੇਣਾ, ਘਬਰਾ ਦੇਣਾ; ਚੌਂਕ

stravation (ਸਟਾ’ਵੇਇਸ਼ਨ) *n* ਭੁਖਮਰੀ, ਕੰਗਾਲੀ, ਭੋਖੜਾ, ਫ਼ਾਕਾ, ਨਾਗਾ

starve (ਸਟਾਵ੍) *v* ਭੁੱਖਿਆਂ ਮਾਰਨਾ ਜਾਂ ਫ਼ਾਕੇ ਕੱਟਣੇ; ਅਤੀ ਗ਼ਰੀਬ ਜਾਂ ਮੁਹਤਾਜ ਹੋਣਾ; (ਬੋਲ) ਭੁੱਖ ਲੱਗਣੀ

